# ਕੈਨੇਡਾ ਦਰਪਣ

ਫਰਵਰੀ 3, 1984

**February 3, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

East Indian Community Newspaper
ਹਫ਼ਤੇਵਾਰ
Second Class Mail - Reg. No. 5991
ਕੀਮਤ 30¢
Out of Greater Vancouver
Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1
VOL. 3 No. 4 Weekending Feb. 3, 1984
Editor's Res. PHONE. (604)321-6360
The Canada Darpan
Punjabi Weekly Newspaper

# ਪੰਜਾਬ ਵਿਚ ਸਰਕਾਰੀ ਦਫ਼ਤਰਾਂ, ਬੱਸਾਂ ਤੇ ਰੇਲਾਂ ਦਾ ਘੇਰਾਓ ਹੋਵੇਗਾ

ਅੰਮ੍ਰਿਤਸਰ—(ਫੋਨ ਰਾਹੀਂ), ਸਾਡੇ ਪੱਤਰ ਪਰੇਰਕ ਦੀ ਸੂਚਨਾ ਅਨੁਸਾਰ ਅੱਜ 27 ਜਨਵਰੀ ਨੂੰ ਸ਼ਰੋਮਣੀ ਅਕਾਲੀ ਦਲ ਵਲੋਂ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਮੰਜੀ ਸਾਹਿਬ ਤੋਂ ਐਲਾਨ ਕਰਨਗੇ ਜਿਸ ਨਾਲ ਅੱਜ ਫੌਰੀ ਐਕਸ਼ਨ ਸ਼ੁਰੂ ਹੋ ਜਾਵੇਗਾ। ਕੱਲ ਸ਼ਾਮ ਤੱਕ ਸ਼ਰੋਮਣੀ ਅਕਾਲੀ ਦਲ ਨੇ ਐਲਾਨ ਕਰਨ ਤੋਂ ਗੁਰੇਜ਼ ਕੀਤਾ ਹੈ। ਪਰ ਸਾਡੇ ਪੱਤਰ ਪਰੇਰਕ ਦਾ ਕਹਿਣਾ ਹੈ ਕਿ ਇਸ ਫੌਰੀ ਐਕਸ਼ਨ ਵਿਚ ਸਰਕਾਰੀ ਦਫਤਰਾਂ ਦਾ ਘੇਰਾਓ ਹੋਵੇਗਾ, ਪੰਜਾਬ ਵਿਚ ਬੱਸਾਂ ਬੰਦ ਕਰ ਦਿੱਤੀਆਂ ਜਾਣਗੀਆਂ, ਰੇਲਾਂ ਜਾਮ ਕਰਨ ਦਾ ਪਰੋਗਰਾਮ ਹੋਵੇਗਾ। ਇਹ ਸਾਰੇ ਐਕਸ਼ਨ ਪੰਜਾਬ ਵਿਚ ਇਕਦਮ ਕੀਤੇ ਜਾਣਗੇ।

ਇਸਤੋਂ ਪਹਿਲਾਂ ਸੰਤ ਲੌਂਗੋਵਾਲ ਨੇ ਕਿਹਾ ਸੀ ਕਿ ਜੇ ਕੇਂਦਰੀ ਸਰਕਾਰ ਨੇ ਸਾਨੂੰ ਮਜਬੂਰ ਕੀਤਾ ਤਾਂ ਨਾ-ਮਿਲਵਰਤਣ ਦੀ ਲਹਿਰ ਚਲਾ ਕੇ ਸਾਰੇ ਪੰਜਾਬ ਦਾ ਕੰਮ ਮੁਕੰਮਲ ਤੌਰ ਤੇ ਬੰਦ ਕਰ ਦਿੱਤਾ ਜਾਵੇਗਾ। ਇਸੇ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਸ਼੍ਰੀ ਰਘੂਨੰਦਨ ਭਾਟੀਆ ਨੇ "ਮੁਤਬਾਜ਼ੀ ਸਰਕਾਰ" ਦੇ ਸੰਤ ਲੌਂਗੋਵਾਲ ਦੇ ਬਿਆਨ ਨੂੰ ਮੰਦਭਾਗਾ ਕਿਹਾ।

ਇਸ ਅਮਲ ਤੋਂ ਪਹਿਲਾਂ ਹੀ ਸ਼੍ਰੀ ਪੀ. ਐਸ. ਭਿੰਡਰ ਨੇ ਜਲੰਧਰ ਵਿਚ ਜ਼ਿਲਾ ਅਧਿਕਾਰੀਆਂ ਜਿਨਾਂ ਵਿਚ ਜਲੰਧਰ ਦੇ ਐਸ. ਐਸ. ਪੀ. ਸ਼੍ਰੀ ਭੁੱਲਰ ਵੀ ਸ਼ਾਮਲ ਸਨ, ਨਾਲ ਮਿਲਣ ਪਿਛੋਂ ਪੱਤਰਕਾਰਾਂ ਨੂੰ ਦੱਸਿਆ ਕਿ ਸ਼ਰੋਮਣੀ ਅਕਾਲੀ ਦਲ ਵਲੋਂ ਰੇਲਾਂ, ਬੱਸਾਂ ਅਤੇ ਸਰਕਾਰੀ ਦਫਤਰਾਂ ਦੇ ਘੇਰਾਓ ਸਮੇਂ ਜੇ ਅਕਾਲੀਆਂ ਵਲੋਂ ਹਿਸਾਤਮਕ ਘਟਨਾਵਾਂ ਕੀਤੀਆਂ ਗਈਆਂ ਤਾਂ ਸਰਕਾਰ ਸਖ਼ਤੀ ਨਾਲ ਪੇਸ਼ ਆਵੇਗੀ। ਉਨਾਂ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਕਾਇਮ ਰੱਖਣਾ ਸਾਡਾ ਫਰਜ਼ ਹੈ ਅਤੇ ਅਸੀਂ ਇਸ ਫਰਜ਼ ਤੋਂ ਕੁਤਾਹੀ ਨਹੀਂ ਕਰਾਂਗੇ।

## ਅਕਾਲੀ ਵਰਕਰਾਂ ਦੀ ਗ੍ਰਿਫਤਾਰੀ

24 ਜਨਵਰੀ ਤੋਂ ਹੀ ਪੰਜਾਬ ਵਿਚ ਅਕਾਲੀ ਵਰਕਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਹਨ। ਜ਼ਿਲਾ ਹੈਡਕੁਆਟਰਾਂ ਵਿਚ ਸਰਗਰਮ ਅਕਾਲੀ ਵਰਕਰਾਂ ਦੀਆਂ ਲਿਸਟਾਂ ਪੁਲਸ ਨੇ ਪਹਿਲਾਂ ਹੀ ਤਿਆਰ ਕਰ ਲਈਆਂ ਸਨ। ਸਾਡੇ ਪੱਤਰਪਰੇਰਕ ਅਨੁਸਾਰ ਮੁਕਤਸਰ ਦੇ 15 ਸਰਗਰਮ ਅਕਾਲੀ ਵਰਕਰਾਂ ਨੂੰ ਪਾਲੀਆਂ ਪਿੰਡ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ ਪੰਜਾਬ ਯੂਨੀਵਰਸਿਟੀ ਦੇ ਚੰਡੀਗੜ੍ਹ ਦੇ ਇਕ ਹੋਸਟਲ ਵਿਚੋਂ ਬਲਵਿੰਦਰ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਫੜਿਆ ਗਿਆ ਹੈ। ਜਿਸ ਦੇ ਕਬਜ਼ੇ ਵਿਚੋਂ ਬਾਰਾਂ ਬੋਰ ਦਾ ਪਿਸਤੌਲ ਵੀ ਬਰਾਮਦ ਹੋਇਆ ਹੈ।

## ਅੰਮ੍ਰਿਤਸਰ ਵਿਚ ਸੁਨਿਆਰਾ ਲੁੱਟ ਲਿਆ

ਕੱਲ੍ਹ ਸਵੇਰੇ ਅੰਮ੍ਰਿਤਸਰ ਦੇ ਕੇਸਰੀਆਂ ਬਜ਼ਾਰ ਵਿਚ ਦੋ 'ਅਤਿਵਾਦੀਆਂ' ਨੇ ਇਕ ਸੁਨਿਆਰੇ ਗੁਰਚਰਨ ਸਿੰਘ ਦੀ ਦੁਕਾਨ ਤੇ ਡਾਕਾ ਮਾਰ ਕੇ 950 ਗਰਾਮ ਸੋਨਾ ਲੁੱਟ ਲਿਆ। ਜਿਸਦੀ ਕੀਮਤ 185000 ਰੁਪਏ ਬਣਦੀ ਹੈ। ਸਵੇਰੇ ਸੱਤ ਵਜੇ ਗੁਰਚਰਨ ਸਿੰਘ ਆਪਣੀ ਦੁਕਾਨ ਤੇ ਆਪਣੇ ਛੋਟੇ ਭਰਾ ਅਮਿਤ ਨੂੰ ਦੁਕਾਨ ਤੇ ਬਿਠਾ ਕੇ ਬਾਹਰ ਕਿਸੇ ਕੰਮ ਗਿਆ ਤਾਂ ਕਥਿਤ ਅਤਿਵਾਦੀਆਂ ਨੇ ਦੁਕਾਨ ਤੇ ਪਏ ਸਾਰੇ ਗਹਿਣੇ ਲੁੱਟ ਲਏ।

ਸੁਨਿਆਰਾ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਸਿੰਘ ਨੇ ਕਿਹਾ ਕਿ ਲੋਕ ਲੁੱਟੇ ਜਾ ਰਹੇ ਹਨ ਤੇ ਸਰਕਾਰ ਤਮਾਸ਼ਾ ਦੇਖ ਰਹੀ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਅੰਮ੍ਰਿਤਸਰ ਦੇ ਸਾਰੇ ਸੁਨਿਆਰੇ ਦੁਕਾਨਾਂ ਬੰਦ ਕਰ ਦੇਣਗੇ। ਜੇ ਉਨ੍ਹਾਂ ਦੀ ਹਿਫਾਜ਼ਤ ਦਾ ਪ੍ਰਬੰਧ ਨਾ ਕੀਤਾ ਗਿਆ। ਕੁਝ ਦਿਨ ਪਹਿਲਾਂ ਅੰਮ੍ਰਿਤਸਰ ਦੇ ਦੋ ਸੌ ਸੁਨਿਆਰਿਆਂ ਨੇ ਦੋ ਸੌ ਬੰਦੂਕਾਂ ਦੇ ਲਾਈਸੈਂਸਾਂ ਲਈ ਅਰਜ਼ੀਆਂ ਦਿਤੀਆਂ ਸਨ ਜੋ ਅਧਿਕਾਰੀਆਂ ਵਲੋਂ ਨਾ ਮਨਜ਼ੂਰ ਕਰ ਦਿਤੀਆਂ ਗਈਆਂ।

## ਅੰਮ੍ਰਿਤਸਰ ਦੀ ਨਿਊ ਬੈਂਕ ਵਿਚ ਡਾਕਾ

ਅੰਮ੍ਰਿਤਸਰ—ਕੱਲ੍ਹ ਖਾਲਸਾ ਕਾਲਜ ਦੇ ਨੇੜੇ ਨਿਊ ਬੈਂਕ ਆਫ ਇੰਡੀਆ ਵਿਚ ਡਾਕਾ ਪਿਆ। ਜਿਸ ਵਿਚ ਲੁਟੇਰੇ ਇਕ ਲੱਖ ਅੱਸੀ ਹਜ਼ਾਰ ਦੀ ਪੂੰਜੀ ਲੈ ਕੇ ਫਰਾਰ ਹੋ ਗਏ। ਸਾਡੇ ਪੱਤਰ ਪਰੇਰਕ ਅਨੁਸਾਰ ਨਿਊ ਬੈਂਕ ਆਫ ਇੰਡੀਆ ਦੇ ਮੈਨੇਜਰ ਸ਼੍ਰੀ ਪ੍ਰਭਾਕਰ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ। ਅੰਮ੍ਰਿਤਸਰ ਜ਼ਿਲੇ ਵਿਚ ਬੈਂਕ ਡਕੈਤੀਆਂ ਦੀ ਇਹ ਤੇਰ੍ਹਵੀਂ ਘਟਨਾ ਹੈ।

## ਜਲੰਧਰ ਵਿਚ ਸਿਨਮੇ ਦਾ ਚੌਕੀਦਾਰ ਕਤਲ

ਜਲੰਧਰ ਦੇ ਇਕ ਸਿਨਮੇ ਵਿਚ ਇਕ ਚੌਕੀਦਾਰ ਦਾ ਕਤਲ ਕਰ ਦਿਤਾ ਗਿਆ। ਇਸ ਤੋਂ ਪਹਿਲਾਂ ਚਿੱਤਰਾ ਸਿਨਮੇ ਵਿਚ ਵੀ ਗੋਲੀ ਚੱਲੀ ਸੀ ਜਲੰਧਰ ਦੇ ਸਾਰੇ ਸਿਨਮਿਆਂ ਵਿਚ ਕੱਲ੍ਹ ਤੋਂ ਦਰਸ਼ਕਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਤਾਂ ਕਿ ਅਣਸੁਖਾਵੀਆਂ ਘਟਨਾਵਾਂ ਰੋਕੀਆਂ ਜਾ ਸਕਣ।

## ਪਠਾਨਕੋਟ ਵਿਚ ਟਰੱਕ ਡਰਾਈਵਰ ਲੁੱਟ ਲਿਆ

ਪਠਾਨਕੋਟ ਲਾਗੇ ਢਾਂਗਾ ਰੋਡ ਤੇ ਲੁਟੇਰਿਆਂ ਨੇ ਇਕ ਟਰੱਕ ਰੋਕ ਕੇ ਉਸਦੇ ਟਰੱਕ ਡਰਾਈਵਰ ਕੋਲੋਂ ਸੱਤ ਹਜ਼ਾਰ ਰੁਪਏ ਲੁੱਟ ਲਏ।

## ਕਾਲਕਾ ਮੇਲ ਆਉਣ ਸਮੇਂ ਫਿਸ਼ ਪਲੇਟਾਂ ਕੱਢ ਦਿੱਤੀਆਂ

ਕੱਲ੍ਹ ਬਠਿੰਡੇ ਕੋਲ ਕਾਲਕਾ ਮੇਲ ਦੇ ਆਉਣ ਸਮੇਂ ਸੰਘੇੜੀਆਂ ਪਿੰਡ ਕੋਲ ਪਟੜੀ ਦੀਆਂ ਫਿਸ਼ ਪਲੇਟਾਂ ਕੱਢੀਆਂ ਗਈਆਂ। ਸਾਹਮਣੇ ਫਿਰਦੇ ਬੰਦੇ ਦੇਖ ਕੇ ਡਰਾਈਵਰ ਨੇ ਫੁਰਤੀ ਨਾਲ ਗੱਡੀ ਰੋਕ ਲਈ। ਗੱਡੀ ਰੁਕਣ ਤੱਕ ਫਿਸ਼ ਪਲੇਟਾਂ ਕੱਢਣ ਵਾਲੇ ਬੰਦੇ ਗਾਇਬ ਸਨ।

## ਲੁਧਿਆਣੇ ਵਿਚ ਵਿਰੋਧੀ ਪਾਰਟੀਆਂ ਵਲੋਂ ਮੰਗਾਂ ਦਾ ਸਮਰਥਨ

ਲੁਧਿਆਣਾ—24 ਜਨਵਰੀ ਨੂੰ ਲੁਧਿਆਣਾ ਵਿਚ ਸੀ. ਪੀ. ਆਈ., ਸੀ. ਪੀ. ਐਮ., ਕਾਂਗਰਸ ਐਸ. ਤੇ ਜਨਤਾ ਪਾਰਟੀ ਵਲੋਂ ਕੀਤੀ ਗਈ ਕਾਨਫਰੰਸ ਵਿਚ ਮੰਗ ਕੀਤੀ ਗਈ ਕਿ ਇੰਦਰਾ ਕਾਂਗਰਸ ਪੰਜਾਬ ਦੇ ਮਸਲੇ ਨੂੰ ਉਲਝਣ ਤੋਂ ਬਚਾਵੇ। ਸ਼੍ਰੀ ਹਰਕਿਸ਼ਨ ਸਿੰਘ ਸੁਰਜੀਤ ਨੇ ਕਿਹਾ "ਸ਼੍ਰੀਮਤੀ ਗਾਂਧੀ ਦੀ ਕਹਿਣੀ ਅਤੇ ਕਰਨੀ ਵਿਚ ਫਰਕ ਹੋਣ ਕਾਰਨ ਹੀ ਪੰਜਾਬ ਦਾ ਮਸਲਾ ਹੱਲ ਨਹੀਂ ਹੋ ਰਿਹਾ। ਸੀ. ਪੀ. ਆਈ. ਦੇ ਸ਼੍ਰੀ ਰਾਜੇਸ਼ਵਰ ਰਾਓ ਨੇ ਕਿਹਾ ਕਿ ਵਿਦੇਸ਼ੀ ਹਮਲੇ ਨਾਲੋਂ ਅੱਜ ਭਾਰਤ ਦੀ ਅੰਦਰੂਨੀ ਹਾਲਤ ਤੋਂ ਖਤਰਾ ਵੱਧ ਹੈ। ਸ਼੍ਰੀਮਤੀ ਅੰਬੀਕਾ ਸੋਨੀ ਨੇ ਪੰਜਾਬ ਦੇ ਮਸਲੇ ਨੂੰ ਨਾ ਸੁਲਝਾਉਣ ਲਈ ਇੰਦਰਾ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ ਜਦ ਕਿ ਜਨਤਾ ਪਾਰਟੀ ਦੇ ਕ੍ਰਿਪਾਲ ਸਿੰਘ ਨੇ ਕਿਹਾ ਕਿ ਅਕਾਲੀ ਅਤਿਵਾਦੀਆਂ ਨੂੰ ਗੁਰਦੁਆਰਿਆਂ ਵਿਚ ਪਨਾਹ ਦੇ ਕੇ ਗੁਨਾਹ ਦੇ ਭਾਗੀ ਬਣ ਰਹੇ ਹਨ। ਇਸ ਮੀਟਿੰਗ ਨੂੰ ਅਵਤਾਰ ਸਿੰਘ ਮਲਹੋਤਰਾ ਨੇ ਵੀ ਸੰਬੋਧਨ ਕੀਤਾ। ਉਪਰੋਕਤ ਚਾਰ ਪਾਰਟੀਆਂ ਨੇ ਮੰਗ ਕੀਤੀ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ ਅਤੇ ਹਰਿਆਣੇ ਨੂੰ ਨਵੀਂ ਰਾਜਧਾਨੀ ਲਈ ਮੁਆਵਜ਼ਾ ਦਿਤਾ ਜਾਵੇ। ਪਾਣੀਆਂ ਦੇ ਮਸਲੇ ਅਤੇ ਇਲਾਕਿਆਂ ਦੇ ਮਸਲੇ ਨੂੰ ਟ੍ਰਿਬੀਊਨਲ ਦੇ ਹਵਾਲੇ ਕੀਤਾ ਜਾਵੇ। ਸਾਰੇ ਵਕਤਿਆਂ ਦੀ ਇਹ ਰਾਏ ਸੀ ਕਿ ਪੰਜਾਬ ਦੇ ਮਸਲੇ ਨੂੰ ਜਾਣ ਬੁਝ ਕੇ ਪੇਚੀਦਾ ਕੀਤਾਂ ਜਾ ਰਿਹਾ ਹੈ।

## ਲੌਂਗੋਵਾਲ ਤੇ ਭਿੰਡਰਾਂ-ਵਾਲਾ ਵਿਚ ਤਕਰਾਰ ਵਧੇ

ਸਾਡੇ ਪੱਤਰ ਪਰੇਰਕ ਅਨੁਸਾਰ 22 ਜਨਵਰੀ ਨੂੰ ਸ਼ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੀ ਮੀਟਿੰਗ ਸਮੇਂ ਭਿੰਡਰਾਂਵਾਲਾ ਦੇ ਚੇਲਿਆਂ ਵਲੋਂ ਸੰਤ ਲੌਂਗੋਵਾਲ ਦੇ ਖਿਲਾਫ ਇਕ ਇਸ਼ਤਿਹਾਰ ਕੱਢਿਆ ਗਿਆ ਜਿਸ ਵਿਚ ਸੰਤ ਲੌਂਗੋਵਾਲ ਅਤੇ ਪੰਜਾਬ ਅਸੈਂਬਲੀ ਵਿਚ ਵਿਰੋਧੀ ਨੇਤਾ ਸ: ਪ੍ਰਕਾਸ਼ ਸਿੰਘ ਬਾਦਲ ਵਿਰੁਧ ਇਲਜ਼ਾਮ ਬਾਜ਼ੀ ਕੀਤੀ ਗਈ। ਉਸ ਇਸ਼ਤਿਹਾਰ ਵਿਚ ਮੁਖ ਦੋਸ਼ ਇਹ ਲਾਏ ਗਏ ਹਨ :

1. ਸੰਤ ਲੌਂਗੋਵਾਲ ਅਤੇ ਪ੍ਰਕਾਸ਼ ਸਿੰਘ ਬਾਦਲ ਕੇਂਦਰੀ ਸਰਕਾਰ ਨਾਲ ਖੁਫੀਆ ਤੌਰ ਉਤੇ ਮੰਗਾਂ ਬਾਰੇ ਗੱਲਬਾਤ ਜਾਰੀ ਰੱਖ ਰਹੇ ਹਨ।
2. ਸ਼੍ਰੀ ਬਾਦਲ ਨਿਊਯਾਰਕ ਵਿਚ ਸ਼੍ਰੀ ਮਤੀ ਇੰਦਰਾ ਗਾਂਧੀ ਨੂੰ ਮਿਲੇ ਅਤੇ ਮਾਸਕੋ ਵਿਚ ਸ਼੍ਰੀ ਰਾਜੀਵ ਗਾਂਧੀ ਨੂੰ। ਇਸ ਲਈ ਸ਼੍ਰੀ ਬਾਦਲ ਕੇਂਦਰੀ ਸਰਕਾਰ ਦੇ ਪਿੱਠੂ ਹਨ।
3. 31 ਜਨਵਰੀ ਨੂੰ ਸ਼੍ਰੀ ਬਾਦਲ ਵਲੋਂ ਰਸਤਾ ਰੋਕੋ ਮੁਹਿਮ ਜੋ ਪੰਜਾਬ ਦੇ ਕਿਸਾਨਾਂ ਦੇ ਹੱਕਾਂ ਲਈ ਲਾਈ ਜਾ ਰਹੀ ਹੈ ਉਸ ਬਾਰੇ ਬਾਕੀ ਅਕਾਲੀ ਲੀਡਰਾਂ ਦੀ ਸਲਾਹ ਕਿਉਂ ਨਹੀਂ ਲਈ ਗਈ।
4. ਸੰਤ ਲੌਂਗੋਵਾਲ ਹੋਰਾਂ ਉਤੇ ਦੋਸ਼ ਲਾਇਆ ਗਿਆ ਹੈ ਕਿ ਸੰਤ ਲੌਂਗੋਵਾਲ ਭਿੰਡਰਾਂਵਾਲੇ ਨੂੰ ਅਕਾਲ ਤਖਤ ਤੋਂ ਬਾਹਰ ਕੱਢਣਾ ਚਾਹੁੰਦੇ ਹਨ ਏਸੇ ਲਈ ਸੰਤ ਲੌਂਗੋਵਾਲ ਨੇ ਸੁਰਜੀਤ ਸਿੰਘ ਸੇਖੀ ਅਤੇ ਨਿਰਲੇਪ ਕੌਰ ਤੋਂ ਅਜੇਹੇ ਬਿਆਨ ਦਿਵਾਏ ਕਿ ਸੰਤ ਭਿੰਡਰਾਂਵਾਲਾ ਜੇ ਅਸਲੀ ਲੀਡਰ ਹਨ ਤਾਂ ਉਹ ਲੋਕਾਂ ਵਿਚ ਕਿਉਂ ਨਹੀਂ ਜਾਂਦੇ, ਅਕਾਲ ਤਖਤ ਅੰਦਰ ਕਿਉਂ ਲੁਕੇ ਬੈਠੇ ਹਨ

ਇਸ ਇਸ਼ਤਿਹਾਰ ਉਤੇ ਕਿਸੇ ਸੰਸਥਾ ਜਾਂ ਵਿਅਕਤੀ ਦਾ ਨਾਂ ਨਹੀਂ ਹੈ ਪਰ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਇਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਧੜੇ ਵੱਲੋਂ ਕਢਵਾਇਆ ਗਿਆ ਹੈ। ਜਾਣਕਾਰ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਸੰਤ ਲੌਂਗੋਵਾਲ ਸੰਤ ਭਿੰਡਰਾਂਵਾਲਾ ਨੂੰ ਮੋਰਚੇ ਦੇ ਇਨਕਲਾਬੀ ਪਰੋਗਰਾਮ ਵਿਚ ਭਰੋਸੇ ਵਿਚ ਨਹੀਂ ਲੈ ਰਹੇ ਕਿਉਂਕਿ ਸੰਤ ਲੌਂਗੋਵਾਲ ਨਹੀਂ ਚਾਹੁੰਦੇ ਕਿ ਪੰਜਾਬ ਵਿਚ ਖੂਨ ਖਰਾਬਾ ਹੋਵੇ। ਸਾਡੇ ਪੱਤਰ ਪਰੇਰਕ ਦਾ ਇਹ ਵੀ ਕਹਿਣਾ ਹੈ ਕਿ 27 ਜਨਵਰੀ ਨੂੰ ਫੌਰੀ ਐਕਸ਼ਨ ਸਮੇਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਲੀਡਰਾਂ ਦੀ ਇਹ ਕੋਸ਼ਿਸ਼ ਹੋਵੇਗੀ ਕਿ ਵੱਧ ਤੋਂ ਵੱਧ ਹਿਸਾਤਮਕ ਕਾਰਵਾਈਆਂ ਕੀਤੀਆਂ ਜਾਣ ਤਾਂ ਕਿ ਸੰਤ ਲੌਂਗੋਵਾਲ ਦੀ ਪੁਜ਼ੀਸ਼ਨ ਖਰਾਬ ਹੋਵੇ ਅਤੇ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੰਤ ਭਿੰਡਰਾਂਵਾਲਾ ਨੂੰ ਬਣਾ ਦਿਤਾ ਜਾਵੇ।

ਅੰਦਰ ਪੜ੍ਹੋ :—
● ਪੰਜਾਬ ਦੀ ਡਾਇਰੀ

Autoplan
1984 INSURANCE & LICENCE

ਵੈਨਕੂਵਰ ਤੋਂ ਬਾਹਰ ਬੈਠੇ ਵੀਰਾਂ ਲਈ - ਤੁਸੀਂ ਆਪਣੇ I.C.B.C. ਤੋਂ ਆਏ ਹੋਏ ਇਨਸ਼ੋਰੈਂਸ ਦੇ ਪੇਪਰ ਡਾਕ ਰਾਹੀਂ ਭੇਜੋ ਅਤੇ ਆਪਣੇ ਮਨ ਪਸੰਦ ਦਾ ਤੋਹਫ਼ਾ - ਟੇਪਾਂ, ਪੈਨ ਜਾਂ ਘੜੀ ਹਾਸਲ ਕਰੋ

Discount Rates on Less Than 25 Yrs. Old Houses

FOR BEST - Automobile, House, Life, Sicknes etc. Insurance
Kummiker S. Rangi
AND
Gill Insurance Services Co. Ltd.
Renew Your Autoplan & Get SIX FREE recorded tapes - Gazals, Qawalis, Film Song, of Hindi/Punjabi(Disco Dance) or religious songs(Muskin) watch pen or a watch.

Life Insurance
age 30 yrs.
$1 million Insurance
$650 Annual premium
For more Information Call Mr. Rangi

3905 B Knight St.(upstairs),
Vancouver, B.C. V5N 3L8


President Director
K.S. RANGI

879-5522 876-7616 Res. 421-4672

ਕੈਨੇਡਾ ਦਰਪਣ

# ਕਮਿਊਨਿਟੀ ਦੀ ਮਨਜ਼ੂਰੀ ਲਈ ਧਮਾਕੇਦਾਰ ਪ੍ਰੋਗਰਾਮ

ਸਾਰੀਆਂ ਲੋਅਰ ਮੇਂਨਲੈਂਡ ਦੀਆਂ ਸਿਖ ਸੁਸਾਇਟੀਆਂ ਨੇ ਹੇਠ ਲਿਖੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਮਿਊਨਿਟੀ ਨੂੰ ਸੰਗਠਤ ਕਰਨ ਲਈ ਤੇ ਤਰੱਕੀ ਦੇ ਰਾਹ ਤੇ ਲਿਜਾਣ ਲਈ ਦੱਸ-ਪੁਆਇੰਡ ਪਰੋਗਰਾਮ ਪਾਸ ਹੋਇਆ।

1. ਮਨੁਖੀ ਹੱਕਾਂ ਬਾਰੇ, ਲੇਬਰ ਮਨਿਸਟਰ, ਬਾਬਾ ਮੈਕਲੀਲੈਂਡ, ਨੂੰ ਮਿਲਿਆ ਜਾਵੇ ਤੇ ਸਾਡੀ ਕਮਿਊਨਿਟੀ ਵਲੋਂ ਬਰੀਫ ਪੇਸ਼ ਕੀਤਾ ਜਾਵੇ।
2. ਹਿੰਦੋਸਤਾਨੀ ਕਰੈਡਿਟ ਯੂਨੀਅਨ ਦੀ ਘੋਖਨਾ ਕੀਤੀ ਜਾਵੇ।
3. ਸਿਖ ਹਾਈ ਸਕੂਲ ਬਨਾਉਣ ਲਈ ਤਜ਼ਵੀਜ਼ ਪੇਸ਼ ਹੋਵੇ।
4. ਆਪਣੇ ਨਵੇਂ ਆਏ ਲੋਕਾਂ, ਪਰਵਾਰਾਂ ਤੇ ਬਜ਼ੁਰਗਾਂ ਦੀ ਮਦਦ ਕਰਨ ਲਈ ਕਮਿਊਨਿਟੀ ਦੀ ਕੌਂਸਲਿੰਗ ਸਰਵਿਸ ਖੋਹਲੀ ਜਾਵੇ।
5. ESL ਪਰੋਗਰਾਮ ਦੀ ਕਟੌਤੀ ਦੇ ਬਰਖਿਲਾਫ ਜਦੋ ਜਹਿਦ ਜਾਰੀ ਰੱਖੀ ਜਾਵੇ।
6. ਵੈਨਕੂਵਰ ਰੇਸ ਰੀਲੇਸ਼ਨ ਕਮੇਟੀ ਤੇ ਹੋਰ ਬੋਰਡਾਂ ਵਿਚ ਸਾਡੀ ਕਮਿਊਨਿਟੀ ਦੀ ਪ੍ਰਤੀਨਿਧਤਾ ਲਈ ਆਵਾਜ਼ ਉਠਾਈ ਜਾਵੇ।
7. ਘੱਟ ਗਿਣਤੀ ਦੇ ਲੋਕਾਂ ਦਾ ਇਕੱਠ ਕਰਨ ਲਈ ਘੱਟ ਗਿਣਤੀ ਕਮਿਊਨਿਟੀ ਦੀ ਇਕ ਦਿਨ ਲਈ ਕਾਨਫਰੰਸ
8. ਸੋਲੇਡੈਰਟੀ ਕੁਲੀਸ਼ਨ ਦੀ ਮਦਦ ਜਾਰੀ ਰਖਣ ਲਈ ਪਰੋੜਤਾ
9. ਗੁਰਦੁਆਰਿਆਂ ਵਿਚ ਬਚੀ ਵਾਧੂ ਖੁਰਾਕ ਗਰੀਬਾਂ ਨੂੰ ਵੰਡਣੀ।
10. ਬਜ਼ੁਰਗਾਂ ਤੇ ਘੱਟ ਤਨਖਾਹ ਵਾਲੇ ਲਈ ਕੁਆਪਰੇਟਵ ਹਾਊਸਿੰਗ ਦੀ ਤਜ਼ਵੀਜ਼।

ਚਾਰ ਨੁਕਤਿਆਂ ਤੇ ਐਕਸ਼ਨ ਛੇਤੀ ਹੀ ਸ਼ੁਰੂ ਕਰਨ ਦਾ ਫੈਸਲਾ ਹੋਇਆ।

ਇਹ ਹਨ : ਹਿਊਮਨ ਰਾਈਟਸ ESL ਪਰੋਗਰਾਮ, ਗਰੀਬਾਂ ਨੂੰ ਖੁਰਾਕ ਵੰਡਣੀ ਤੇ ਘੱਟ ਗਿਣਤੀ ਦੇ ਲੋਕਾਂ ਦੇ ਇਕੱਠ ਲਈ ਇਕ ਕਾਨਫਰੰਸ।

ਕਮਿਊਨਿਟੀ ਦੀਆਂ ਸਾਰੀਆਂ ਸਮਾਜਕ ਤੇ ਧਾਰਮਕ ਜਥੇਬੰਦੀਆਂ ਅੱਗੇ ਅਪੀਲ ਹੈ ਕਿ ਉਹ ਸਾਰੇ ਇਸ ਵੱਡੇ ਪਰੋਗਰਾਮ ਵਿਚ ਹਿਸਾ ਪਾਉਣ। ਸਾਰੇ ਹਮਦਰਦ ਤੇ ਸਹਿਮਤੀ ਜਥੇਬੰਦੀਆਂ ਤੇ ਵਿਅਕਤੀਆਂ ਨੂੰ ਸੱਦਾ ਦਿਤਾ ਜਾਂਦਾ ਹੈ ਕਿ ਇਸ ਪਰੋਗਰਾਮ ਦਾ ਵਿਸ਼ਲੇਸ਼ਨ ਕਰਨ ਲਈ ਤੇ ਵਲੰਟੀਅਰ ਇਕੱਠੇ ਕਰਨ ਲਈ 25 ਫਰਵਰੀ ਦਿਨ ਸ਼ਨਿਚਰਵਾਰ ਦੇ ਵਜੇ ਮੋਬਰਲੀ ਕਮਿਊਨਿਟੀ ਸੈਂਟਰ, ਵੈਨਕੂਵਰ ਵਿਚ ਹੁੰਮ ਹਮਾ ਕੇ ਦਰਸ਼ਨ ਦੇਣ।

ਵਲੋਂ : ਸਿਖ ਸੋਲੇਡੈਰੇਟੀ ਕੁਲੀਸ਼ਨ
BOX 835
NEW WESTMINSTER, B.C.
ਹੋਰ ਜਾਣਕਾਰੀ ਲਈ ਫੂਨ ਕਰੋ :— ਚਰਨ ਪਾਲ ਗਿੱਲ - 576-2307

# ਡੈਲਟਾ ਕਤਲ ਕੇਸ ਦਾ ਫੈਸਲਾ

ਡੈਲਟਾ—27 ਫਰਵਰੀ 1983 ਨੂੰ ਹੋਏ ਡੈਲਟਾ ਕਤਲ ਕੇਸ ਦਾ ਫੈਸਲਾ ਫਾਜ਼ਲ ਜੱਜ ਨੇ ਸੋਮਵਾਰ ਨੂੰ ਸੁਣਾਇਆ ਅਤੇ 24 ਸਾਲਾ ਸਰਬਜੀਤ ਸਿੰਘ ਬਾਸੀ ਕਤਲ ਦੋਸ਼ ਤੋਂ ਬਰੀ ਕਰ ਦਿਤਾ ਗਿਆ।

ਜਿਊਰੀ ਨੇ ਦਸ ਘੰਟੇ ਇਸ ਕੇਸ ਦੇ ਬਾਰੇ ਵਿਚਾਰ ਕਰਨ ਪਿਛੋਂ ਸ੍ਰੀ ਬਾਸੀ ਨੂੰ ਦੋਸ਼ ਤੋਂ ਮੁਕਤ ਕਰਨ ਦਾ ਫੈਸਲਾ ਦਿਤਾ।

ਸ੍ਰੀ ਸਰਬਜੀਤ ਬਾਸੀ ਤੇ ਤਰਲੋਚਨ ਪਾਲ ਦੇ ਕਤਲ ਦਾ ਦੋਸ਼ ਲਾਇਆ ਗਿਆ ਸੀ ਜੋ ਕੋਰਟ ਵਿਚ ਸਾਬਤ ਨਾ ਹੋ ਸਕਿਆ।

ਕਰਾਊਨ ਕੌਂਸਲ ਰੌਨ ਕਰਾਇਰ ਨੇ ਕਿਹਾ ਕਿ ਦੂਜੇ ਕਥਿਤ ਦੋਸ਼ੀਆਂ ਤੇ ਉਸ ਘਟਨਾ ਬਾਰੇ ਹੋਰ ਦੋਸ਼ ਲੱਗੇ ਹਨ ਤੇ ਉਨ੍ਹਾਂ ਉਪਰ ਮੁਕੱਦਮਾ 29 ਮਾਰਚ ਤੋਂ ਨਿਊਵੈਸਟਮਿਨਸਟਰ ਕਾਊਂਟੀ ਕੋਰਟ ਵਿਚ ਸ਼ੁਰੂ ਹੋਵੇਗਾ।




'ਚੱਲ ਮਾਈ ਬੈਠ, ਛੇਤੀ ਕਰ'
'ਵੇ ਮੈਂ ਬੈਠਾਂ ਕਿੱਥੇ ?
ਡੇਢ ਸੌ ਬੰਦਾ ਤਾਂ ਪਹਿਲਾਂ ਹੀ ਵਿੱਚ ਬੈਠਾ !'
'ਚੱਲ ਛੇਤੀ ਕਰ ਬਹੁਤਾ ਨਖਰਾ ਨਾ ਕਰ ਮਾਈ।'
'ਇਤਨੇ ਬੰਦੇ ਤਾਂ ਇੰਡੀਆ ਟੰਪੂ ਵਾਲਾ ਬਿਠਾਲ ਲੈਂਦਾ ਇਹ ਤਾਂ ਫਿਰ ਵੀ ਬੱਸ ਹੈ।'

# ਪੁਲਸੀਆਂ ਤੇ ਚਾਰਜ

ਸਰੀ—ਇਕ ਖਬਰ ਅਨੁਸਾਰ ਸਰੀ ਦੇ ਤਿੰਨ ਪੁਲਸੀਆਂ ਤੇ ਚਾਰਜ ਲਾਇਆ ਗਿਆ ਹੈ। ਇਹ ਚਾਰਜ ਉਸ ਘਟਨਾ ਵਿਚੋਂ ਪੈਦਾ ਹੋਏ ਹਨ ਜਿੰਨਾਂ ਵਿਚ ਈਸਟ ਇੰਡੀਅਨ, ਟੈਕਸੀ ਡਰਾਈਵਰ ਸ੍ਰੀ ਅਮਰੀਕ ਢਿੱਲੋਂ ਸਬੰਧਤ ਸਨ।

ਜਿੰਨ੍ਹਾਂ ਪੁਲਸ ਵਾਲਿਆਂ ਤੇ ਇਹ ਕਥਿਤ ਦੋਸ਼ ਲੱਗੇ ਹਨ ਉਨ੍ਹਾਂ ਵਿਚ ਕਾਂਸਟੇਬਲ ਸਾਬਰੀ ਡੀਆਬ, ਗਰੇਗ ਕੈਨੇਡੀ ਅਤੇ ਜੇ. ਫਰੈਡ ਮੈਨ ਸ਼ਾਮਲ ਹਨ।

ਇਸ ਘਟਨਾ ਬਾਰੇ ਬੀ. ਸੀ. ਦੀ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਨੇ ਪੜਤਾਲ ਕਰਵਾਈ ਸੀ ਜਿਸ ਕਾਰਨ ਇਨ੍ਹਾਂ ਤਿੰਨਾਂ ਪੁਲਸੀਆਂ ਉਪਰ ਚਾਰਜ ਲਾਇਆ ਗਿਆ ਹੈ।

ਮੁਕੱਦਮੇ ਦੀ ਤਰੀਕ ਅਜੇ ਨੀਯਤ ਨਹੀਂ ਹੋਈ।


STATE BANK OF INDIA (CANADA)

110 - 540 Burrard Street, Vancouver, B.C.

* OPEN TILL 6 P.M. ON FRIDAYS
* FACILITY OF OPENING ACCOUNTS BY MAIL

Have You Opened a Deposit Account With Us ?
If Not Check These Rates And Decide :—

SAVINGS CHEQUING DAILY INTEREST 6.75%

SAVINGS CHEQUING MONTHLY INTEREST 7.50%

TERM DEPOSITS

| | BELOW $5000 | $5000 & ABOVE |
|---|---|---|
| 30 To 364 Days | 8.25% | 9 % |
| 1 To 2 Years | 9 % | 10% |
| 2 To 3 Years | 9.5% | 10.5 % |

(Rates subject to change without Notice)

SPECIAL RATES FOR DEPOSITS OF $ 100.000 AND OVER.

For Further Information Call :

681-3428


# ਇਕ ਜ਼ਰੂਰੀ ਸੂਚਨਾ ਫਾਰਮਵਰਕਰਾਂ ਵਲੋਂ ਜੋੜ ਮੇਲਾ

5 ਫਰਵਰੀ, 1984 ਦਿਨ ਐਤਵਾਰ ਨੂੰ ਫਾਰਮਵਰਕਰਾਂ ਵਲੋਂ ਨਿਊ-ਵੈਸਟਮਨਿਸਟਰ ਗੁਰਦੁਆਰਾ ਸਾਹਿਬ ਵਿਚ ਜੋੜ ਮੇਲਾ ਮਨਾਇਆ ਜਾ ਰਿਹਾ ਹੈ। ਸਾਰੇ ਭੈਣਾਂ ਭਰਾਵਾਂ ਨੂੰ ਬੇਨਤੀ ਹੈ ਕਿ ਇਸ ਵਿਚ ਸਾਰੇ ਪਰਿਵਾਰ ਸਮੇਤ ਸ਼ਾਮਲ ਹੋਵੋ। ਇਸ ਪਰੋਗਰਾਮ ਵਿਚ ਵੱਖੋ ਵੱਖਰੀਆਂ ਟਰੇਡ ਯੂਨੀਅਨਾਂ ਦੇ ਨੁਮਾਇੰਦਿਆਂ ਤੋਂ ਬਿਨਾਂ ਵੈਨਕੂਵਰ ਅਤੇ ਨਿਊਵੈਸਟਮਨਿਸਟਰ ਦੇ ਮੇਅਰ ਵੀ ਆ ਰਹੇ ਹਨ। ਇਸ ਤੋਂ ਬਿਨਾਂ ਹੋਰ ਬਹੁਤ ਜ਼ਰੂਰੀ ਸੂਚਨਾਵਾਂ ਵੀ ਦਿੱਤੀਆਂ ਜਾਣਗੀਆਂ। ਬਾਅਦ ਵਿਚ ਲੰਗਰ ਅਤੁੱਟ ਵਰਤੇਗਾ।

ਬਚਨ ਸਿੰਘ ਸੰਧੂ 327-5816
ਹੋਰ ਜਾਣਕਾਰੀ ਲਈ ਫੋਨ ਕਰੋ :- ਜਵਾਲਾ ਸਿੰਘ ਗਰੇਵਾਲ 873-9925 ; ਬੀਬੀ ਪ੍ਰੀਤਮ ਕੌਰ ਹੇਅਰ : 325-0130 ; ਮੋਤਾ ਸਿੰਘ ਗਰੇਵਾਲ : 596-4362
ਕਨੇਡੀਅਨ ਫਾਰਮਵਰਕਰਜ਼ ਯੂਨੀਅਨ : 430-6055

# ਇੰਡੋ-ਕੈਨੇਡੀਅਨ ਗਰੁਪ ਦੀ ਸਥਾਪਨਾ

ਸਰੀ ਅਤੇ ਡੈਲਟਾ ਵਿਚ ਤਕਰੀਬਨ 2500 ਇੰਡੋ-ਕੈਨੇਡੀਅਨ ਪਰਵਾਰ ਰਹਿੰਦੇ ਹਨ ਅਤੇ ਹਰ ਸਾਲ ਇਹ ਗਿਣਤੀ ਵਧੱਦੀ ਜਾ ਰਹੀ ਹੈ। ਗੁਰੂ ਨਾਨਕ ਸਿੱਖ ਟੈਂਪਲ ਬਨਣ ਨਾਲ ਆਬਾਦੀ ਵੱਧਣ ਦੀ ਆਸ ਹੈ। ਇਸ ਵੇਲੇ ਤਕਰੀਬਨ 1000 ਬਜ਼ੁਰਗ ਸਰੀ ਅਤੇ ਡੈਲਟਾ ਵਿਚ ਰਹਿੰਦੇ ਹਨ। ਇਸ ਵੇਲੇ ਆਪਣੀ ਕਮਿਊਨਿਟੀ ਦੇ ਬਜ਼ੁਰਗਾਂ ਵਾਸਤੇ ਕੋਈ ਮਨ-ਪਰਚਾਵੇ ਤੇ ਗਾਈਡ ਕਰਨ ਦਾ ਕੋਈ ਕੇਂਦਰ ਨਹੀਂ ਹੈ। ਸਾਲ 1982 ਵਿਚ ਕੁਝ ਸਿਆਣੇ ਬਜ਼ੁਰਗਾਂ ਨੇ ਜਿਵੇਂ ਕਿ ਸਰਦਾਰ ਮੇਜਰ ਸਿੰਘ ਹਾਂਸ ਤੇ ਮੇਹਰ ਸਿੰਘ ਜੌਹਲ ਤੇ ਮੱਘਰ ਸਿੰਘ ਬਾਠ ਨੇ ਅਨਭੁਵ ਕੀਤਾ ਕਿ ਬਜ਼ੁਰਗਾਂ ਵਾਸਤੇ ਅਜੇਹੇ ਸਾਧਨਾਂ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ New Horizen Programme ਦੇ ਕਰਮਚਾਰੀਆਂ ਨਾਲ ਸੰਪਰਕ ਪੈਦਾ ਕੀਤਾ। ਇਕ ਸਾਲ ਦੀ ਅਣਥੱਕ ਕੋਸ਼ਿਸ਼ ਪਿਛੋਂ New Horizen Programme ਅਧੀਨ 16,073 ਡਾਲਰ ਦੀ ਗਰਾਂਟ ਮਨਜ਼ੂਰ ਕਰਵਾ ਲਈ ਤੇ ਸਰੀ-ਡੈਲਟਾ ਗੁਰਦੁਆਰਾ ਦੀ ਸਕੂਲ ਬਿਲਡਿੰਗ ਵਿਚ ਐਕਟੀਵੀਟੀ ਸੈਂਟਰ ਖੋਲ ਦਿਤਾ। 1 ਦਸੰਬਰ 1983 ਤੋਂ ਮਕਾਨ ਨੰਬਰ 7063-122 ਸਟਰੀਟ ਸਰੀ, ਉਤੇ ਨਵੀਂ ਬਿਲਡਿੰਗ ਕਰਾਏ ਤੇ ਲੈ ਕੇ ਐਕਟੀਵੀਟੀ ਸੈਂਟਰ ਖੋਲ ਦਿਤਾ। ਇਸ ਗਰੁਪ ਦੇ ਬੋਰਡ ਆਫ ਡਰੈਕਟਰਜ਼ ਹੇਠ ਲਿਖੇ ਹਨ :—

| | |
|---|---|
| ਮੇਜਰ ਸਿੰਘ ਹਾਂਸ | ਪ੍ਰਧਾਨ |
| ਪ੍ਰੀਤਮ ਸਿੰਘ ਤੂਰ | ਸਕੱਤਰ |
| ਜੁਗਿੰਦਰ ਸਿੰਘ ਸੋਹੀ | ਖਜ਼ਾਨਚੀ |

ਮੋਤਾ ਸਿੰਘ ਗਰੇਵਾਲ, ਭਾਗ ਸਿੰਘ ਰੰਗੀ, ਸਰਵਨ ਸਿੰਘ ਢਿੱਲੋਂ, ਜੋਗਾ ਸਿੰਘ ਮੈਂਹਗਰ, ਹਰਨਾਮ ਸਿੰਘ ਸਿੱਧੂ, ਗੰਡਾ ਸਿੰਘ ਬੱਲ, ਸੁੰਦਰ ਸਿੰਘ।

1 ਜਨਵਰੀ 1984 ਤੋਂ ਸ: ਮੱਘਰ ਸਿੰਘ ਨੂੰ ਕੁਆਰਡੀਨੇਟਰ ਦੀ ਸੇਵਾ ਦਿੱਤੀ ਗਈ ਤੇ ਮੇਜਰ ਸਿੰਘ ਹਾਂਸ ਦੀ ਜਗ੍ਹਾ ਐਕਟਿੰਗ ਪ੍ਰਧਾਨ ਦੀ ਡਿਊਟੀ ਭੀ ਦਿਤੀ ਗਈ ਕਿਉਂਕਿ ਮੇਜਰ ਸਿੰਘ ਹਾਂਸ ਥੋੜੀ ਦੇਰ ਲਈ ਭਾਰਤ ਚਲੇ ਗਏ ਹਨ। ਬੋਰਡ ਆਫ ਡਰੈਕਟਰ 13 ਜਨਵਰੀ 84 ਨੂੰ ਇਲਾਕੇ ਦੇ ਮੈਂਬਰ ਪਾਰਲੀਮੈਂਟ ਬੀਨੋ ਫਰੇਜ਼ਨ ਨੂੰ ਮਿਲੇ ਤੇ ਇਕ ਮੈਮੋਰੈਂਡਮ ਦਿੱਤਾ। ਬੀਨੋ ਫਰੇਜ਼ਨ ਨੇ ਬੜੀ ਹਮਦਰਦੀ ਦਿਖਾਈ ਤੇ ਹਰ ਵੇਲੇ ਸਹਾਇਤਾ ਦਾ ਵਚਨ ਦਿਤਾ। 18 ਜਨਵਰੀ 84 ਨੂੰ ਐਕਟੀਵੀਟੀ ਸੈਂਟਰ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਦੀ ਰਸਮ M. Allen Leal ਮੈਂਬਰ ਐਗਜੈਕਟਿਵ ਕਨਜ਼ਰਵੇਟਵ ਪਾਰਟੀ ਨੇ ਅਦਾ ਕੀਤੀ। ਉਦਘਾਟਨ ਤੋਂ ਮਗਰੋਂ ਕਲਚਰ ਪਰੋਗਰਾਮ ਤੇ ਸਪੀਚਾਂ ਹੋਈਆਂ। ਇਸ ਸਮਾਗਮ ਵਿਚ ਤਕਰੀਬਨ 200 ਤੋਂ ਵੱਧ ਬਜ਼ੁਰਗਾਂ ਨੇ ਭਾਗ ਲਿਆ। ਪਰੋਗਰਾਮ ਬਹੁਤ ਸ਼ਲਾਘਾਯੋਗ ਸੀ। ਸਟੇਜ ਸਕੱਤਰ ਦੀ ਸੇਵਾ ਸਰਦਾਰ ਪ੍ਰੀਤਮ ਸਿੰਘ ਤੂਰ ਨੇ ਨਿਭਾਈ ਤੇ Interpreter ਦੀ ਸੇਵਾ ਸਰਦਾਰ ਮੱਘਰ ਸਿੰਘ ਬਾਠ ਨੇ ਨਿਭਾਈ। ਗਿਆਨੀ ਕੁਲਦੀਪ ਸਿੰਘ ਨੇ ਸ਼ੁਰੂ ਵਿਚ ਇਕ ਸ਼ਬਦ ਦਾ ਕੀਰਤਨ ਕੀਤਾ ਤੇ ਸਰਦਾਰ ਮੋਤਾ ਸਿੰਘ ਗਰੇਵਾਲ ਤੇ ਸਰਦਾਰ ਵਰਿਆਮ ਸਿੰਘ ਬੈਂਸ ਨੇ ਕਵਿਤਾਵਾਂ ਪੇਸ਼ ਕੀਤੀਆਂ। ਸਾਰੇ ਮਹਿਮਾਨਾਂ ਨੂੰ ਮਠਿਆਈ, ਪਕੌੜੇ ਤੇ ਚਾਹ ਪਿਲਾਈ ਗਈ। ਮੁੱਖ ਪ੍ਰਾਹੁਣੇ ਮਿ. ਐਲਨ ਲੀਅਲ ਨੇ ਹਰ ਵੇਲੇ ਸਹਾਇਤਾ ਦਾ ਵਚਨ ਦਿਤਾ। ਇਹ ਪਰੋਗਰਾਮ ਕੋਈ ਦੋ ਘੰਟੇ ਚਲਦਾ ਰਿਹਾ। ਬਹੁਤ ਸਾਰੀਆਂ ਲੇਡੀਜ਼ ਨੇ ਭੀ ਭਾਗ ਲਿਆ। ਮਿ: ਰਾਜ ਚੌਹਾਨ ਪਰੈਜ਼ੀਡੈਂਟ ਫਾਰਮ ਵਰਕਰਜ਼ ਯੂਨੀਅਨ ਨੇ ਭੀ ਆਸ਼ੀਰਵਾਦ ਦਿੱਤੀ ਤੇ ਹਰ ਸਹਾਇਤਾ ਦਾ ਭਰੋਸਾ ਦਿਵਾਇਆ।

## ਸ਼ੇਰ ਜੰਗ ਜਾਂਗਲੀ ਦਾ ਨਵਾਂ ਪਤਾ :

ਲੰਡਨ ਵਿਚ ਦੇਸ ਪ੍ਰਦੇਸ ਦੇ ਸਹਾਇਕ ਸੰਪਾਦਕ ਸ੍ਰੀ ਸ਼ੇਰ ਜੰਗ ਜਾਂਗਲੀ ਨੇ ਖਤ ਰਾਹੀਂ ਸੂਚਿਤ ਕੀਤਾ ਹੈ ਕਿ ਉਨ੍ਹਾਂ ਦਾ ਪੁਰਾਣਾ ਪਤਾ ਬਦਲ ਗਿਆ ਹੈ। ਸ਼੍ਰੀ ਸ਼ੇਰ ਜੰਗ ਜਾਂਗਲੀ ਦੇ ਦੋਸਤਾਂ ਮਿਤਰਾਂ ਲਈ ਅਸੀਂ ਉਹਨਾਂ ਦਾ ਨਵਾਂ ਪਤਾ ਛਾਪ ਰਹੇ ਹਾਂ :—

Sher Jang Jangli
36, Shelley Crescent, Southall - Middex, U.K.

ਉਹਨਾਂ ਦੇ ਲਿਖਣ ਅਨੁਸਾਰ ਉਨ੍ਹਾਂ ਦਾ ਫੋਨ ਨੰਬਰ ਪਹਿਲਾਂ ਵਾਲਾ ਹੀ ਹੈ।

ਦੇਗ ਤੇਗ ਫਤਹਿ

ੴ ਸਤਿਗੁਰ ਪ੍ਰਸਾਦਿ

ਪੰਥ ਕੀ ਜੀਤ

**ਸਚੁ ਵਾਪਾਰੁ ਕਰਹੁ ਵਾਪਾਰੀ**
**ਦਰਗਹ ਨਿਬਹੈ ਖੇਪ ਤੁਮਾਰੀ**

# ਖਾਲਸਾ ਦੀਵਾਨ ਸੁਸਾਇਟੀ, ਨਿਊਵੈਸਟਮਿਨਸਟਰ ਦੇ ਵੋਟਰਾਂ ਨੂੰ

# ਅਪੀਲ

ਖਾਲਸਾ ਦੀਵਾਨ ਸੁਸਾਇਟੀ, ਨਿਊਵੈਸਟਮਿਨਸਟਰ ਦੇ ਵੋਟਰ ਭੈਣੋ ਅਤੇ ਭਰਾਵੋ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਆਪ ਜੀ ਨੂੰ ਪਤਾ ਹੀ ਹੈ ਕਿ ਸਾਲ 1984 ਲਈ ਸੁਸਾਇਟੀ ਦੀ ਕਮੇਟੀ ਦੀ ਚੋਣ ਲਈ ਵੋਟਾਂ 18 ਦਸੰਬਰ, 1983 ਨੂੰ ਸੰਗਤਾਂ ਨੇ ਪਾਈਆਂ ਸਨ। ਜਿਨ੍ਹਾਂ ਵਿਚੋਂ 681 ਵੋਟਾਂ ਦੀ ਗਿਣਤੀ ਅਜੇ ਕਰਨੀ ਬਾਕੀ ਹੈ। ਹੋ ਚੁਕੀ ਗਿਣਤੀ ਅਨੁਸਾਰ ਭਾਈ ਬਸੰਤ ਸਿੰਘ ਸੰਧੂ ਅਤੇ ਭਾਈ ਅਜਾਇਬ ਸਿੰਘ ਘੁਮਾਣ ਦੀ ਪੂਰੀ ਦੀ ਪੂਰੀ ਸਲੇਟ ਆਪ ਸੰਗਤਾਂ ਦੀਆਂ ਵੋਟਾਂ ਅਨੁਸਾਰ ਚੋਣ ਜਿੱਤ ਚੁਕੀ ਹੈ। ਬਾਕੀ ਰਹਿੰਦੀਆਂ ਵੋਟਾਂ ਦੇ **ਅਸਲੀ ਰੌਲੇ ਦਾ ਪਿਛੋਕੜ** :—

**ਅਸਲ ਵਿਚ ਝਗੜੇ ਦਾ ਕਾਰਨ** ਇਹ ਹੈ ਕਿ ਸਾਲ 1983 ਦੀ ਕਮੇਟੀ ਨੇ ਸੰਗਤਾਂ ਨੂੰ ਗੁੰਮਰਾਹ ਕਰਕੇ ਬਹੁਤ ਹੀ ਜ਼ਿਆਦਾ ਨਕਲੀ ਵੋਟਾਂ ਦੀ ਭਰਤੀ ਕਰ ਲਈ। ਸੰਗਤਾਂ ਵਲੋਂ ਰੀਕਾਰਡ ਦੇਖਣ ਲਈ ਕੀਤੀ ਬੇਨਤੀ ਨਾ ਮੰਨੀ ਤਾਂ ਸਾਨੂੰ ਮਜਬੂਰ ਹੋ ਕੇ ਕੋਰਟ ਵਿਚ ਜਾਣਾ ਪਿਆ। ਜੱਜ ਦੇ ਫੈਸਲੇ ਅਨੁਸਾਰ ਸ਼ੱਕੀ ਵੋਟਾਂ ਨੂੰ ਅਲੱਗ ਲਫਾਫਿਆਂ ਵਿਚ ਪਾਉਣ ਦਾ ਹੁਕਮ ਹੋਇਆ। ਪਰ ਫਿਰ ਵੀ ਤਕਰੀਬਨ 200 ਦੇ ਕਰੀਬ ਨਜ਼ਾਇਜ਼ ਵੋਟਾਂ ਭੁਗਤ ਗਈਆਂ। **ਨਜ਼ਾਇਜ਼ ਵੋਟਾਂ ਕਿਸ ਨੇ ਅਤੇ ਕਿਵੇਂ ਬਣੀਆਂ ?**

ਸੁਸਾਇਟੀ ਦੇ ਵਿਧਾਨ ਅਨੁਸਾਰ ਹਰ ਵੋਟਰ ਨੂੰ ਜ਼ਰੂਰੀ ਹੈ ਕਿ ਉਹ ਸਾਲ ਵਿਚ 10 ਸਮਾਗਮਾਂ ਵਿਚ ਗੁਰਦੁਆਰਾ ਸਾਹਿਬ ਵਿਖੇ ਆਇਆ ਹੋਵੇ।
1. ਇਸ ਦੇ ਸਬੂਤ ਲਈ ਉਹ 10 ਡੋਨੇਸ਼ਨ ਦੀਆਂ ਰਸੀਦਾਂ ਦਿਖਾਵੇ ਜਾਂ (2) ਗੁਰਦੁਆਰਾ ਸਾਹਿਬ ਵਿਚ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕਸਮ ਖਾ ਕੇ ਲਿਖਕੇ ਦੇਵੇ ਕਿ ਉਹ ਪਿਛਲੇ ਸਾਲ 10 ਵਾਰ ਅਲੱਗ ਅਲੱਗ 10 ਸਮਾਗਮਾਂ ਸਮੇਂ ਇਸ ਗੁਰਦੁਆਰਾ ਸਾਹਿਬ ਵਿਚ ਆਇਆ ਸੀ।

### ਨਜ਼ਾਇਜ਼ ਵੋਟਾਂ :

1. ਕੁਝ ਮੈਂਬਰਾਂ ਨੇ ਆਪਣੇ ਫਾਰਮਾਂ ਦੇ ਉਪਰ ਹੋਰ ਲੋਕਾਂ ਦੀਆਂ ਰਸੀਦਾਂ ਦੇ ਨੰਬਰ ਭਰ ਕੇ ਦੇ ਦਿੱਤੇ ਅਤੇ ਕਮੇਟੀ ਵਾਲਿਆਂ ਨੇ ਵੀ ਝੂਠੇ ਦਸਤਖਤ ਕਰਕੇ ਕਹਿ ਦਿਤਾ ਕਿ ਉਨ੍ਹਾਂ ਨੇ ਰਸੀਦਾਂ ਚੈਕ ਕੀਤੀਆਂ ਹਨ। ਪਰ ਚੈਕਿੰਗ ਸਮੇਂ ਇਸ ਤਰ੍ਹਾਂ ਬਣੀਆਂ ਸਾਰੀਆਂ ਵੋਟਾਂ ਫੜੀਆਂ ਗਈਆਂ ? ਜਿੰਨ੍ਹਾਂ ਬਾਰੇ ਜੱਜ ਦਾ ਹੁਕਮ ਸੀ ਕਿ ਅਲੱਗ ਰੱਖੀਆਂ ਜਾਣ, ਪਰ ਫਿਰ ਵੀ ਹੁਕਮ ਦੀ ਪਰਵਾਹ ਨਾ ਕਰਦੇ ਹੋਏ ਝੂਠੀਆਂ ਵੋਟਾਂ ਭੁਗਤਾ ਦਿਤੀਆਂ। ਪਹਿਲਾਂ ਤਾਂ ਕਮੇਟੀ ਵਾਲੇ ਮੰਨਦੇ ਨਹੀਂ ਸਨ, ਪਰ ਹੁਣ ਪ੍ਰਧਾਨ ਨੇ ਲਿਖ ਕੇ ਆਪਣੇ ਐਫੀਡੇਵਿਟ ਵਿਚ ਮੰਨ ਲਿਆ ਹੈ ਕਿ 66 ਝੂਠੀਆਂ ਬਣੀਆਂ ਵੋਟਾਂ ਨਾ ਗਿਣੀਆਂ ਜਾਣ। ਇਸੇ ਤਰ੍ਹਾਂ ਹੀ ਪ੍ਰਧਾਨ ਨੇ ਸਾਰੇ ਫਾਰਮ ਜੋ ਸੁੰਹ ਚੁਕ ਕੇ ਗੁਰਦੁਆਰੇ ਵਿਚ ਭਰਨੇ ਸਨ, ਨਹੀਂ ਭਰੇ ਪਰ ਕੁਝ ਫਾਰਮ ਲੋਕਾਂ ਦੇ ਘਰੀ ਜਾ ਕੇ ਭਰਵਾ ਲਏ, ਇਸ ਦਾ ਸਬੂਤ ਬਹੁਤ ਲੋਕਾਂ ਨੇ ਆਪਣੇ ਐਫੀਡੇਵਿਟਾਂ ਵਿਚ ਦਿੱਤਾ ਹੈ।

### ਨਜ਼ਾਇਜ਼ ਵੋਟਾਂ ਕਿਉਂ ਬਣਾਈਆਂ ਗਈਆ ?

ਨਜ਼ਾਇਜ਼ ਵੋਟਾਂ ਬਣਾ ਕੇ ਗੁਰਦੁਆਰੇ ਉਪਰ ਕਬਜ਼ਾ ਰੱਖਿਆ ਜਾਵੇ ਤਾਂ ਕਿ ਪਿਛਲੇ ਸਾਲ ਦੇ ਖਜ਼ਾਨਚੀ ਭਾਈ ਬਲਬੀਰ ਸਿੰਘ ਹਾਰਾ ਦਾ ਹਿਸਾਬ ਕਿਤਾਬ ਸੰਗਤਾਂ ਤੋਂ ਛੁਪਾਇਆ ਜਾ ਸਕੇ ਕੀ ਕਾਰਨ ਹੈ ਕਿ ਪਿਛਲੇ ਸਾਲ ਦੀਆਂ ਅਕਾਊਂਟ ਦੀਆਂ ਬੁਕਾਂ ਦੀ ਚੈਕਿੰਗ ਕਰਨ ਲਈ ਭਾਈ ਬਲਬੀਰ ਸਿੰਘ ਹਾਰਾ ਨਹੀਂ ਦੇ ਰਹੇ ਅਤੇ ਮੌਕੇ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਗਰੇਵਾਲ ਕਹਿ ਰਹੇ ਹਨ ਕਿ ਮੈਨੂੰ ਨਹੀਂ ਪਤਾ ਪਿਛਲੀਆਂ ਕਿਤਾਬਾਂ ਕਿਥੇ ਹਨ।

ਸਾਧ ਸੰਗਤ ਜੀਓ, ਜੇ ਕਰ ਇਹ ਵੀਰ ਪਹਿਲਾਂ ਹੀ ਗਲਤ ਕੰਮ ਨਾ ਕਰਦੇ ਅਤੇ ਫਿਰ ਗਲਤ ਕੀਤੇ ਕੰਮ ਨੂੰ ਛਪਾਉਣ ਲਈ ਹੋਰ ਝੂਠ ਉਪਰ ਝੂਠ ਨਾ ਬੋਲਦੇ ਤਾਂ ਗੱਲ ਇਥੋਂ ਤੱਕ ਨਹੀਂ ਜਾਣੀ ਸੀ। ਸੰਗਤਾਂ ਦੀ ਸੈਂਕੜੇ ਡਾਲਰ ਕਮਾਈ ਕੋਰਟਾਂ ਵਿਚ ਖਰਚ ਨਹੀਂ ਹੋਣੀ ਸੀ। ਇਸ ਗੱਲ ਦੇ ਜ਼ਿੰਮੇਵਾਰ ਇਹ ਲੋਕ ਹਨ ਜੋ ਪਹਿਲਾਂ ਤਾਂ ਨਜ਼ਾਇਜ਼ ਵੋਟਾਂ ਭਰਦੇ ਹਨ ਅਤੇ ਫਿਰ ਗੁਰਦੁਆਰੇ ਦੇ ਹਿਸਾਬ ਕਿਤਾਬ ਨੂੰ ਆਪਣੀ ਨਿਜੀ ਜਾਇਦਾਦ ਸਮਝਦੇ ਹਨ। ਇਨ੍ਹਾਂ ਵੀਰਾਂ ਨੂੰ ਅਜੇ ਵੀ ਸਮਝ ਜਾਣਾ ਚਾਹੀਦਾ ਹੈ, ਸੰਗਤਾਂ ਨੂੰ ਹਿਸਾਬ ਕਿਤਾਬ ਦੀਆਂ ਕਿਤਾਬਾਂ ਦਿਖਾ ਦੇਣੀਆਂ ਚਾਹੀਦੀਆਂ ਹਨ।

## ਹੁਣ ਬਾਕੀ ਦੀਆਂ ਵੋਟਾਂ ਬਾਰੇ ਜੱਜ ਦੇ ਫੈਸਲੇ ਅਨੁਸਾਰ ਇਸ ਤਰ੍ਹਾਂ ਹੋਵੇਗਾ :—

**29 ਜਨਵਰੀ, 1984 ਦਿਨ ਐਤਵਾਰ ਨੂੰ ਸਵੇਰ ਦੇ 9 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਜੋ ਵੋਟਾਂ ਸ਼ੱਕੀ ਹਨ, ਉਨ੍ਹਾਂ ਸਾਰੇ ਵੋਟਰਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਸਮ ਖਾ ਕੇ ਪ੍ਰਣ ਕਰਨਾ ਪਵੇਗਾ ਅਤੇ ਇਹ ਸਹੁੰ ਮਰਯਾਦਾ ਅਨੁਸਾਰ ਨਹਾ ਧੋ ਕੇ ਚੁਕਣੀ ਪਵੇਗੀ ਕਿ :**

**1. ਮੈਂ ਪਿਛਲੇ ਸਾਲ ਵਿਚ ਗੁਰਦੁਆਰਾ ਸਾਹਿਬ - ਸੁਖ ਸਾਗਰ, ਨਿਊਵੈਸਟਮਿਨਸਟਰ ਵਿਖੇ ਅਲੱਗ ਅਲੱਗ 10 ਸਮਾਗਮਾਂ ਵਿਚ ਹਾਜ਼ਰੀ ਭਰ ਚੁੱਕਾ ਹਾਂ। ਇਸ ਫਾਰਮ ਉਪਰ ਮੈਂ ਖੁਦ ਅਕਤੂਬਰ ਮਹੀਨੇ ਵਿਚ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪ ਦਸਤਖਤ ਕੀਤੇ ਸਨ।**
**(ਇਹ ਕਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਖੜੇ ਹੋ ਕੇ ਚੁੱਕੀ ਜਾਵੇਗੀ, ਜਿੰਨ੍ਹਾਂ ਵੋਟਰਾਂ ਨੇ ਹਰੇ ਰੰਗ ਦੇ ਫਾਰਮ ਭਰੇ ਸਨ)**

**2. ਮੇਰੇ ਪਾਸ ਪਿਛਲੇ ਸਾਲ ਦੀਆਂ ਡੋਨੇਸ਼ਨ ਦੀਆਂ 10 ਰਸੀਦਾਂ ਮੇਰੀਆਂ ਆਪਦੀਆਂ ਹਨ। ਮੈਂ ਪਿਛਲੇ ਸਾਲ ਗੁਰਦੁਆਰਾ - ਸੁਖ ਸਾਗਰ, ਨਿਊਵੈਸਟਮਿਨਸਟਰ ਵਿਖੇ 10 ਅਲੱਗ ਅਲੱਗ ਸਮਾਗਮਾਂ ਉਪਰ ਹਾਜ਼ਰੀ ਕਰ ਚੁੱਕਾ ਹਾਂ। ਐਪਲੀਕੇਸ਼ਨ ਫਾਰਮ ਉਪਰ ਮੇਰੇ ਆਪਣੇ ਦਸਤਖਤ ਹਨ।**
**(ਇਹ ਕਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਖੜੇ ਹੋ ਕੇ ਚੁੱਕੀ ਜਾਵੇਗੀ, ਜਿੰਨ੍ਹਾਂ ਵੋਟਰਾਂ ਨੇ ਰਸੀਦਾਂ ਵਾਲੇ ਫਾਰਮ ਭਰੇ ਸਨ)**

ਉਪਰ ਦਿੱਤੇ ਅਨੁਸਾਰ ਤਕਰੀਬਨ 420 ਜਾਂ ਤਕਰੀਬਨ 455 ਮੈਂਬਰਾਂ ਨੇ ਕਸਮ ਚੁਕਣੀ ਹੈ। ਬਾਕੀ ਦੇ 46 ਤਾਂ ਹਰ ਹਾਲਤ ਵਿਚ ਹੋ ਸਕਦਾ ਹੈ ਕਿ 81 ਵੋਟਾਂ ਹੀ ਨਾ ਗਿਣੀਆਂ ਜਾਣ। ਜਿੰਨ੍ਹਾਂ ਦੀਆਂ ਰਸੀਦਾਂ ਹੋਰਾਂ ਲੋਕਾਂ ਦੀਆਂ ਭਰੀਆਂ ਗਈਆਂ ਹਨ, ਜੋ ਕਿ ਪ੍ਰਧਾਨ ਵਲੋਂ ਨਜ਼ਾਇਜ਼ ਕਰਾਰ ਦਿੱਤੀਆਂ ਜਾ ਚੁੱਕੀਆਂ ਹਨ।

ਹੁਣ ਸਾਧ ਸੰਗਤ ਜੀ, ਤੁਹਾਡੀ ਮਰਜ਼ੀ ਹੈ ਕਿ ਤੁਸੀਂ ਗੁਰਦੁਆਰਾ ਸਾਹਿਬ ਵਿਖੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਸਹੁੰ ਚੁਕਣੀ ਹੈ ਜਾਂ ਨਹੀਂ। ਪਰ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਧਾਨ ਤਾਂ ਕਿਸੇ ਨੇ ਬਣਨਾਂ ਹੈ ਤੁਸੀਂ ਝੂਠੀ ਕਸਮ ਕਿਉਂ ਚੁੱਕੋ ? ਜੇਕਰ ਤੁਹਾਡੀ ਵੋਟ ਸੱਚੀ ਹੈ ਅਤੇ ਤੁਸੀਂ 10 ਵਾਰ ਪਿਛਲੇ ਸਾਲ ਇਸ ਗੁਰੂ ਘਰ ਵਿਚ ਆ ਕੇ 10 ਸਮਾਗਮਾਂ ਵਿਚ ਹਾਜ਼ਰੀ ਭਰ ਚੁੱਕੇ ਹੋ ਅਤੇ ਤੁਸੀਂ ਆਪਣੇ ਐਪਲੀਕੇਸ਼ਨ ਫਾਰਮ ਉਪਰ ਆਪਣੇ ਦਸਤਖਤ ਖੁਦ ਕੀਤੇ ਹਨ ਤਾਂ ਤੁਹਾਨੂੰ ਜ਼ਰੂਰ ਆਉਣਾ ਚਾਹੀਦਾ ਹੈ।

ਇਹ ਹੈ ਅਸਲੀਅਤ ਸਾਰੇ ਝਗੜੇ ਦੇ ਪਿੱਛੇ। ਜੋ ਵੀ ਗੱਲ ਸੰਗਤਾਂ ਨੂੰ ਚੰਗੀ ਲੱਗੇ ਕੀਤੀ ਜਾਵੇ। ਪਰ ਧਰਮ ਵਿਚ ਝੂਠ ਬੋਲਣਾ ਬਿਲਕੁਲ ਮਨ੍ਹਾ ਹੈ। ਸਿਆਸਤ ਪਿਛੇ ਲੱਗ ਕੇ ਆਪਣਾ ਧਰਮ ਨਹੀਂ ਗਵਾਉਣਾ ਚਾਹੀਦਾ।

ਸੰਗਤਾਂ ਦੇ ਸੇਵਾਦਾਰ,
ਬਸੰਤ ਸਿੰਘ ਸੰਧੂ ਅਤੇ ਅਜਾਇਬ ਸਿੰਘ ਘੁਮਾਣ ਅਤੇ ਪੂਰੀ ਸਲੇਟ ਦੇ ਸੇਵਾਦਾਰ

**THE CANADA DARPAN WEEKLY**
P.O.BOX 67344 STN. 'O'
Vancouver, B.C. V5W 3T1
Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360
All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।



ਸੰਪਾਦਕੀ

# ਆਖ ਦਮੋਦਰ ਅੱਖੀਂ ਡਿੱਠਾ - 3

ਪੰਜਾਬ ਦੇ ਮਾਹੌਲ ਵਿਚ 'ਅਤਿਵਾਦੀਆਂ' ਦਾ ਜੋ ਰੋਲ ਹੈ - ਉਹ ਦਿਨੋਂ ਦਿਨ ਨਿਖਰ ਕੇ ਸਾਹਮਣੇ ਆ ਰਿਹਾ ਹੈ । ਇਸ ਨਾਂ ਨੂੰ ਸਿੱਖ ਵਰਗ ਦੇ ਨਾਂ ਨਾਲ ਜੋੜਨਾ ਉਨਾ ਹੀ ਗਲਤ ਹੈ ਜਿੰਨਾ ਸਮੁੱਚੇ ਹਿੰਦੂ ਵਰਗ ਨੂੰ ਜ਼ੁਮੇਂਵਾਰ ਗਰਦਾਨਣਾ । ਸਿੱਖ ਵਰਗ ਵਿਚ ਲੱਖਾਂ ਉਹ ਲੋਕ ਹਨ ਜੋ ਅੱਜ ਦੀ ਪੰਜਾਬ ਦੀ ਸਥਿਤੀ ਤੋਂ ਚਿੰਤਾਤੁਰ ਹਨ । ਜੋ ਚਿੰਤਾਤੁਰ ਨਹੀਂ ਤਾਂ ਉਹ ਲੋਕ ਜੋ ਇਸ ਸਥਿਤੀ ਤੋਂ ਰਾਜਨੀਤਕ ਲਾਭ ਉਠਾਉਣਾ ਚਾਹੁੰਦੇ ਹਨ ।

## ਪੰਜਾਬ ਦੀ ਰਾਜਨੀਤਕ ਸਥਿਤੀ

ਪੰਜਾਬ ਵਿਚ ਸਤਾਰਾਂ ਮਹੀਨੇ ਤੋਂ ਚੱਲ ਰਹੇ ਮੋਰਚੇ ਨੇ ਕੁਝ ਤਬਦੀਲੀਆਂ ਅਵੱਸ਼ ਲਿਆਂਦੀਆਂ ਹਨ । ਇਹ ਸਮਾਂ ਹੀ ਦੱਸੇਗਾ ਕਿ ਇਨ੍ਹਾਂ ਤਬਦੀਲੀਆਂ ਨਾਲ ਪੰਜਾਬ ਦੇ ਲੋਕਾਂ ਨੇ ਕੀ ਖੱਟਿਆ ਤੇ ਕੀ ਗੁਆਇਆ ਹੈ ਅੱਜ ਦੇ ਜੋ ਹਾਲਾਤ ਹਨ - ਉਨ੍ਹਾਂ ਅਨੁਸਾਰ ਲੋਕਾਂ ਵਿਚ ਆਰਥਿਕ ਬੇਚੈਨੀ ਹੈ ਤੇ ਇਹ ਆਰਥਿਕ ਬੇਚੈਨੀ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੋ ਰਹੀ ਹੈ । ਮੋਰਚੇ ਨੇ ਜਿਥੇ ਪੰਜਾਬ ਦੀ ਬਹੁ-ਗਿਣਤੀ ਕਿਸਾਨੀ ਦਾ ਧਿਆਨ ਆਪਣੇ ਵੱਲ ਖਿਚਿਆ ਹੈ - ਉਹ ਵੀ ਕਿਸਾਨੀ ਦੀ ਆਰਥਿਕ ਦੁਰਦਸ਼ਾ ਕਾਰਨ ਹੈ । ਪਾਣੀ ਦੀ ਸਮੱਸਿਆ, ਬਿਜਲੀ ਦੀ ਸਮੱਸਿਆ, ਡੀਜ਼ਲ ਦਾ ਨਾ ਮਿਲਣਾ, ਖਾਦਾਂ ਦੀ ਮਹਿਗਾਈ ਦਾ ਮਸਲਾ, ਫਸਲ ਦੀ ਸਹੀ ਕੀਮਤ ਦਾ ਨਾ ਮਿਲਣਾ, ਸਹਿਕਾਰੀ ਕਰਜ਼ਿਆਂ ਦੀ ਅਸੰਤੁਲਤ ਵੰਡ ਆਦਿ ਕਿਸਾਨ ਦੇ ਅਜਿਹੇ ਮਸਲੇ ਹਨ ਜਿਨ੍ਹਾਂ ਵੱਲ ਕਾਂਗਰਸੀ ਸਰਕਾਰ ਨੇ ਧਿਆਨ ਨਹੀਂ ਦਿੱਤਾ । ਇਸ ਲਈ ਕਾਂਗਰਸ ਸਰਕਾਰ ਵਿਰੁਧ ਲੋਕਾਂ ਦਾ ਗੁੱਸਾ ਕਿਸੇ ਨਾ ਕਿਸੇ ਰੂਪ ਵਿਚ ਨਿਕਲਣਾ ਸੀ ਤੇ ਅਕਾਲੀ ਦਲ ਨੇ ਜਿਸਦਾ ਸਮੁੱਚਾ ਢਾਂਚਾ ਦਰਮਿਆਨੀ ਕਿਸਾਨੀ ਦੇ ਆਧਾਰਤ ਹੈ, ਇਸ ਗੁੱਸੇ ਨੂੰ ਮੋਰਚੇ ਦੇ ਰੂਪ ਵਿਚ ਢਾਲ ਲਿਆ । ਇਸੇ ਕਿਸਾਨੀ ਨੂੰ ਅੱਗੇ ਕਮਿਊਨਿਸਟ ਪਾਰਟੀਆਂ ਰਾਹ - ਦਿਸੇਰੇ ਦੇ ਰੂਪ ਵਿਚ ਦਿਸਦੀਆਂ ਸਨ ਪਰ ਪੰਜਾਬ ਵਿਚ ਖੱਬੇ-ਪੱਖੀ ਲਹਿਰ ਦੇ ਕਮਜ਼ੋਰ ਪੈਣ ਨਾਲ ਇਸ ਦਰਮਿਆਨੀ ਕਿਸਾਨੀ ਦਾ ਅਕਾਲੀ ਦਲ ਵਲ ਝੁਕ ਜਾਣਾ ਕੁਦਰਤੀ ਸੀ ਤੇ ਅੱਜ ਕਮਿਊਨਿਸਟ ਪਾਰਟੀਆਂ ਦੀਆਂ ਦੋਵੇਂ ਕਿਸਾਨ ਸਭਾਵਾਂ ਬੇਸ਼ੱਕ ਆਪਣਾ ਧਿਆਨ ਕਿਸਾਨ ਫਰੰਟ ਤੇ ਕੇਂਦ੍ਰਿਤ ਕਰ ਰਹੀਆਂ ਹਨ ਪਰ ਇਨ੍ਹਾਂ ਦੀ ਸਾਖ ਪੰਜਾਬ ਵਿਚ ਲਗਾਤਾਰ ਡਿਗੀ ਹੈ ।

ਦੂਜੇ ਪਾਸੇ ਸ਼ਹਿਰਾਂ ਵਿਚ ਜਨਸੰਘ ਦਾ ਸਫਾਇਆ ਹੋਇਆ ਹੈ ਅਤੇ ਹਿੰਦੂ ਵੋਟ ਕਾਂਗਰਸ ਵੱਲ ਝੁਕੀ ਹੈ ।

ਜੇ ਪੰਜਾਬ ਵਿਚ ਅਕਾਲੀਆਂ ਅਤੇ ਕਾਂਗਰਸ ਵਿਚਕਾਰ ਰਾਜਨੀਤਕ ਸਮਝੌਤਾ ਨਹੀਂ ਹੋ ਰਿਹਾ ਤਾਂ ਇਸ ਦਾ ਮੁੱਖ ਕਾਰਨ ਇਕ ਹੈ - ਇੰਦਰਾ ਕਾਂਗਰਸ ਅਕਾਲੀ ਦਲ ਨਾਲ ਸਮਝੌਤਾ ਤਾਂ ਚਾਹੁੰਦੀ ਹੈ ਪਰ ਇਕ ਸ਼ਰਤ ਤੇ - ਕਿ ਸਮਝੌਤੇ ਨਾਲ ਕਾਂਗਰਸ ਦੀ ਸਾਖ ਨੂੰ ਆਂਚ ਨਾ ਆਵੇ ।

ਇਕ ਢੰਗ ਨਾਲ ਅਕਾਲੀ ਮੋਰਚੇ ਨੇ ਇੰਦਰਾ ਕਾਂਗਰਸ ਨੂੰ ਪੰਜਾਬ ਵਿਚ ਮਜ਼ਬੂਤ ਕਰਨ ਵਿਚ ਆਪਣਾ ਰੋਲ ਅਦਾ ਕੀਤਾ ਹੈ - ਕਿ ਕਾਂਗਰਸ ਵਿਰੁਧ ਜੋ ਜਨਸੰਘੀ ਵੋਟ ਭੁਗਤਦੀ ਸੀ ਉਹ ਹੁਣ ਜਨਸੰਘ ਤੋਂ ਟੁੱਟ ਕੇ ਅਕਾਲੀ ਦਲ ਵੱਲ ਤਾਂ ਆਉਣੋਂ ਰਹੀ - ਉਹ ਕਾਂਗਰਸ ਨੂੰ ਭੁਗਤੇਗੀ ।

ਅਸਲ ਵਿਚ ਆਉਂਦੀਆਂ ਚੋਣਾਂ ਵਿਚ ਪੰਜਾਬ ਵਿਚ ਰਾਜਨੀਤਕ ਤੌਰ ਤੇ ਮੁੱਖ ਪਾਰਟੀਆਂ ਦੋ ਹੀ ਰਹਿ ਗਈਆਂ ਹਨ - ਅਕਾਲੀ ਦਲ ਤੇ ਇੰਦਰਾ ਕਾਂਗਰਸ । ਜਿਸ ਤਰੀਕੇ ਨਾਲ ਇੰਦਰਾ ਕਾਂਗਰਸ ਨੇ ਪੰਚਾਇਤ ਚੋਣਾਂ ਮੋਰਚੇ ਦੌਰਾਨ ਕਰਵਾਈਆਂ ਹਨ, ਉਨ੍ਹਾਂ ਨੇ ਵੀ ਪਿੰਡਾਂ ਵਿਚ ਇਕਜੁਟਤਾ ਲਿਆਉਣ ਦੀ ਥਾਂ ਪਾਰਟੀ ਆਧਾਰ ਤੇ ਧੜੇਬੰਦੀ ਹੀ ਪੈਦਾ ਕੀਤੀ ਹੈ ।

ਪੰਜਾਬ ਵਿਚ ਹੁਣ ਤੱਕ ਫੈਸਲਾ ਨਾ ਹੋਣ ਦਾ ਵੱਡਾ ਕਾਰਨ ਵਿਰੋਧੀ ਪਾਰਟੀਆਂ ਦਾ ਨਿਗੂਣਾ ਰੋਲ ਰਹਿ ਜਾਣ ਕਾਰਨ ਹੈ । ਬੇਸ਼ੱਕ ਹਰਕਿਸ਼ਨ ਸਿੰਘ ਸੁਰਜੀਤ ਦੋਵਾਂ ਪਾਰਟੀਆਂ ਵਿਚਕਾਰ ਸਮਝੌਤੇ ਲਈ ਪਿਛਲੇ ਸਤਾਰਾਂ ਮਹੀਨੇ ਤੋਂ ਹੀ ਸਰਗਰਮ ਰਹੇ ਹਨ ਪਰ ਉਨ੍ਹਾਂ ਦੀ ਅਸਫਲਤਾ ਦਾ ਕਾਰਨ ਪੰਜਾਬ ਵਿਚ ਖੱਬੇ-ਪੱਖੀ ਲਹਿਰ ਦਾ ਕਮਜ਼ੋਰ ਹੋਣਾ ਹੈ ।

## ਨੌਜਵਾਨਾਂ ਵਿਚ ਅਸੰਤੋਸ਼

ਅਜੋਕੀ ਨੌਜਵਾਨ ਪੀੜ੍ਹੀ ਵਿਚ ਅਸੰਤੋਸ਼ ਦੀ ਸਮੱਸਿਆ ਦਾ ਇਕ ਹੋਰ ਦਿਲਚਸਪ ਪਹਿਲੂ ਹੈ। ਸਰਮਾਏਦਾਰੀ ਢਾਂਚੇ ਦੇ ਪੁਖਤਾ ਹੋਣ ਨਾਲ ਆਰਥਕ, ਸਮਾਜਕ, ਰਾਜਨੀਤਕ ਢਾਂਚੇ ਵਿਚ ਭ੍ਰਿਸ਼ਟਾਚਾਰ, ਕੁਨਬਾਪ੍ਰਵਰੀ, ਰਿਸ਼ਵਤਖੋਰੀ ਇਸ ਕਦਰ ਵਧੀਆਂ ਹਨ ਕਿ ਨੌਜਵਾਨਾਂ ਨੂੰ ਆਪਣਾ ਭਵਿੱਖ ਧੁੰਦਲਾ ਹੀ ਨਹੀਂ ਸਗੋਂ ਹਨੇਰਾ ਦਿਸ ਰਿਹਾ ਹੈ। ਕਾਲਜਾਂ ਦੇ ਪ੍ਰੋਫੈਸਰਾਂ ਨਾਲ ਮਿਲਣ ਤੋਂ ਇਹ ਹੀ ਪ੍ਰਭਾਵ ਮਿਲਦਾ ਹੈ ਕਿ ਨਾ ਤਾਂ ਵਿਦਿਅਕ ਢਾਂਚੇ ਵਿਚ ਪੜ੍ਹਾਉਣ ਵਾਲਿਆਂ ਨੂੰ ਕੋਈ ਦਿਲਚਸਪੀ ਹੈ ਤੇ ਨਾ ਪੜ੍ਹਨ ਵਾਲਿਆਂ ਨੂੰ। ਏਸੇ ਕਾਰਨ ਨੌਜਵਾਨ ਪੀੜ੍ਹੀ ਵਿਚ ਬੇਚੈਨੀ ਹੈ । ਨੌਕਰੀਆਂ ਦਾ ਆਧਾਰ ਯੋਗਤਾ ਦੀ ਥਾਂ ਸਿਫਾਰਸ਼ ਤੇ ਰਿਸ਼ਵਤ ਹੈ । ਉਂਝ ਵੀ ਸਮਾਜਕ ਜੀਵਨ ਵਿਚ ਰਿਸ਼ਵਤ ਜਿਉਣ ਢੰਗ ਦਾ ਹੀ ਹਿੱਸਾ ਬਣ ਗਿਆ ਹੈ । ਨਾ ਰਿਸ਼ਵਤ ਲੈਣ ਵਾਲੇ ਇਸ ਨੂੰ ਪਾਪ ਸਮਝਦੇ ਹਨ ਤਾਂ ਨਾ ਦੇਣ ਵਾਲੇ। ਅਜਿਹਾ ਅਹਿਸਾਸ ਘਰ ਕਰ ਜਾਣ ਨਾਲ ਜ਼ਿੰਦਗੀ ਦੇ ਹਰ ਪਹਿਲੂ ਵਿਚ ਜ਼ਿੰਦਗੀ ਦੀਆਂ ਕੀਮਤਾਂ ਦੀ ਬੇਕਦਰੀ ਕੋਈ ਅਣਹੋਣੀ ਗੱਲ ਨਹੀਂ । ਦਫ਼ਤਰਾਂ, ਕਚਹਿਰੀਆਂ, ਰੇਲਾਂ, ਬੱਸਾਂ - ਗੱਲ ਕੀ ਹਰ ਥਾਂ ਇਸ ਨੂੰ ਸਮਾਜਕ ਬੁਰਿਆਈ ਸਮਝਣ ਦੀ ਥਾਂ ਜ਼ਿੰਦਗੀ ਦਾ ਸਚ ਮੰਨ ਲਿਆ ਗਿਆ ਹੋਇਆ ਹੈ ।

## ਸਮੁੱਚੀ ਹਾਲਤ

ਪੰਜਾਬ ਦੇ ਸਮਾਜਕ, ਆਰਥਿਕ ਤੇ ਰਾਜਨੀਤਕ ਹਾਲਾਤ ਵਲ ਦੇਖਦਿਆਂ ਜਾਪਦਾ ਹੈ ਕਿ ਭਾਰਤ ਦੇ ਸਮੁੱਚੇ ਪ੍ਰਸੰਗ ਵਿਚ ਦੇਖਦਿਆਂ ਪੰਜਾਬ ਦੀ ਹਾਲਤ ਕੋਈ ਬਹੁਤੀ ਵੱਖਰੀ ਨਹੀਂ । ਜੇ ਇਕ ਪਾਸੇ ਪੰਜਾਬ ਖੇਤੀਬਾੜੀ ਵਿਚ ਮੁੱਖ ਸੂਬਾ ਹੈ ਤੇ ਭਾਰਤ ਦੇ ਸੈਂਟਰਲ ਪੂਲ ਨੂੰ 62 ਫੀਸਦੀ ਕਣਕ ਤੇ 68 ਫੀਸਦੀ ਚੌਲ ਮੁਹੱਈਆ ਕਰਦਾ ਹੈ ਤਾਂ ਪੰਜਾਬ ਦਾ ਇਹ ਹੱਕ ਬਣਦਾ ਹੈ ਕਿ ਕੇਂਦਰੀ ਸਰਕਾਰ ਏਨਾ ਹਿੱਸਾ ਸੈਂਟਰਲ ਪੂਲ ਵਿਚ ਦੇਣ ਲਈ ਪੰਜਾਬ ਨੂੰ ਅਹਿਮ ਸੂਬਾ ਗਿਣਦਿਆਂ ਇਸ ਨੂੰ ਵੱਧ ਤੋਂ ਵੱਧ ਸਹੂਲਤਾਂ ਵੀ ਮੁਹੱਈਆ ਕਰੇ ਵੱਧ ਤੋਂ ਵੱਧ ਪਾਣੀ, ਵੱਧ ਤੋਂ ਵੱਧ ਬਿਜਲੀ, ਵਧੀਆ ਤੋਂ ਵਧੀਆ ਖਾਦ ਤੇ ਬੀਜ, ਸਹੀ ਜਿਨਸ ਦੀ ਕੀਮਤ ਦੇ ਕੇ ਪੰਜਾਬ ਦੀ ਕਿਸਾਨੀ ਨੂੰ ਆੜ੍ਹਤੀਆਂ ਤੇ ਹੋਰ ਸਰਕਾਰੀ ਖਰੀਦ ਫਰੋਖਤ ਕਰਨ ਵਾਲੀਆਂ ਏਜੰਸੀਆਂ ਦੀ ਲੁੱਟ ਤੋਂ ਬਚਾਵੇ । ਇਹ ਇਕੱਲਾ ਪੰਜਾਬ ਦੀ ਕਿਸਾਨੀ ਦੇ ਭਲੇ ਵਿਚ ਹੀ ਨਹੀਂ, ਇਹ ਕੇਂਦਰ ਸਰਕਾਰ ਦੇ ਆਪਣੇ ਭਲੇ ਲਈ ਹੈ । ਇਹ ਕੇਂਦਰ ਸਰਕਾਰ ਦਾ ਪੰਜਾਬ ਤੇ ਕੋਈ ਅਹਿਸਾਨ ਨਹੀਂ ਹੋਵੇਗਾ, ਇਹ ਪੰਜਾਬ ਦੇ ਕੀਤੇ ਅਹਿਸਾਨ ਦਾ ਰਿਣ ਚੁਕਾਉਣਾ ਹੀ ਬਣਦਾ ਹੈ । ਪੰਜਾਬ ਦੀ ਕਿਸਾਨੀ ਦੀਆਂ ਸਮੱਸਿਆਵਾਂ ਸੁਲਝਾਉਣ ਦੀ ਥਾਂ ਉਨ੍ਹਾਂ ਨੂੰ ਉਲਝਾਉਣ ਨਾਲ ਕੇਂਦਰ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਿਹਾ ਹੈ ।

ਅਕਾਲੀ ਮੋਰਚੇ ਦੀ ਲੀਡਰਸ਼ਿਪ ਦੀ ਸਾਰੀ ਟੇਕ ਕਿਸਾਨੀ ਦੇ ਸਿਰ ਤੇ ਹੈ । ਅਕਾਲੀ ਪਾਰਟੀ ਦੀ ਲੀਡਰਸ਼ਿਪ ਜਾਗੀਰਦਾਰੀ ਤੇ ਸਰਮਾਏਦਾਰੀ ਹੱਥਾਂ ਵਿਚ ਹੈ । ਪਰ ਇਸ ਲੀਡਰਸ਼ਿਪ ਕੋਲ ਸਭ ਤੋਂ ਵੱਡਾ ਹਥਿਆਰ ਮਜ਼ਹਬ ਹੈ ਤੇ ਜਦੋਂ ਇਹ ਦੋਵਾਂ ਨੂੰ ਰਲਗੱਡ ਕਰਦੀ ਹੈ ਤਾਂ ਆਰਥਿਕ ਮੰਗਾਂ ਪਿੱਛੇ ਪੈ ਜਾਂਦੀਆਂ ਹਨ । ਪਿਛਲੇ ਸਤਾਰਾਂ ਮਹੀਨੇ ਤੋਂ ਇਹੋ ਕੁਝ ਹੋਇਆ ਹੈ । ਕਾਂਗਰਸ ਵੀ ਸਰਮਾਏਦਾਰੀ ਤੇ ਜਾਗੀਰਦਾਰੀ ਦਾ ਮਿਲਗੋਭਾ ਹੈ ਪਰ ਇਸ ਤੇ ਜਾਗੀਰੂ ਨਾਲੋਂ ਸਰਮਾਏਦਾਰੀ ਭਾਰੂ ਹੈ । ਸ਼ਹਿਰਾਂ ਦੀ ਸਾਰੀ ਸਰਮਾਏਦਾਰੀ ਦੀ ਸਰਦਾਰੀ ਇਸ ਨੂੰ ਪ੍ਰਾਪਤ ਹੈ । ਤੇ ਸਰਮਾਏਦਾਰੀ ਕੋਲ ਵੱਧ ਸਹੂਲਤਾਂ ਦੇਣ ਦੀ ਗੁੰਜਾਇਸ਼ ਹੈ । ਹਰੀਜਨਾਂ ਨੂੰ ਸਹੂਲਤਾਂ ਦੇ ਬਲਬੂਤੇ ਇਸ ਨੇ ਆਪਣੇ ਨਾਲ ਜੋੜਿਆ ਹੈ । ਜਦ ਕਿ ਛੋਟੀ ਕਿਸਾਨੀ ਤੇ ਹਰੀਜਨਾਂ ਦੇ ਹਿੱਤ ਇਕ ਹਨ - ਫਿਰ ਵੀ ਛੋਟੀ ਕਿਸਾਨੀ ਨੂੰ ਅਕਾਲੀ ਦਲ ਵਰਤ ਰਿਹਾ ਹੈ ਤੇ ਹਰੀਜਨਾਂ ਨੂੰ ਕਾਂਗਰਸ । ਜਦ ਕਿ ਛੋਟੀ ਕਿਸਾਨੀ ਅਤੇ ਹਰੀਜਨਾਂ ਨੂੰ ਜੇ ਕੋਈ ਰਾਹਤ ਦਿਵਾ ਸਕਦਾ ਹੈ ਤਾਂ ਉਹ ਪਾਰਟੀ ਹੀ ਹੋ ਸਕਦੀ ਹੈ ਜੋ ਉਨ੍ਹਾਂ ਦੇ ਹਿਤਾਂ ਲਈ ਲੜੇ ਜਿਸਦੀ ਬੁਨਿਆਦ ਆਰਥਕ ਬਰਾਬਰਤਾ ਲਿਆਉਣ ਉਤੇ ਅਧਾਰਤ ਹੋਵੇ ।

ਪੰਜਾਬ ਵਿਚ ਆਰਥਿਕਤਾ ਨੂੰ ਆਧਾਰ ਬਨਾਉਣ ਵਿਚ ਨਾ ਕਾਂਗਰਸ ਨੂੰ ਦਿਲਚਸਪੀ ਹੈ ਤੇ ਨਾ ਅਕਾਲੀ ਪਾਰਟੀ ਨੂੰ । ਇਨ੍ਹਾਂ ਦੋਵਾਂ ਦਾ ਮੁੱਖ ਮੰਤਵ ਮਜ਼ਦੂਰ, ਛੋਟੀ ਕਿਸਾਨੀ ਤੇ ਖੇਤ ਮਜ਼ਦੂਰ ਨੂੰ ਆਪਣੇ ਹਿੱਤਾਂ ਲਈ ਵਰਤਣਾ ਹੈ । ਜਿੰਨਾ ਚਿਰ ਲੜਾਈ ਜਮਾਤੀ ਹਿੱਤਾਂ ਦੀ ਥਾਂ ਜ਼ਾਤੀ ਹਿੱਤਾਂ ਦੀ ਹੈ ਪੰਜਾਬ ਦਾ ਕਲਿਆਣ ਨਾ ਕਾਂਗਰਸ ਦੇ ਵੱਸ ਦਾ ਰੋਗ ਹੈ, ਨਾ ਅਕਾਲੀ ਪਾਰਟੀ ਦੇ ।

ਪੰਜਾਬ ਵਿਚ ਜਦ ਤੋਂ ਭਾਰਤ ਵਿਚ ਹੋਮਰੂਲ ਤੋਂ ਲੈ ਕੇ ਵਜ਼ਾਰਤਾਂ ਬਣੀਆਂ ਹਨ ਤਾਂ ਅਕਾਲੀ ਤੇ ਕਾਂਗਰਸੀ ਸਦਾ ਇਕ ਤੋਂ ਦੂਜੀ ਪਾਰਟੀ ਵਿਚ ਮੌਜ ਨਾਲ ਤਬਦੀਲ ਹੋ ਜਾਂਦੇ ਹਨ । ਗਿਆਨੀ ਕਰਤਾਰ ਸਿੰਘ, ਜਿਨ੍ਹਾਂ ਨੂੰ 'ਸਿਖਾਂ ਦਾ ਦਿਮਾਗ' ਕਿਹਾ ਜਾਂਦਾ ਸੀ - ਹਰ ਦੂਜੇ ਸਾਲ ਅਕਾਲੀ ਤੇ ਤੀਜੇ ਸਾਲ ਕਾਂਗਰਸ ਵਿਚ ਰਲਦੇ ਰਹੇ ਹਨ । ਇਹੀ ਹਾਲ ਹੁਕਮ ਸਿੰਘ, ਬਲਦੇਵ ਸਿੰਘ ਦਾ ਰਿਹਾ ਹੈ । ਅੱਜ ਦੇ ਬੂਟਾ ਸਿੰਘ ਨੂੰ ਹੀ ਲੈ ਲਓ । ਇਹ ਪਹਿਲਾਂ ਅਕਾਲੀ ਐਮ. ਪੀ. ਸਨ, ਹੁਣ ਕਾਂਗਰਸੀ ਐਮ. ਪੀ. । ਬਲਵੰਤ ਸਿੰਘ ਪਹਿਲਾਂ ਕਾਂਗਰਸੀ, ਹੁਣ ਅਕਾਲੀ । ਹੁਣ 'ਖਾਲਿਸਤਾਨ' ਦੇ 'ਸ੍ਵੈ-ਸਜੇ ਰਾਸ਼ਟਰਪਤੀ' ਨੂੰ ਲੈ ਲਓ । ਇਹ ਲਗਭਗ ਹਰ ਪਾਰਟੀ ਦਾ ਜ਼ਾਇਕਾ ਲੈ ਚੁੱਕੇ ਹਨ ।

ਇਸ ਲਈ ਪੰਜਾਬ ਦੀ ਸਮੱਸਿਆ ਨੂੰ ਉਲਝਾਉਣ ਵਿਚ ਇਨ੍ਹਾਂ ਕਾਂਗਰਸੀ ਤੇ ਅਕਾਲੀ ਭੱਦਰ ਪੁਰਸ਼ਾਂ ਦੀਆਂ ਆਪਣੀਆਂ ਕਰਨੀਆਂ ਹਨ । ਸਜ਼ਾ ਉਹ ਲੋਕ ਭੁਗਤਦੇ ਹਨ ਜੋ ਇਨ੍ਹਾਂ ਦੇ ਜਮਾਤੀ ਖਾਸੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ।

# ਪੰਜਾਬੀ ਆਵਾਸੀ ਅਤੇ ਉਹਨਾਂ ਨੂੰ ਮਿਲਦੇ ਕੰਮ

(ਵੈਨਕੂਵਰ ਵਿਚ ਰਹਿੰਦੇ ਕੁਝ ਸਾਥੀਆਂ ਦੇ ਮਿਲ ਬੈਠਣ ਦੀ ਭਾਵਨਾ ਨੇ 'ਸੱਥ' ਦਾ ਰੂਪ ਧਾਰਿਆ । ਜਿਸ ਦਾ ਮੁਖ ਮੰਤਵ ਹੈ : ਰੋਜ਼ਾਨਾ ਜ਼ਿੰਦਗੀ 'ਚ ਲੋਕਾਂ ਨੂੰ ਦਰਪੇਸ਼ ਆਉਂਦੇ ਮਸਲਿਆਂ ਉਪਰ ਵਿਚਾਰ-ਵਿਟਾਂਦਰਾ ਕਰਨਾ ਅਤੇ ਇਸ ਵਿਚਾਰ-ਵਿਟਾਂਦਰੇ ਨੂੰ ਲਿਖਤੀ ਰੂਪ ਦੇਣਾ । 'ਪੰਜਾਬੀ ਆਵਾਸੀ ਅਤੇ ਉਹਨਾਂ ਨੂੰ ਮਿਲਦੇ ਕੰਮ' ਇਸ ਸੱਥ ਵੱਲੋਂ ਤਿਆਰ ਕੀਤਾ ਦੂਜਾ ਲੇਖ ਹੈ । ਇਸ ਲੇਖ ਨੂੰ ਤਿਆਰ ਕਰਨ ਵਿਚ ਇਹਨਾਂ ਸਾਥੀਆਂ ਨੇ ਭਾਗ ਲਿਆ— ਅਮਰਜੀਤ ਚਾਹਲ, ਸਰਵਣ ਬੋਲ, ਭੁਪਿੰਦਰ ਢਿਲੋਂ, ਸੁਖਵੰਤ ਹੁੰਦਲ, ਅਤੇ ਸਾਧੂ)

ਇਸ ਲੇਖ ਵਿਚ ਅਸੀਂ ਬਰਿਟਿਸ਼ ਕੋਲੰਬੀਆਂ ਵਿਚ ਵਸਦੇ ਪੰਜਾਬੀ ਆਵਾਸੀਆਂ(immigrants) ਦੇ ਇਥੇ ਆਉਣ ਬਾਰੇ ਤੇ ਉਹਨਾਂ ਨੂੰ ਮਿਲਦੇ ਕਿੱਤਿਆਂ ਬਾਰੇ ਵਿਚਾਰ ਕਰਾਂਗੇ । ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਪੰਜਾਬੀ ਆਮ ਤੌਰ ਤੇ ਆਰਥਿਕ ਤੇ ਸਮਾਜਿਕ ਪੱਖੋਂ ਕੈਨੇਡੀਅਨ ਸਮਾਜ ਦੇ ਹੇਠਲੇ ਪੱਧਰ ਤੇ ਵਿਚਰਦੇ ਹਨ । ਇਹਨਾਂ ਦੀ ਬਹੁ ਗਿਣਤੀ ਨੂੰ ਅਕਸਰ ਉਹ ਕੰਮ ਹੀ ਮਿਲਦੇ ਹਨ, ਜਿਹਨਾਂ ਵਿਚ ਤਨਖਾਹ ਬਹੁਤ ਥੋੜ੍ਹੀ ਹੁੰਦੀ ਹੈ, ਕੰਮ ਸਖਤ ਹੁੰਦਾ ਹੈ ਤੇ ਇਹ ਕੰਮ ਬਹੁਤੀ ਵਾਰੀ ਗੋਰੇ ਲੋਕਾਂ ਵੱਲੋਂ ਅਣਚਾਹਿਆ ਹੁੰਦਾ ਹੈ । ਜਿਵੇਂ ਅਸੀਂ ਦੇਖਦੇ ਹਾਂ ਕਿ ਫਰੇਜਰ ਵੈਲੀ ਦੇ ਫਾਰਮਾਂ ਵਿਚ ਕੰਮ ਕਰਨ ਵਾਲਿਆਂ ਦੀ ਬਹੁਗਿਣਤੀ ਪੰਜਾਬੀਆਂ ਦੀ ਹੈ । ਵੈਨਕੂਵਰ ਤੇ ਆਸ ਪਾਸ ਦੇ ਸਕੂਲਾਂ, ਹਸਪਤਾਲਾਂ, ਦਫਤਰਾਂ ਤੇ ਬੈਂਕਾਂ ਆਦਿ ਦੀ ਸਫਾਈ ਦਾ ਕੰਮ ਵੀ ਬਹੁਤੇ ਪੰਜਾਬੀ ਕਰਦੇ ਹਨ । ਟੈਕਸੀ ਚਲਾਉਣ ਦਾ ਜਿਸਮਾਨੀ ਤੌਰ ਤੇ ਥਕਾਊ ਤੇ ਘੱਟ ਤਨਖਾਹ ਵਾਲਾ ਕੰਮ ਵੀ ਬਹੁਤੇ ਪੰਜਾਬੀ ਕਰਦੇ ਹਨ । ਹੋਰ ਵੀ ਇਹੋ ਜਿਹੇ ਕਈ "ਘਟੀਆ" ਕੰਮ(ਇਸ ਸਮਾਜ ਵਿਚ ਕੰਮ ਨੂੰ ਘਟੀਆ ਬਣਾ ਦਿਤਾ ਗਿਆ ਹੈ) ਕਰਦੇ ਹਨ । ਇਹਨਾਂ ਕੰਮਾਂ ਉਪਰ ਪੰਜਾਬੀਆਂ ਦਾ ਸ਼ਰੇਆਮ ਸ਼ੋਸ਼ਣ(ਲੁੱਟ-ਖਸੁੱਟ) ਹੁੰਦਾ ਹੈ । ਇਥੋਂ ਦੀ ਸਰਕਾਰ ਇਸ ਬਾਰੇ ਕੋਈ ਪਰਵਾਹ ਨਹੀਂ ਕਰਦੀ, ਸਗੋਂ ਨਸਲ, ਰੰਗ ਤੇ ਧਰਮ ਨੂੰ ਮਜ਼ਦੂਰ ਜਮਾਤ ਨੂੰ ਹਮੇਸ਼ਾਂ ਪਾੜਨ ਦੀ ਨੀਤੀ ਤੇ ਚਲਦੀ ਹੈ । ਦੂਜੇ ਮੁਲਕਾਂ ਨਾਲ ਮੁਕਾਬਲਾ ਕਰਨ ਤੇ ਕੈਨੇਡਾ ਵਿਚ ਹਾਲਾਤ ਭਾਵੇਂ ਇਨੇ ਮਾੜੇ ਨਹੀਂ, ਪਰ ਇਸ ਤੋਂ ਇਹ ਮਤਲਬ ਨਹੀਂ ਕੱਢਿਆ ਜਾ ਸਕਦਾ ਕਿ ਇਥੇ ਹਾਲਾਤ ਮਾੜੇ ਹੈ ਹੀ ਨਹੀਂ । ਗਰੀਬ ਦੀ ਸਹੀ ਪਰੀਭਾਸ਼ਾ ਤੁਲਨਾਤਮਕ ਹੁੰਦੀ ਹੈ । ਅਮੀਰ ਮੁਲਕ ਦਾ ਗਰੀਬ, ਗਰੀਬ ਮੁਲਕ ਦੇ ਅਮੀਰ ਵਰਗਾ ਜੀਵਨ ਜਿਉਂਦਾ ਹੋ ਸਕਦਾ ਹੈ ।

ਕੀ ਇਹ ਸਥਿਤੀ ਸਿਰਫ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੀ ਹੀ ਹੈ ਜਾਂ ਦੁਨੀਆਂ ਦੇ ਹੋਰ ਲੋਕ ਵੀ ਇਹੋ ਜਿਹੀਆਂ ਹਾਲਤਾਂ ਦਾ ਸਾਹਮਣਾ ਕਰ ਰਹੇ ਹਨ ? ਕੀ ਪੰਜਾਬੀਆਂ ਨਾਲ ਹੁੰਦਾ ਨਸਲੀ ਵਿਤਕਰਾ ਸਿਰਫ ਇਥੋਂ ਦੇ ਗੋਰੇ ਲੋਕਾਂ ਦੇ ਮਨਾਂ ਵਿਚ ਕੋਈ ਰੱਬੋਂ ਵਸਦੀ ਨਫਰਤ ਕਰਕੇ ਹੈ ਜਾਂ ਇਸਦੇ ਕੋਈ ਹੋਰ ਕਾਰਨ ਹਨ ? ਕੀ ਨਸਲ, ਰੰਗ ਤੇ ਧਰਮ ਦੇ ਨਾਂ 'ਤੇ ਵਿਤਕਰਾ ਸਿਰਫ ਪੰਜਾਬੀਆਂ ਨਾਲ ਹੀ ਹੁੰਦਾ ਹੈ ਜਾਂ ਹੋਰਨਾਂ ਨਾਲ ਵੀ ? ਇਸ ਤੋਂ ਵੀ ਜ਼ਰੂਰੀ ਦੇਖਣ ਵਾਲੀ ਗੱਲ ਹੈ ਕਿ, ਕੀ ਆਪਣਾ ਦੇਸ਼ ਛੱਡ ਕੇ ਦੂਜੇ ਮੁਲਕ ਵਿਚ ਮਜ਼ਦੂਰੀ ਦੀ ਭਾਲ ਵਿਚ ਜਾਣਾ ਸਾਡਾ ਸਾਰਿਆਂ ਦਾ ਵਿਅਕਤੀਗਤ ਫੈਸਲਾ ਹੈ ਜਾਂ ਇਸ ਪਿਛੇ ਕੰਮ ਕਰਦੇ ਕੁਝ ਹੋਰ ਕਾਰਨ ਹਨ । ਜਿਹੜੇ ਸਾਨੂੰ ਤੇ ਸਾਡੇ ਵਰਗੇ ਹੋਰਨਾਂ ਲੋਕਾਂ ਨੂੰ ਘਰੋਂ ਬੇਘਰ ਹੋਣ ਲਈ ਮਜਬੂਰ ਕਰਦੇ ਹਨ ? ਇਹੋ ਜਿਹੇ ਅਨੇਕਾਂ ਸਵਾਲ ਹਨ, ਜਿਹਨਾਂ ਤੇ ਸਾਨੂੰ ਵਿਚਾਰ ਕਰਨੀ ਚਾਹੀਦੀ ਹੈ । ਇਸ ਲੇਖ ਵਿਚ ਅਸੀਂ ਇਹਨਾਂ ਬਾਰੇ ਸੰਖੇਪ ਰੂਪ ਵਿਚ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ । ਇਸ ਦੇ ਨਾਲ ਇਸ ਗੱਲ 'ਤੇ ਵੀ ਵਿਚਾਰ ਕੀਤੀ ਜਾਵੇਗੀ ਕਿ ਆਪਣੇ ਲੋਕ ਇਹਨਾਂ ਕਿੱਤਿਆਂ ਵਿਚ ਕਿਵੇਂ ਪਹੁੰਚਦੇ ਹਨ ਅਤੇ ਉਹਨਾਂ ਨੂੰ ਇਸ ਗੱਲ ਦੀ ਸ਼ੱਕ ਤੱਕ ਨਹੀਂ ਹੁੰਦੀ ਕਿ ਉਹਨਾਂ ਦੇ ਇਹਨਾਂ ਥਾਵਾਂ ਵਿਚ ਪਹੁੰਚਣ ਪਿਛੇ ਕੋਈ ਉਹਨਾਂ ਦੀ ਨਜ਼ਰ ਅਤੇ ਪਹੁੰਚ ਤੋਂ ਪਰ੍ਹੇ ਵੀ ਕਾਰਨ ਹਨ ।

ਚੰਗੇ ਜੀਵਨ ਦੀ ਭਾਲ ਵਿਚ ਮਨੁੱਖ ਦਾ ਇਕ ਥਾਂ ਤੋਂ ਦੂਜੀ ਥਾ ਜਾਣੇ ਜਾਂਦੇ ਇਤਿਹਾਸ ਤੋਂ ਵੀ ਪੁਰਾਣਾ ਹੈ । ਮਨੁੱਖ ਹਮੇਸ਼ਾਂ ਹੀ ਚੰਗੇ ਵਾਤਾਵਰਣ, ਉਪਜਾਊ ਧਰਤੀ ਤੇ ਹੋਰ ਜੀਵਨ ਲਈ ਸੁਖਾਂਵੀਆਂ ਵਸਤਾਂ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ । ਖੇਤੀ ਬਾੜੀ ਅਤੇ ਪਸ਼ੂ ਪਾਲਣ ਦੀ ਜਾਚ ਤੋਂ ਪਹਿਲਾਂ ਤਾਂ ਨਵੀਆਂ ਥਾਵਾਂ ਲੱਭਣਾ ਜੀਵਨ ਨੂੰ ਚਲਦਾ ਰੱਖਣ ਦਾ ਇਕੋ ਇਕ ਰਾਹ ਸੀ । ਖੇਤੀ ਬਾੜੀ ਅਤੇ ਪਸ਼ੂ ਪਾਲਣ ਨਾਲ ਮਨੁੱਖ ਨੇ ਕਈ ਥਾਂਈ ਪੱਕੇ ਤੌਰ 'ਤੇ ਰਹਿਣਾ ਸ਼ੁਰੂ ਕਰ ਦਿਤਾ ਪਰ ਇਹਦੇ ਨਾਲ ਵੀ ਨਵੇਂ ਥਾਂਵਾਂ ਦੀ ਭਾਲ ਵਿਚ ਜਾਣਾ ਬੰਦ ਨਾ ਹੋਇਆ । ਧਰਤੀ ਦੀ ਉਪਜਾਵਕਤਾ, ਵਾਤਾਵਰਣ ਤੇ ਅਨੇਕਾਂ ਹੀ ਹੋਰ ਅਜਿਹੇ ਕਾਰਨਾਂ ਕਰਕੇ ਵੱਖਰੇ ਵੱਖਰੇ ਥਾਂਈਂ ਵਸਦੇ ਲੋਕਾਂ ਨ ਵੱਖਰੀ ਚਾਲੇ ਵਿਕਾਸ ਕਰਨਾ ਸ਼ੁਰੂ ਕੀਤਾ ਤੇ ਇਸ ਤਰਾਂ ਦੁਨੀਆਂ ਦੇ ਵੱਖਰੇ ਹਿਸਿਆਂ ਵਿਚ ਵੱਖਰੇ ਸਮਾਜ ਵਿਕਾਸ ਦੇ ਵੱਖਰੇ ਪੜਾਵਾਂ ਤੇ ਪਹੁੰਚੇ । ਵਿਕਾਸ ਦਾ ਇਹ ਵਿਖਰੇਵਾਂ ਇਤਿਹਾਸ ਵਿਚ ਇਕੋ ਸਮੇਂ ਵਿਚਰਦਾ ਰਿਹਾ । ਜਿਵੇਂ ਜਦੋਂ ਭਾਰਤੀ ਤੀ ਚੀਨੀ ਸੱਭਿਆਤਾਵਾਂ ਕਾਫੀ ਵਿਕਾਸ ਕਰ ਚੁੱਕੀਆਂ ਸਨ ਤਾਂ ਯੌਰਪੀਅਨ ਤੇ ਹੋਰ ਲੋਕ ਅਜੇ ਕਾਫੀ ਪਿੱਛੇ ਸਨ । ਫੇਰ ਇਸ ਤਰ੍ਹਾਂ ਜਦੋਂ ਯੋਰਪੀਅਨ ਕੌਮਾਂ ਵਿਕਾਸ ਦੇ ਨਵੇਂ ਪੜਾਅ ਤੇ ਪਹੁੰਚੀਆਂ ਤਾਂ ਦੂਸਰੀਆਂ ਕੌਮਾਂ ਉਹਨਾਂ ਤੋਂ ਕਾਫੀ ਪਿੱਛੇ ਰਹਿ ਗਈਆਂ ।

ਸਮਾਜਾਂ ਦਾ ਇਹ ਵੱਖਰਾ ਵਿਕਾਸ ਲੋਕਾਂ ਦਾ ਇਕ ਥਾਂ ਤੋਂ ਦੂਜੀ ਥਾਂ ਜਾਣ ਦਾ ਕਾਰਨ ਬਣਦਾ ਹੈ । ਇਸ ਕਿਰਿਆ ਦੇ ਵੱਖਰੇ ਵੱਖਰੇ ਰੂਪ ਅਤੇ ਕਾਰਨ ਹੋ ਸਕਦੇ ਹਨ । ਜਿਵੇਂ ਅਠਾਰਵੀਂ ਤੇ ਉਨੀਵੀਂ ਸਦੀ ਵਿਚ ਯੋਰਪ ਵਿਚੋਂ ਬਹੁਤੇ ਲੋਕ ਆਪਣੀਆਂ ਜਿੱਤੀਆਂ ਹੋਈਆਂ ਬਸਤੀਆਂ ਵਿਚ ਜਾ ਕੇ ਵਸਣ ਲੱਗੇ । ਉਤਰੀ ਅਮਰੀਕਾ, ਦੱਖਣੀ ਅਮਰੀਕਾ ਤੇ ਅਫਰੀਕਾ ਦੇ ਲੋਕ ਕਿਉਂਕਿ ਅਜੇ ਵਿਕਾਸ ਵਿਚ ਕਾਫੀ ਪਿਛੇ ਸਨ ਅਤੇ ਉਹ ਧਰਤੀ ਦੇ ਸੋਮਿਆਂ ਦਾ ਪਰਾ ਉਪਯੋਗ ਨਹੀਂ ਕਰ ਸਕੇ ਸਨ, ਇਹ ਯੋਰਪੀਅਨ ਲੋਕਾਂ ਲਈ ਫਾਇਦੇ ਦੀ ਗੱਲ ਸੀ । ਉਹ ਇਸ ਧਰਤੀ ਦੇ ਸੋਮਿਆਂ, ਸਣੇ ਇਥੋਂ ਦੇ ਲੋਕਾਂ ਦਾ, ਸ਼ੋਸ਼ਣ ਕਰਕੇ ਮਾਲਾ ਮਾਲ ਹੋ ਸਕਦੇ ਸਨ, ਤੇ ਉਹ ਹੋਏ ਵੀ । ਇਸੇ ਤਰ੍ਹਾਂ ਉਨੀਵੀਂ ਸਦੀ ਦੇ ਪਿਛਲੇ ਅੱਧ ਤੇ ਵੀਹਵੀਂ ਸਦੀ ਵਿਚ ਲੋਕਾਂ ਦਾ ਇਕ ਥਾਂ ਤੋਂ ਦੂਜੀ ਥਾ ਜਾਣ ਦਾ ਕਾਰਨ ਪਹਿਲਾਂ ਨਾਲੋਂ ਬਦਲ ਕੇ ਸਿਰਫ ਰੋਜ਼ੀ (ਤਨਖਾਹ ਵਾਲਾ ਕੰਮ) ਦੀ ਭਾਲ ਤੱਕ ਸੀਮਤ ਹੋ ਗਿਆ । ਇਸ ਦਾ ਮੁੱਖ ਕਾਰਨ ਸਰਮਾਏਦਾਰੀ ਢਾਂਚੇ ਦਾ ਸਥਾਪਤ ਹੋਣਾ ਤੇ ਆਪਣੇ ਮੁਨਾਫੇ ਲਈ ਵਾਧੂ ਮਜ਼ਦੂਰਾਂ ਦੀ ਸੰਖਿਆ ਨੂੰ ਜਨਮ ਦੇਣਾ ਸੀ । ਸਰਮਾਏਦਾਰੀ ਪ੍ਰਬੰਧ ਨੇ ਸਿਰਫ ਸਰਮਾਏਦਾਰੀ ਮੁਲਕਾਂ ਵਿਚ ਹੀ ਨਹੀਂ, ਸਗੋਂ ਉਹਨਾਂ ਮੁਲਕਾਂ ਵਿਚ ਵੀ ਜਿਹੜੇ ਸਰਮਾਏਦਾਰ ਮੁਲਕਾਂ ਉਪਰ ਨਿਰਭਰ ਸਨ, ਵਾਧੂ ਮਜ਼ਦੂਰਾਂ ਦੀ ਹੋਂਦ ਨੂੰ ਜਨਮ ਦਿਤਾ ਅਤੇ ਇਹ ਵਾਧੂ ਮਜ਼ਦੂਰ ਵਾਧੂ ਸਰਮਾਏ ਵਾਂਗ ਹੀ ਲੋੜ ਮੁਤਾਬਕ ਇਕ ਥਾਂ ਤੋਂ ਦੂਜੀ ਥਾਂ ਢੋਏ ਜਾਣ ਲੱਗੇ । ਭਾਰਤੀ ਲੋਕਾਂ ਨੂੰ ਦੂਰ ਦਰੇਡੀਆਂ ਅੰਗਰੇਜ਼ ਬਸਤੀਆਂ ਵਿਚ ਲੈ ਜਾਣਾ ਜਾਂ ਇਸ ਸਦੀ ਵਿਚ ਉਹਨਾਂ ਦਾ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੁਣ ਅਰਬ ਮੁਲਕਾਂ ਵਿਚ ਰੋਜ਼ੀ ਦੀ ਭਾਲ 'ਚ ਜਾਣਾ ਸਰਮਾਏਦਾਰੀ ਢਾਂਚੇ ਦੇ ਸੰਸਾਰ ਉਪਰ ਕਾਬਜ਼ ਹੋਣ ਦੇ ਕਾਰਨ ਕਰਕੇ ਹੀ ਹੈ ।

ਮੌਜੂਦਾ ਪ੍ਰਬੰਧ ਵਿਚ ਹਰ ਸਨਅਤੀ ਤੌਰ ਤੇ ਤਰੱਕੀ ਕਰ ਚੁੱਕੇ ਅਮੀਰ ਮੁਲਕਾਂ ਵਿਚ, ਘੱਟ ਤਰੱਕੀ ਵਾਲੇ ਗਰੀਬ ਮੁਲਕਾਂ ਵਿਚੋਂ ਮਜ਼ਦੂਰ ਰੋਜ਼ੀ ਦੀ ਭਾਲ ਵਿਚ ਆਏ ਹੋਏ ਹਨ । ਇਹਨਾਂ ਮੁਲਕਾਂ ਵਿਚ ਬਾਹਰੋਂ ਆਏ ਮਜ਼ਦੂਰਾਂ ਨੂੰ ਵੱਖੋ ਵੱਖਰੇ ਹੱਕ ਪ੍ਰਾਪਤ ਹਨ । ਹਰ ਮੁਲਕ ਵਿਚ ਕਾਨੂੰਨੀ ਤੇ ਗੈਰ-ਕਾਨੂੰਨੀ ਆਵਾਸੀ ਮਜ਼ਦੂਰ ਮੌਜੂਦ ਹਨ । ਪੱਛਮੀ ਯੋਰਪ ਤੇ ਅਮਰੀਕਾ, ਕੈਨੇਡਾ ਵਿਚ ਇਹ ਆਵਾਸੀ ਘੱਟ ਤਨਖਾਹ ਵਾਲੇ ਤੇ ਇਹਨਾਂ ਮੁਲਕਾਂ ਦੇ ਬਾਸ਼ਿੰਦੇ ਗੋਰੇ ਲੋਕਾਂ ਵਲੋਂ ਅਣਚਾਹੇ ਕੰਮ ਕਰਦੇ ਹਨ । ਭਾਵੇਂ ਕੁਝ ਆਵਾਸੀ ਇਹਨਾਂ ਮੁਲਕਾਂ ਵਿਚ ਚੰਗੇ ਕਿਤਿਆਂ 'ਤੇ ਵੀ ਲੱਗੇ ਹੋਏ ਹਨ, ਪਰ ਬਹੁ-ਗਿਣਤੀ ਸਮਾਜਕ ਪੌੜੀ ਦੇ ਹੇਠਲੇ ਡੰਡਿਆਂ ਤੇ ਵਿਚਰਦੀ ਹੈ । ਬਰਿਟਿਸ਼

(ਬਾਕੀ ਪੰਨਾ 6 ਤੇ)

## 'ਅਣਖੀ-ਲੇ' ਯੋਧੇ ਦਾ ਖਤ

ਸਾਡੇ ਇਕ ਸਮਕਾਲੀ ਨੇ 'ਅਣਖੀ-ਲੇ' ਯੋਧੇ ਦਾ ਖਤ ਛਾਪਿਆ ਹੈ ਜਿਸਦੀ ਬੋਲੀ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ 'ਅਣਖੀ-ਲਾ' ਯੋਧਾ ਖਫਾ ਖੂਨ ਹੋਇਆ ਪਿਆ ਹੈ ਕਿ ਲੋਕਾਂ ਵਿਚ ਉਸਦੀਆਂ ਕਾਲੀਆਂ ਕਰਤੂਤਾਂ ਦਾ ਪਾਜ ਖੁਲ੍ਹ ਗਿਆ ਹੈ । ਇਸ ਅਣਖੀਲੇ ਯੋਧੇ ਵਿਚ ਏਨੀ ਹਿੰਮਤ ਨਹੀਂ ਕਿ ਘੱਟੋ ਘੱਟ ਆਪਣੇ ਸਹੀ ਨਾਂ ਦਾ ਇਸਤੇਮਾਲ ਕਰ ਸਕੇ । ਪਰ 'ਗਟਰ' ਵਿਚ ਡਿੱਗੇ ਆਦਮੀ ਦੇ ਮੂੰਹੋਂ ਅਜੇਹੀ ਭਾਸ਼ਾ ਹੀ ਨਿਕਲ ਸਕਦੀ ਹੈ । ਅਸੀਂ ਉਸ ਬੋਤਲ ਦੇ ਪੁਜਾਰੀ ਨੂੰ ਕੇਵਲ ਏਨਾ ਹੀ ਕਹਿਣਾ ਚਾਹੁੰਦੇ ਹਾਂ ਕਿ 'ਕੈਨੇਡਾ ਦਰਪਣ' ਤੇ ਉਂਗਲੀ ਉਠਾਉਣ ਤੋਂ ਪਹਿਲਾਂ ਆਪਣੇ ਗਿਰੇਵਾਨ ਵਿਚ ਝਾਤੀ ਮਾਰ ਲਵੇ ਕਿ ਜੋ ਆਦਮੀ ਭਾਰਤ, ਇੰਗਲੈਂਡ ਅਤੇ ਫਿਰ ਕੈਨੇਡਾ ਵਿਚ ਆਪਣੀ ਪਾਰਟੀ ਦੀ ਪਿੱਠ ਵਿਚ ਛੁਰਾ ਖੋਭ ਸਕਦਾ ਹੈ, ਉਹ ਹੋਰ ਕਿਸੇ ਦਾ ਕੀ ਲਿਹਾਜ਼ ਕਰੇਗਾ ! ਤੇ ਜੇ ਉਸਦਾ ਮਕਸਦ ਨਵੇਂ ਭਾਈਬੰਦਾਂ ਦੇ 'ਧੰਦੇ' ਵਿਚੋਂ ਹਿੱਸਾ ਲੈਣ ਖਾਤਰ ਹੀ 'ਕੈਨੇਡਾ ਦਰਪਣ' ਨੂੰ ਨਿੰਦਣਾ ਹੈ ਤਾਂ ਉਸ ਅਣਖੀਲੇ ਯੋਧੇ ਨੂੰ ਨਵੇਂ ਭਾਈਬੰਦ ਵੀ ਮੁਬਾਰਕ ਤੇ ਨਵਾਂ ਧੰਦਾ ਵੀ !

## ਲਿੰਕਨ : ਜੀਵਨ ਝਲਕ

ਇਕ ਵਾਰ ਲਿੰਕਨ ਦੇ ਇਕ ਦੋਸਤ ਨੇ ਉਸਨੂੰ ਪੁੱਛਿਆ, "ਤੁਸੀਂ ਏਨਾ ਜ਼ਿਆਦਾ ਕਿਉਂ ਪੜ੍ਹਦੇ ਹੋ ?
ਪੜ੍ਹਾਈ ਨਾਲ ਤੁਹਾਨੂੰ ਦੌਲਤ ਕਮਾਉਣ ਵਿਚ ਕੋਈ ਮਦਦ ਨਹੀਂ ਮਿਲੀ ਹੈ

"ਮੈਂ ਦੌਲਤ ਕਮਾਉਣ ਲਈ ਨਹੀਂ ਪੜ੍ਹ ਰਿਹਾ", ਲਿੰਕਨ ਨੇ ਕਿਹਾ । "ਮੈਂ ਇਹ ਜਾਨਣ ਲਈ ਪੜ੍ਹ ਰਿਹਾ ਹਾਂ ਕਿ ਜੇ ਕਦੇ ਦੌਲਤ ਮਿਲ ਗਈ, ਤਾਂ ਉਸਦਾ ਕੀ ਕਰਾਂਗੇ ।

# ਪੰਜਾਬ ਦਰਪਣ

## ਬਾਦਲ ਵਲੋਂ ਆਰਥਕ ਮਸਲਿਆਂ ਤੇ ਏਕੇ ਦਾ ਸੱਦਾ

ਬਠਿੰਡਾ—ਸੀਨੀਅਰ ਅਕਾਲੀ ਲੀਡਰ ਅਤੇ ਸਾਬਕ ਮੁਖ ਮੰਤਰੀ ਪੰਜਾਬ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਨੂੰ ਕਾਂਗਰਸ ਆਈ ਦੀ ਚਨੌਤੀ ਦਾ ਟਾਕਰਾ ਕਰਨ ਲਈ ਅਤੇ ਆਮ ਆਦਮੀ ਦੇ ਹਿਤ, "ਜੇਕਰ ਉਹ ਰਾਜਨੀਤਕ ਮਸਲਿਆਂ ਉਪਰ ਇਕਮੁੱਠ ਨਹੀਂ ਹੋ ਸਕਦੀਆਂ ਤਾਂ", ਆਰਥਕ ਮਸਲਿਆਂ ਉਪਰ ਇਕ ਮੁੱਠ ਹੋ ਜਾਣਾ ਚਾਹੀਦਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਕਾਂਗਰਸ ਦਾ ਬਦਲ ਲੱਭਣ ਵਿਚ ਵਿਰੋਧੀ ਪਾਰਟੀਆਂ ਨੂੰ ਮਿਲਵਰਤਣ ਦੇਣ ਲਈ ਤਿਆਰ ਹੈ। ਉਹਨਾਂ ਹਾਲ ਹੀ ਵਿਚ ਕੋਇਲੇ, ਲੇਵੀ ਦੀ ਖੰਡ ਅਤੇ ਚੌਲਾਂ ਦੀ ਕੀਮਤ ਵਿਚ ਵਾਧੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਗਰੀਬਾਂ ਦੇ ਮੂੰਹ ਵਿਚੋਂ ਰੋਟੀ ਦੀ ਬੁਰਕੀ ਖੋਹਣ ਵਾਲੀ ਗੱਲ ਹੈ—ਨਾਲ ਹੀ ਉਹਨਾਂ ਕਿਹਾ ਕਿ ਕਣਕ ਦੀ ਸਹਾਇਕ ਕੀਮਤ ਵਿਚ ਇਕ ਰੁਪਏ ਦਾ ਵਾਧਾ "ਕਿਸਾਨਾਂ ਨਾਲ ਇਕ ਸ਼ਰਮਨਾਕ ਮਜ਼ਾਕ ਹੈ।"

ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬੀ ਦੀ ਕਿਸਾਨੀ/ਅਨਾਜ ਦੇ ਮੁਹਾਜ਼ 'ਤੇ ਇਸ ਦੇ ਸ਼ਾਨਦਾਰ ਰੋਲ ਦੇ ਰੂਬਰੂ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ। ਉਹਨਾਂ ਤਾੜਨਾ ਕੀਤੀ, "ਜੇ ਪੰਜਾਬ ਦੇ ਕਿਸਾਨ ਨਰਾਜ਼ ਹੋ ਜਾਣ ਤਾਂ ਅਤਿਵਾਦੀ ਸ਼ਕਤੀਆਂ ਉਹਨਾਂ ਨੂੰ ਗੁੰਮਰਾਹ ਕਰ ਸਕਦੀਆਂ ਹਨ।" ਉਹਨਾਂ ਕਿਹਾ ਅਕਾਲੀ ਦਲ ਹਿੰਸਾ ਵਿਚ ਯਕੀਨ ਨਹੀਂ ਰੱਖਦਾ। ਉਹਨਾਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾਂ ਹੀ ਹਿੰਸਾ ਦੀ ਨਿਖੇਧੀ ਕੀਤੀ ਹੈ ਜਦੋਂ ਕਿ ਕਾਂਗਰਸ (ਆਈ) ਸਿਧੇ ਤੌਰ ਤੇ ਹਿੰਸਾ ਨੂੰ ਉਤਸ਼ਾਹਤ ਕਰਦੀ ਅਤੇ ਫੈਲਾਉਂਦੀ ਹੈ। ਸ੍ਰੀ ਬਾਦਲ ਨੇ ਕਿਹਾ ਅਕਾਲੀ ਹਿੰਸਾ ਵਿਚ ਕਾਂਗਰਸ ਆਈ ਦਾ ਹਥ ਸਾਬਤ ਕਰਨ ਲਈ ਤਿਆਰ ਹਨ। ਨਾਲ ਹੀ ਉਹਨਾਂ ਕਿਹਾ ਕਿ ਪੰਜਾਬ ਵਿਚਲੀ ਮੌਜੂਦਾ ਸਥਿਤੀ ਲਈ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ ਅਤੇ ਕੇਂਦਰ ਸਰਕਾਰ ਆਪਣੀ ਰਾਜਨੀਤਕ ਖੇਡ ਲਈ ਜਾਣ ਬੁਝ ਕੇ ਪੰਜਾਬ ਮਸਲੇ ਦੇ ਹਲ ਵਿਚ ਦੇਰੀ ਕਰ ਰਹੀ ਹੈ। ਸ੍ਰੀ ਬਾਦਲ ਨੇ ਕੇਂਦਰ ਸਰਕਾਰ ਵਲੋਂ ਜੰਮੂ ਤੇ ਕਸ਼ਮੀਰ ਕਰਨਾਟਕ ਅਤੇ ਬੰਗਾਲ ਵਰਗੇ ਸੂਬਿਆਂ ਵਿਚ ਗੈਰ ਕਾਂਗਰਸ ਸਰਕਾਰਾਂ ਨੂੰ ਅਸਥਿਰ ਕਰਨ ਦੇ ਯਤਨਾਂ ਦੀ ਨਿਖੇਧੀ ਕੀਤੀ।

ਉਹਨਾਂ ਕਿਹਾ ਕਿ ਅਕਾਲੀ ਦਲ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਕਰ ਰਿਹਾ ਹੈ ਤਾਂ ਜੋ ਕੇਂਦਰ ਪੂਰੀ ਤਰ੍ਹਾਂ ਚੁਣੀਆਂ ਹੋਈਆਂ ਸੂਬਾ ਸਰਕਾਰਾਂ ਨੂੰ ਖਤਮ ਕਰਨ ਲਈ ਆਪਣੇ ਅਧਿਕਾਰ ਦੀ ਦੁਰਵਰਤੋਂ ਨਾ ਕਰ ਸਕੇ। ਸਾਬਕ ਮੁਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ, ਭਾਰਤੀ ਕਮਿਊਨਿਸਟ ਪਾਰਟੀ, ਮਾਰਕਸੀ ਪਾਰਟੀ ਅਤੇ ਜਨਤਾ ਪਾਰਟੀ ਦੇ ਕਿਸਾਨ ਵਿੰਗ ਕਪਾਹ ਉਤਪਾਦਕਾਂ ਦੀਆਂ ਮੰਗਾਂ ਦੀ ਹਮਾਇਤ ਵਿਚ ਬਠਿੰਡਾ, ਫਰੀਦਕੋਟ ਅਤੇ ਸੰਗਰੂਰ ਜ਼ਿਲੇ ਦੇ ਕੁਝ ਹਿੱਸਿਆਂ ਵਿਚ 31 ਜਨਵਰੀ ਨੂੰ 'ਰਸਤਾ ਰੋਕੋ' ਅੰਦੋਲਨ ਕਰਨਗੇ। ਉਹਨਾਂ ਕਿਹਾ ਕਿ ਉਪਰੋਕਤ ਚਾਰੇ ਪਾਰਟੀਆਂ ਨੇ ਪਹਿਲਾਂ ਹੀ ਪੰਜਾਬ ਦੇ ਕਿਸਾਨਾਂ ਨੂੰ ਸੱਦਾ ਦਿਤਾ ਹੋਇਆ ਹੈ ਕਿ ਉਹ ਪੱਕੇ ਖਾਲਿਆਂ ਦੇ ਖਰਚੇ ਅਤੇ ਕਪਾਹ ਖੇਤਰ ਵਿਚ ਸਹਿਕਾਰੀ ਕਰਜ਼ੇ ਨਾ ਤਾਰਨ।

ਸਾਡੇ ਪੱਤਰਪ੍ਰੇਰਕ ਅਨੁਸਾਰ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਵੀ ਕਿਹਾ ਹੈ ਕਿ ਅਕਾਲੀ ਮੋਰਚਾ ਨਾ ਤਾਂ ਖਤਮ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਵਿਚ ਢਿਲ ਆ ਸਕਦੀ ਹੈ। ਇੰਦਰਾ ਗਾਂਧੀ ਦਾ ਇਹ ਬਿਆਨ ਸਿੱਖਾਂ ਦੇ ਅਲੇ ਜ਼ਖਮਾਂ 'ਤੇ ਲੂਣ ਛਿੜਕਣ ਬਰਾਬਰ ਹੈ ਕਿ ਪੰਜਾਬ ਦੀ ਕੋਈ ਸਮਸਿਆ ਨਹੀਂ ਤੇ ਨਾ ਹੀ ਕੋਈ ਮੋਰਚਾ ਉਥੇ ਹੈ। ਉਹਨਾਂ ਪੁਛਿਆ ਕਿ ਜੇ ਕੋਈ ਸਮਸਿਆ ਨਹੀਂ ਤਾਂ ਉਹਨਾਂ (ਇੰਦਰਾ) ਨੇ ਸੰਤ ਲੌਂਗੋਵਾਲ ਨੂੰ ਦਰਜਨਾਂ ਪੱਤਰ ਗਲਬਾਤ ਲਈ ਕਿਉਂ ਲਿਖੇ ਤੇ ਕਈ ਵਾਰੀ ਗਲ ਕਿਉਂ ਕੀਤੀ। ਉਹਨਾਂ ਇਸ ਗਲ ਨੂੰ ਮੁੜ ਦੁਹਰਾਇਆ ਕਿ ਵਧੇਰੇ ਅਧਿਕਾਰਾਂ ਤੋਂ ਬਿਨਾਂ ਸੂਬੇ ਤਰੱਕੀ ਨਹੀਂ ਕਰ ਸਕਦੇ ਅਤੇ ਅਕਾਲੀ ਦਲ ਨੇ ਜੋ ਸੇਧ ਦਿਤੀ ਹੈ ਉਸਦੀ ਸਾਰਾ ਦੇਸ਼ ਰੀਸ ਕਰ ਰਿਹਾ ਹੈ। ਸ: ਬਾਦਲ ਨੇ ਕਿਹਾ ਕਿ ਸਾਨੂੰ ਦੋ ਮੁਹਾਜ਼ਾਂ ਤੇ ਲੜਨਾ ਪੈ ਰਿਹਾ ਹੈ। ਇਕ ਧਰਮ ਯੁਧ ਮੋਰਚਾ ਤੇ ਦੂਜੇ ਕਿਸਾਨ ਦੀ ਫਸਲ(ਨਰਮਾ) ਦੀ ਤਬਾਹੀ। ਉਹਨਾਂ ਸਿੱਖਾਂ ਨੂੰ ਅਪੀਲ ਕੀਤੀ ਕਿ 26 ਜਨਵਰੀ ਨੂੰ ਜੋ ਪਰੋਗਰਾਮ ਅਕਾਲੀ ਦਲ ਦੇਵੇ ਉਸ ਲਈ ਤਤਪਰ ਰਹਿਣ। ਕਾਨਫਰੰਸ ਵਿਚ ਅਕਾਲੀ ਵਿਧਾਇਕ ਸ: ਗੁਰਦੇਵ ਸਿੰਘ ਬਾਦਲ ਨੇ ਵਾਰਨਿੰਗ ਦਿਤੀ ਕਿ ਜੇਕਰ ਅੰਮ੍ਰਿਤਸਰ ਉਤੇ ਅਤੇ ਸੰਤ ਭਿੰਡਰਾਂਵਾਲੇ ਤੇ ਜੇ ਸਰਕਾਰ ਨੇ ਵਧੀਕੀ ਕੀਤੀ ਤਾਂ ਇਸ ਦੇ ਸਿਟੇ ਗੰਭੀਰ ਨਿਕਲਣਗੇ। ਸਾਡੀ ਇਹ ਅੰਤਮ ਲੜਾਈ ਹੈ। ਭਾਈ ਤੇਜ ਸਿੰਘ ਤੇ ਹਰਚੰਦ ਸਿੰਘ ਫਤਣਵਾਲਾ ਐਮ. ਐਲ. ਏ. ਤੋਂ ਛੁਟ ਸੀਨੀਅਰ ਅਕਾਲੀ ਨੇਤਾਵਾਂ ਜਥੇਦਾਰ ਜਗਦੇਵ ਸਿੰਘ ਖੁਡੀਆਂ, ਸ: ਮਲਕੀਅਤ ਸਿੰਘ ਬਰਾੜ, ਸ: ਬਲਬੀਰ ਸਿੰਘ ਬਰਾੜ, ਬਲਦੇਵ ਸਿੰਘ ਸਿਬੀਆ ਸਾਰੇ ਸਰਕਲ ਜਥੇਦਾਰਾਂ ਤੋਂ ਇਲਾਵਾ ਜਥੇਦਾਰ ਸ਼ੇਬੇਗ ਸਿੰਘ ਪ੍ਰਧਾਨ ਸਵਾਗਤੀ ਕਮੇਟੀ ਨੇ ਕਾਨਫਰੰਸ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਤੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਤੇ ਕਿਹਾ ਕਿ ਸਿਖ ਹਿੰਦੂਆਂ ਨਾਲੋਂ ਤੇ ਭਾਰਤ ਨਾਲੋਂ ਵੱਖ ਨਹੀਂ ਹੋਣਾ ਚਾਹੁੰਦੇ ਪਰ ਕੁਝ ਹਿੰਦੂ ਫਿਰਕੂ ਪਰੈਸ ਅਜਿਹੇ ਹਾਲਾਤ ਪੈਦਾ ਕਰ ਰਿਹਾ ਹੈ ਕਿ ਕਾਨਫਰੰਸ ਵਿਚ ਨਿਹੰਗ ਅਜੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ ਅਤੇ ਸ: ਬਾਦਲ ਨੇ ਉਹਨਾਂ ਨੂੰ ਕ੍ਰਿਪਾਨ ਤੇ ਦੋਸ਼ਾਲਾ ਭੇਂਟ ਕੀਤਾ। ਸੰਤ ਲੌਂਗੋਵਾਲ ਵਲੋਂ ਪੁਜਾ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ।

— ਉਸ ਮੁਸਾਫ਼ਰ ਕਾ ਰਾਹੇ ਇਸ਼ਕ ਮੇਂ ਲੂਟਨਾ ਦੇਖੋ,
ਸਾਰਾ ਸਾਮਾਂ ਤੋਂ ਰਹੇ, ਬੇ ਸਰੋ ਸਾਮਾਂ ਹੋ ਜਾਏ।

## ਪ੍ਰ: ਮੰਤਰੀ ਤੋਂ ਪੰਜਾਬ ਬਾਰੇ ਤਿੰਨ ਧਿਰੀ ਮੀਟਿੰਗ ਦੀ ਮੰਗ

ਕਲਕੱਤਾ—ਇਥੇ ਹੋਈ ਵਿਰੋਧੀ ਪਾਰਟੀਆਂ ਦੀ ਚੌਥੀ ਸਾਂਝੀ ਕਾਨਫਰੰਸ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਉਪਰ ਜ਼ੋਰ ਦਿਤਾ ਹੈ ਕਿ ਉਹ ਪੰਜਾਬ ਮਸਲੇ ਦਾ ਗਲਬਾਤ ਰਾਹੀਂ ਹੱਲ ਲੱਭਣ ਵਾਸਤੇ ਤਿੰਨ-ਧਿਰੀ ਮੀਟਿੰਗ ਤੁਰੰਤ ਬੁਲਾਉਣ। ਤਿੰਨਾਂ ਦਿਨਾ ਕਾਨਫਰੰਸ ਦੀ ਸਮਾਪਤੀ ਦੇ ਦਿਨ ਸਰਵ-ਸੰਮਤੀ ਨਾਲ ਪਾਸ ਕੀਤੇ ਗਏ ਇਕ ਮਤੇ ਵਿਚ ਕਿਹਾ ਗਿਆ ਹੈ ਕਿ ਅਜਿਹੀ ਤਿੰਨ ਧਿਰੀ ਮੀਟਿੰਗ ਵਿਚ ਕੇਂਦਰ ਸਰਕਾਰ, ਵਿਰੋਧੀ ਪਾਰਟੀਆਂ ਅਤੇ ਅਕਾਲੀ ਦਲ ਦੇ ਨੁਮਾਇੰਦੇ ਸ਼ਾਮਲ ਹੋਣਗੇ।

ਵਿਰੋਧੀ ਪਾਰਟੀਆਂ ਦੀ ਕਾਨਫਰੰਸ ਨੇ ਸਿਫਾਰਸ਼ ਕੀਤੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾਣਾ ਚਾਹੀਦਾ ਹੈ ਅਤੇ ਬਦਲੇ ਵਿਚ, ਹਰਿਆਣੇ ਨੂੰ ਆਪਣੀ ਨਵੀਂ ਰਾਜਧਾਨੀ ਬਨਾਉਣ ਲਈ ਮਾਲੀ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਦੀ ਕਲਕੱਤਾ ਕਾਨਫਰੰਸ ਨੇ ਕਿਹਾ ਹੈ ਕਿ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਹੱਲ ਕਰਨ ਲਈ ਦਰਿਆਈ ਪਾਣੀਆਂ ਦੇ ਝਗੜਿਆਂ ਸਬੰਧੀ ਐਕਟ ਅਧੀਨ ਅਤੇ ਨਾਲ ਲਗਵੇਂ ਅਤੇ ਭਾਸ਼ਾ ਦੇ ਅਧਾਰ 'ਤੇ ਝਗੜੇ ਵਾਲੇ ਇਲਾਕਿਆਂ ਦੀ ਹੋਣੀ ਦਾ ਫੈਸਲਾ ਕਰਨ ਲਈ ਟ੍ਰਿਬਿਊਨਲ ਕਾਇਮ ਕੀਤੇ ਜਾਣੇ ਚਾਹੀਦੇ ਹਨ।

ਕਾਨਫਰੰਸ ਦੇ ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਗੈਰ ਰਾਜਨੀਤਕ ਲੋਕਾਂ ਤੇ ਐਸੋਸੀਏਸ਼ਨਾਂ ਨੂੰ ਸਾਂਝੇ ਤੌਰ ਤੇ ਸੂਬੇ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਅੰਤਰ-ਫਿਰਕੂ ਸਦਭਾਵਨਾ ਦੀ ਰਾਖੀ ਲਈ ਮੁਹਿਮ ਸ਼ੁਰੂ ਕਰਨੀ ਚਾਹੀਦੀ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਥਿਤੀ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਹੋਰਨਾਂ ਲਈ ਇਹ ਜ਼ਰੂਰੀ ਕਰ ਦੇਂਦੀ ਹੈ ਕਿ ਹਿੰਸਾ ਦੀਆਂ ਸਾਰੀਆਂ ਕਾਰਵਾਈਆਂ ਅਤੇ ਫਿਰਕੂ ਕਤਲਾਂ, ਖਾਸ ਕਰਕੇ ਬੇਦੋਸ਼ੇ ਲੋਕਾਂ ਦੇ ਵਹਿਸ਼ੀਆਨਾ ਕਤਲਾਂ ਦੀ ਜ਼ੋਰਦਾਰ ਢੰਗ ਨਾਲ ਨਿਖੇਧੀ ਕੀਤੀ ਜਾਵੇ ਅਤੇ ਧਾਰਮਿਕ ਸਥਾਨਾਂ ਦੀ ਪਵਿਤਰਤਾ ਦਾ ਸਤਿਕਾਰ ਕੀਤਾ ਜਾਵੇ ਅਤੇ ਕਿਸੇ ਵਲੋਂ ਵੀ ਅਜਿਹੇ ਸਥਾਨਾਂ ਦੀ ਬੇਅਦਬੀ ਕਰਨ ਜਾਂ ਉਥੇ ਕਾਤਲਾਂ ਨੂੰ ਪਨਾਹ ਦੇਣ ਦੇ ਕਿਸੇ ਯਤਨ ਦੀ ਨਿਖੇਧੀ ਕੀਤੀ ਜਾਵੇ।

## ਮਿੰਨੀ ਸਿਨਮਿਆਂ ਦੀ ਬੁਹਗਿਣਤੀ

ਜਲੰਧਰ — ਵਖ ਵਖ ਇਲਾਕਿਆਂ ਤੋਂ ਪ੍ਰਾਪਤ ਸੂਚਨਾਵਾਂ ਅਨੁਸਾਰ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚ ਗੈਰ ਕਾਨੂੰਨੀ ਤੌਰ ਤੇ ਚਾਲੂ ਮਿੰਨੀ ਸਿਨਮਾਂ ਘਰਾਂ ਦੀ ਗਿਣਤੀ ਦੂਜੇ ਸਿਨਮਾਂ ਘਰਾਂ ਨਾਲੋਂ ਤਿੰਨ ਗੁਣਾਂ ਵਧ ਗਈ ਹੈ ਜਦ ਕਿ ਇਨ੍ਹਾਂ ਮਿੰਨੀ ਸਿਨਮਾ ਘਰਾਂ ਵਿਚ ਕੁਝ ਇਹੋ ਜਹੇ ਸਿਨਮਾ ਘਰ ਵੀ ਹਨ ਜਿਨਾਂ ਵਿਚ ਆਮ ਫਿਲਮਾਂ ਦੀ ਥਾਂ ਵਿਦੇਸ਼ੀ ਗੰਦੀਆਂ ਫਿਲਮਾਂ ਤੋਂ ਇਲਾਵਾ ਫਿਲਮ ਸੈਂਸਰ ਬੋਰਡ ਵਲੋਂ ਗੈਰ ਮਨਜ਼ੂਰ ਹੋਈਆਂ ਫਿਲਮਾਂ ਵੀ ਦਖਾਈਆਂ ਜਾਂਦੀਆਂ ਹਨ। ਇਹ ਮਿੰਨੀ ਸਿਨਮਾ ਘਰ ਆਮ ਤੌਰ ਤੇ ਹਿਮਾਚਲ ਅਤੇ ਪੰਜਾਬ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਵਿਚ ਚਲ ਰਹੇ ਹਨ ਅਤੇ ਇਹਨਾਂ ਦੇ ਮਾਲਕ ਹਰ ਮਹੀਨੇ ਲੱਖਾਂ ਰੁਪਿਆਂ ਦਾ ਮਨੋਰੰਜਨ ਟੈਕਸ ਅਤੇ ਕੇਂਦਰੀ ਸਰਕਾਰ ਦੀ ਐਕਸਾਈਜ਼ ਡਿਊਟੀ ਆਦਿ ਆਪ ਹੜੱਪ ਕਰ ਰਹੇ ਹਨ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਇਹਨਾਂ ਸਿਨਮਾ ਘਰਾਂ ਵਿਚ ਨਵੀਆਂ ਫਿਲਮਾਂ ਪਹਿਲਾਂ ਪਹੁੰਚ ਜਾਂਦੀਆਂ ਹਨ। ਕਾਨੂੰਨੀ ਤੌਰ ਤੇ ਚਾਲੂ ਦੂਜੇ ਸਿਨਮਿਆਂ ਵਿਚ ਇਹ ਫਿਲਮਾਂ ਬਾਅਦ ਵਿਚ ਰਲੀਜ਼ ਹੁੰਦੀਆਂ ਹਨ ਕਿਉਂਕਿ ਇਸ ਧੰਦੇ ਵਿਚ ਸ਼ਾਮਿਲ ਲੋਕਾਂ ਦਾ ਜਾਲ ਬੰਬਈ ਤਕ ਫੈਲਿਆ ਹੋਇਆ ਹੈ। ਕੁਝ ਦਿਨ ਪਹਿਲਾਂ ਜ਼ਿਲ੍ਹਾ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਦੇ ਜੀ.ਏ. ਕਸਬਾ ਭੁਲੱਥ ਵਿਖੇ ਛਾਪਾ ਮਾਰ ਕੇ 6 ਵੀਡੀਓ ਸੈਟ ਕਬਜ਼ੇ ਵਿਚ ਲਏ ਸਨ ਜਿਸ ਕਾਰਨ ਉਥੇ ਸਾਰੇ ਮਿੰਨੀ ਸਿਨਮਾ ਘਰ ਬੰਦ ਹੋ ਗਏ ਸਨ। ਬਾਅਦ ਵਿਚ ਇਹ ਵੀਡੀਓ ਸੈਟ ਰੈਡਕਰਾਸ ਲਈ 12 ਹਜ਼ਾਰ ਰੁਪਿਆ ਚੰਦਾ ਲੈ ਕੇ ਵਾਪਸ ਕਰ ਦਿਤੇ ਗਏ ਸਨ ਅਤੇ ਹੁਣ ਕਸਬੇ ਵਿਚ ਮਿੰਨੀ ਸਿਨਮਾਘਰ ਮੁੜ ਤੋਂ ਚਾਲੂ ਹੋ ਗਏ ਹਨ। ਹੁਣ ਰੈਡਕਰਾਸ ਲਈ ਇਹ 12 ਹਜ਼ਾਰ ਰੁਪਿਆ ਹਰ ਮਹੀਨੇ ਦਿਆ ਕਰਨਗੇ। ਕਾਂਗੜਾ ਬਲਾਸਪੁਰ ਰਾਜਪੁਰਾ ਬਟਾਲਾ ਗੁਰਦਾਸਪੁਰ ਅਤੇ ਪਟਿਆਲਾ ਆਦਿ ਸ਼ਹਿਰਾਂ ਤੋਂ ਵੀ ਇਹਨਾਂ ਨਾਜ਼ਾਇਜ਼ ਮਿੰਨੀ ਸਿਨੇਮਾਘਰਾਂ ਬਾਰੇ ਖਬਰਾਂ ਆਈਆਂ ਹਨ।

'ਕੈਨੇਡਾ ਦਰਪਣ' ਵਿਚ ਐਡਵਰਟਾਈਜ਼ਮੈਂਟ ਦੇਣ ਲਈ ਫੋਨ ਕਰੋ :

321-6360

## ਲੰਡਨ ਤੋਂ ਗਏ ਜੋੜੇ ਦੀ ਬੇਹੁਰਮਤੀ

ਅੰਮ੍ਰਿਤਸਰ—(ਫੋਨ ਰਾਹੀਂ), 22 ਜਨਵਰੀ ਨੂੰ ਗੁਰੂ ਰਾਮਦਾਸ ਸਰਾਂ ਲਾਗੇ ਇਕ ਹੋਟਲ ਵਿਚ ਦੁਖਦਾਈ ਘਟਨਾ ਦੀ ਖਬਰ ਮਿਲੀ ਹੈ। ਦੱਸਿਆ ਗਿਆ ਹੈ ਕਿ ਲੰਡਨ ਤੋਂ ਇਕ ਜੋੜਾ ਆਪਣੇ ਦੋ ਬੱਚਿਆਂ ਸਮੇਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਲਈ ਗਿਆ। ਸ਼ਾਮ ਨੂੰ ਠਹਿਰਨ ਲਈ ਉਹ ਗੁਰੂ ਰਾਮਦਾਸ ਸਰਾਂ ਵਿਚ ਕਮਰਾ ਲੈਣ ਲਈ ਗਏ। ਗੁਰੂ ਰਾਮਦਾਸ ਸਰਾਂ ਵਿਚ ਕੋਈ ਕਮਰਾ ਖਾਲੀ ਨਾ ਹੋਣ ਕਾਰਨ ਉਹ ਲਾਗੇ ਹੀ ਇਕ ਹੋਟਲ ਵਿਚ ਠਹਿਰ ਗਏ।

ਰਾਤ ਦੇ ਪੌਣੇ ਬਾਰਾਂ ਵਜੇ ਪੰਜ ਗੁੰਡਿਆਂ ਨੇ ਉਨ੍ਹਾਂ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ। ਤਿੰਨ ਗੁੰਡੇ ਉਸ ਔਰਤ ਉਦਾਲੇ ਹੋ ਗਏ ਅਤੇ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਔਰਤ ਦੇ ਪਤੀ ਨੇ ਰੌਲਾ ਪਾ ਦਿਤਾ ਅਤੇ ਨੇੜਿਓ ਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੁਝ ਕਾਰਕੁਨ ਉਥੇ ਪਹੁੰਚ ਗਏ। ਜਿੰਨਾਂ ਨੂੰ ਆਉਂਦਿਆਂ ਦੇਖ ਕੇ ਗੁੰਡੇ ਭੱਜ ਨਿਕਲੇ।

ਸਾਡੇ ਪੱਤਰ ਪਰੇਰਕ ਅਨੁਸਾਰ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਨੇ ਉਨ੍ਹਾਂ ਵਿਚੋਂ ਤਿੰਨ ਗੁੰਡੇ ਗੁਰੂ ਰਾਮਦਾਸ ਸਰਾਂ ਵਿਚੋਂ ਜਾ ਕੱਢੇ। ਇਨ੍ਹਾਂ ਤਿੰਨਾਂ ਗੁੰਡਿਆਂ ਨੂੰ ਇਕ ਸੀਨੀਅਰ ਅਕਾਲੀ ਆਗੂ ਦੇ ਦਖਲ ਦੇਣ ਤੇ ਛੱਡ ਦਿਤਾ ਗਿਆ। ਪਰ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦੂਜੇ ਦੋ ਗੁੰਡਿਆਂ ਨੂੰ ਵੀ ਫੜ ਲਿਆ। ਜਿਸ ਕਰਕੇ ਉਨ੍ਹਾਂ ਦੋਵਾਂ ਗੁੰਡਿਆਂ ਦਾ ਮੂੰਹ ਕਾਲਾ ਕੀਤਾ ਗਿਆ। ਉਨ੍ਹਾਂ ਦੇ ਪੈਰਾਂ ਵਿਚ ਜੰਜ਼ੀਰਾਂ ਪਾਈਆਂ ਗਈਆਂ ਅਤੇ ਗੁਰੂ ਰਾਮਦਾਸ ਸਰਾਂ ਦੇ ਬਾਹਰ ਇਹ ਦੋਵੇਂ ਗੁੰਡੇ ਜੰਗਲੇ ਨਾਲ ਬੰਨੇ ਗਏ।

## ਜਗਦੇਵ ਸਿੰਘ ਤਲਵੰਡੀ ਪੀ. ਜੀ. ਆਈ. ਵਿਚ

ਚੰਡੀਗੜ੍ਹ—ਤਲਵੰਡੀ ਦਲ ਦੇ ਨੇਤਾ ਜਗਦੇਵ ਸਿੰਘ ਤਲਵੰਡੀ ਬੀਮਾਰੀ ਕਾਰਨ ਪੀ. ਜੀ. ਆਈ. ਚੰਡੀਗੜ੍ਹ ਵਿਚ ਦਾਖਲ ਕਰਵਾ ਦਿੱਤੇ ਗਏ ਹਨ। ਯਾਦ ਰਹੇ ਕਿ ਉਹਨਾਂ ਨੂੰ ਸੁਰੱਖਿਆ ਕਾਨੂੰਨ ਅਧੀਨ ਮੁਤਵਾਜ਼ੀ ਸਰਕਾਰ ਦਾ ਨਾਅਰਾ ਦੇਣ ਪਿਛੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਜਾਇਜ਼ ਠਹਿਰਾਇਆ ਸੀ।

## ਪੰਜਾਬੀ ਬੁੱਧੀਜੀਵੀਆਂ ਵਲੋਂ ਪੰਜਾਬ ਦਾ ਮਸਲਾ ਹੱਲ ਕਰਨ ਦੀ ਅਪੀਲ

ਦਿੱਲੀ—ਪੰਜਾਬੀ ਦੇ 150 ਬੁੱਧੀਜੀਵੀਆਂ ਵਲੋਂ ਕੇਂਦਰ ਸਰਕਾਰ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਅਪੀਲ ਕੀਤੀ ਗਈ ਹੈ ਕਿ ਪੰਜਾਬ ਨੂੰ ਮੱਲੋ ਮੱਲੀ ਅੱਗ ਦੀ ਲਪੇਟ ਵਿਚ ਨਾ ਦਿਉ। ਪੰਜਾਬ ਦੇ ਮਸਲੇ ਦਾ ਫੌਰੀ ਹੱਲ ਲੱਭਿਆ ਜਾਵੇ। ਅਪੀਲ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਸਾਰੇ ਮਸਲੇ ਨੂੰ ਆਪੋ ਵਿਚ ਮਿਲਕੇ ਨਿਬੇੜਨ ਦੀ ਕੋਸ਼ਿਸ਼ ਕਰਨ।

ਅਪੀਲ ਕਰਨ ਵਾਲਿਆਂ ਵਿਚ ਪੰਜਾਬੀ ਦੀ ਪ੍ਰਸਿਧ ਕਵਿਤਰੀ ਸ਼੍ਰੀਮਤੀ ਅੰਮ੍ਰਿਤਾ ਪ੍ਰੀਤਮ, ਪ੍ਰਸਿਧ ਪੱਤਰਕਾਰ ਖੁਸ਼ਵੰਤ ਸਿੰਘ, ਸਾਬਕਾ ਚੀਫ ਏਅਰ ਮਾਰਸ਼ਲ ਅਰਜਨ ਸਿੰਘ, ਸਾਬਕਾ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਸਾਬਕਾ ਦੂਤ ਇੰਦਰ ਕੁਮਾਰ ਗੁਜਰਾਲ ਅਤੇ ਪ੍ਰਸਿਧ ਪੇਂਟਰ ਸਤੀਸ਼ ਗੁਜਰਾਲ ਦੇ ਨਾਂ ਹਨ।

## ਹਿੰਦੂ ਸੰਗਠਨ ਸੰਮਤੀ ਵਲੋਂ ਸ਼ਹੀਦੀ ਜੱਥੇ ਕਾਇਮ

ਜਲੰਧਰ—ਹਿੰਦੂ ਸੰਗਠਨ ਸੰਮਤੀ ਅਤੇ ਸਨਾਤਨ ਧਰਮ ਪ੍ਰਤੀਨਿਧੀ ਸਭਾ ਵਲੋਂ ਪੰਜਾਬ ਦੇ ਬਾਰਾਂ ਜ਼ਿਲਿਆਂ ਵਿਚ ਸ਼ਹੀਦੀ ਜਥੇ ਕਾਇਮ ਕੀਤੇ ਜਾਣ ਦੀ ਖਬਰ ਮਿਲੀ ਹੈ। ਹਰ ਜਥੇ ਵਿਚ ਗਿਆਰਾਂ ਸੌ ਵਲੰਟੀਅਰ ਹੋਣਗੇ। ਸਨਾਤਨ ਧਰਮ ਪ੍ਰਤੀਨਿਧੀ ਸਭਾ ਦੇ ਸ੍ਰੀ ਮੋਹਨ ਲਾਲ ਨੇ ਕਿਹਾ ਕਿ ਉਹ ਅਤਿਵਾਦੀਆਂ ਦਾ ਮੁਕਾਬਲਾ ਸਾਹਮਣੇ ਕਰਨਗੇ। ਜਦ ਕਿ ਆਪਣੇ ਆਪ ਨੂੰ ਬਹਾਦਰ ਸਮਝਣ ਵਾਲੇ ਅਤਿਵਾਦੀ ਲੁਕ ਛਿਪ ਕੇ ਹਮਲੇ ਕਰਦੇ ਹਨ।

— ਹਮੇਂ ਭੀ ਯਾਦ ਰਖੇਂ ਜਬ ਲਿਖੇਂ ਤਾਰੀਖ਼ ਗੁਲਸ਼ਨ ਕੀ,
ਕਿ ਹਮਨੇ ਭੀ ਲੁਟਾਇਆ ਹੈ ਚਮਨ ਮੇਂ ਆਸ਼ਿਆਂ ਅਪਨਾ।



S. & S. INSURANCE

ਇਨ੍ਹਾਂ ਦਾ ਦਫਤਰ ਤੁਹਾਡੀ ਸਹੂਲਤ ਲਈ 6658 Main Street, Vancouver, B.C. (ਜਿੱਥੇ ਪਹਿਲਾਂ ਸ਼ਾਨ ਸਾੜ੍ਹੀਜ਼ ਹੁੰਦਾ ਸੀ)

ਉਥੇ ਮੂਵ ਹੋ ਗਏ ਹਨ। ਇਹਨਾਂ ਕੋਲੋਂ ਕਾਰਾਂ, ਟਰੱਕਾਂ, ਵੈਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਕਰਾਉਣ ਲਈ ਚਲੇ ਆਓ।

ਕਿਸੇ ਵੀ ਤਰ੍ਹਾਂ ਦੀ ਇਨਸ਼ੋਰੈਂਸ ਕਰਵਾਉਣ ਤੋਂ ਪਹਿਲਾਂ ਇਨ੍ਹਾਂ ਨਾਲ ਗੱਲ ਜ਼ਰੂਰ ਕਰ ਲਓ।



Ph. 324-2311

324-5711

(ਪੰਨਾ 4 ਦੀ ਬਾਕੀ)

ਕੋਲੰਬੀਆਂ ਵਿਚ ਵਸਦੇ ਪੰਜਾਬੀਆਂ ਦੀ ਬਹੁ-ਗਿਣਤੀ ਵੀ ਇਹਨਾਂ ਸਥਿਤੀਆਂ ਵਿਚ ਵਿਚਰਦੀ ਹੈ । ਪੰਜਾਬੀਆਂ ਦੀ ਮੌਜੂਦਾ ਸਥਿਤੀ ਵਿਚਾਰਨ ਤੋਂ ਪਹਿਲਾਂ ਉਹਨਾਂ ਦੇ ਇਥੇ ਆਉਣ ਦੇ ਇਤਿਹਾਸਕ ਪਿਛੋਕੜ ਤੇ ਇਕ ਝਾਤ ਜ਼ਰੂਰੀ ਹੈ ।

ਭਾਰਤੀ ਉਪ ਮਹਾਂਦੀਪ ਵਿਚੋਂ ਸਭ ਤੋਂ ਪਹਿਲਾਂ ਕੈਨੇਡਾ ਆਉਣ ਵਾਲੇ ਪੰਜਾਬੀ ਸਿੱਖ ਸਿਪਾਹੀ ਸਨ । ਇਹ ਫੌਜੀ 1898 ਵਿਚ ਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਦੇ ਜਸ਼ਨ ਮਨਾਉਣ ਦੇ ਸੰਬੰਧ ਵਿਚ ਇੰਗਲੈਂਡ ਆਏ ਸਨ । ਵਾਪਿਸ ਪਰਤਦੇ ਸਮੇਂ ਇਹ ਕੁਝ ਦੇਰ ਲਈ ਵੈਨਕੂਵਰ ਤੇ ਵਿਕਟੋਰੀਆ ਰੁਕੇ । ਉਹਨਾਂ ਨੂੰ ਇਥੇ ਕੰਮਾਂ ਕਾਰਾਂ ਬਾਰੇ ਪਤਾ ਲੱਗਾ । ਇਸੇ ਤਰ੍ਹਾਂ ਚੀਨ ਵਿਚ ਬਾਕਸਰ ਵਿਦਰੋਹ ਸਮੇਂ ਸਿੱਖ ਸਿਪਾਹੀਆਂ ਨੇ ਅਮਰੀਕਨ ਸਿਪਾਹੀਆਂ ਕੋਲੋਂ ਕੈਨੇਡਾ ਬਾਰੇ ਸੁਣਿਆ । ਇਸ ਤਰ੍ਹਾਂ ਪੰਜਾਬੀਆਂ ਨੇ ਕੈਨੇਡਾ ਵਿਚ ਰੋਜ਼ੀ ਦੀ ਖਾਤਰ ਆਉਣ ਬਾਰੇ ਸੋਚਿਆ ਤੇ ਹੌਲੀ ਹੌਲੀ ਇਧਰ ਆਉਣਾ ਸ਼ੁਰੂ ਕੀਤਾ । ਸੰਨ 1904 ਤੱਕ ਵੈਨਕੂਵਰ ਵਿਚ ਸਿਖਾਂ ਦੀ ਗਿਣਤੀ ਤਕਰੀਬਨ ਇਕ ਸੌ ਤੱਕ ਪਹੁੰਚ ਗਈ । ਇਸ ਤੋਂ ਅਗਲੇ ਤਿੰਨ ਚਾਰ ਸਾਲਾਂ ਵਿਚ ਪੰਜਾਬੀਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ । ਇਸਦੇ ਕਈ ਕਾਰਨ ਸਨ । ਸਭ ਤੋਂ ਵੱਡਾ ਕਾਰਨ ਸੀ ਕਿ ਕੈਨੇਡਾ ਦੀ ਸਰਕਾਰ ਨੇ ਚੀਨੀ ਲੋਕਾਂ ਉਪਰ ਪੰਜ ਸੌ ਡਾਲਰ ਪ੍ਰਤੀ ਬੰਦਾ ਟੈਕਸ ਲਾ ਕੇ ਉਹਨਾਂ ਦੀ ਆਮਦ ਉਪਰ ਰੋਕ ਲਾ ਦਿਤੀ । ਇਸ ਨਾਲ ਵਾਧੂ ਮਜ਼ਦੂਰਾਂ ਦੀ ਗਿਣਤੀ ਘਟਣ ਲੱਗੀ ਤੇ ਇਥੋਂ ਦੇ ਮਜ਼ਦੂਰ ਮਾਲਕਾਂ ਕੋਲੋਂ ਚੰਗੀਆਂ ਤਨਖਾਹਾਂ ਅਤੇ ਕੰਮ ਦੀਆਂ ਚੰਗੀਆਂ ਹਾਲਤਾਂ ਦੀ ਮੰਗ ਕਰਨ ਲਗੇ । ਖਾਸ ਕਰ ਫਾਰਮਰਾਂ ਤੇ ਕੈਨਰੀਆਂ ਦੇ ਮਾਲਕਾਂ ਨੇ ਬੀ. ਸੀ. ਦੀ ਸਰਕਾਰ ਉਪਰ ਸਸਤੇ ਮਜ਼ਦੂਰਾਂ ਦੀ ਲੋੜ ਦਾ ਦਬਾਅ ਪਾਉਣਾ ਸ਼ੁਰੂ ਕਰ ਦਿਤਾ । ਨਾਲ ਹੀ ਸਮੁੰਦਰੀ ਜਹਾਜ਼ਾਂ ਦੀਆਂ ਕੰਪਨੀਆਂ ਜਿਹੜੀਆਂ ਚੀਨੀ ਆਵਾਸੀਆਂ ਨੂੰ ਕੈਨੇਡਾ ਪਹੁੰਚਾ ਕੇ ਕਾਫੀ ਪੈਸਾ ਕਮਾਉਂਦੀਆਂ ਸਨ, ਨੇ ਪੰਜਾਬ ਵਿਚ ਜਾ ਕੇ ਕੈਨੇਡਾ ਬਾਰੇ ਪਰਚਾਰ ਕਰਨਾ ਸ਼ੁਰੂ ਕਰ ਦਿਤਾ । ਪੰਜਾਬ ਵਿਚ ਹਾਲਾਤ ਕੋਈ ਇੰਨੇ ਸੁਖਾਂਵੇ ਨਹੀਂ ਸਨ । ਉਥੋਂ ਪਹਿਲਾਂ ਹੀ ਲੋਕ ਬਰਮਾ, ਚੀਨ, ਮਲਾਇਆ, ਸਿੰਘਾਪਰ ਆਦਿ ਮੁਲਕਾਂ ਵਲ ਮਜ਼ਦੂਰੀ ਲਈ ਜਾਂਦੇ ਸਨ ਤੇ ਜਾਂ ਫਿਰ ਫੌਜ ਦੀ ਨੌਕਰੀ ਕਰਦੇ ਸਨ । ਉਹਨਾਂ ਲਈ ਕੈਨੇਡਾ ਜਾ ਸਕਣਾ ਇਕ ਖੁਸ਼ਖਬਰੀ ਸੀ । ਸੰਨ 1906 ਦੇ ਅੱਧ ਤੋਂ ਲੈ ਕੇ 1907 ਦੇ ਅੰਤ ਤੱਕ ਤਕਰੀਬਨ ਪੰਜ ਹਜ਼ਾਰ ਪੰਜਾਬੀ ਕੈਨੇਡਾ ਆਏ !

ਇਸੇ ਸਮੇਂ ਦੌਰਾਨ ਦਸ ਹਜ਼ਾਰ ਜਪਾਨੀ ਵੀ ਬੀ. ਸੀ. ਵਿਚ ਆ ਵਸੇ । ਬੀ. ਸੀ. ਦੀ ਕੁੱਲ ਵਸੋਂ ਉਸ ਸਮੇਂ ਢਾਈ ਲੱਖ ਸੀ ਤੇ ਉਹਦੇ ਵਿਚ ਵੀਹ ਹਜ਼ਾਰ ਚੀਨੀ ਲੋਕ, ਪੰਦਰਾਂ ਹਜ਼ਾਰ ਜਪਾਨੀ ਤੇ ਪੰਜ ਹਜ਼ਾਰ ਭਾਰਤੀਆਂ ਦਾ ਸਮਾ ਸਕਣਾ ਕਾਫੀ ਮੁਸ਼ਕਲ ਸੀ । ਇਸ ਨੂੰ ਅਮੀਰ ਜਮਾਤ ਵਲੋਂ ਹੋਰ ਵੀ ਮੁਸ਼ਕਲ ਬਣਾ ਦਿਤਾ ਗਿਆ । ਬੀ. ਸੀ. ਉਸ ਵੇਲੇ ਆਰਥਿਕ ਮੰਦਵਾੜੇ 'ਚੋਂ ਲੰਘ ਰਹੀ ਸੀ । ਬੇ-ਰੁਜ਼ਗਾਰ ਗੋਰੇ ਮਜ਼ਦੂਰਾਂ ਦਾ ਧਿਆਨ ਪਾਸੇ ਪਾਉਣ ਲਈ ਏਸ਼ੀਅਨ ਲੋਕਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ ਗਿਆ । ਗੋਰੇ ਮਜ਼ਦੂਰਾਂ ਨੂੰ ਏਸ਼ੀਅਨਾਂ ਵਿਰੁੱਧ ਪੂਰੀ ਤਰਾਂ ਭੜਕਾਇਆ ਜਾਣ ਲੱਗਾ । ਵੈਨਕੂਵਰ ਵਿਚ ਨਸਲੀ ਫਸਾਦ ਹੋਏ । ਨਤੀਜੇ ਵਜੋਂ ਏਸ਼ੀਆ ਵਿਚੋਂ ਇੰਮੀਗਰੇਸ਼ਨ ਬੰਦ ਕਰਨ ਦੀਆਂ ਸਕੀਮਾਂ ਬਣਾਈਆਂ ਜਾਣ ਲੱਗੀਆਂ ।

ਭਾਰਤੀਆਂ ਦਾ ਦਾਖਲਾ ਬੰਦ ਕਰਨ ਦੇ ਕਈ ਮਨਸੂਬੇ ਘੜੇ ਗਏ । ਜਿਹਨਾਂ ਵਿਚੋਂ ਇਕ ਸੀ ਕਿ ਭਾਰਤੀਆਂ ਨੂੰ ਭਾਰਤ ਵਿਚੋਂ ਸਿੱਧੇ ਸਮੁੰਦਰੀ ਸਫਰ ਰਾਹੀਂ ਕੈਨੇਡਾ ਪਹੁੰਚਣਾ ਹੋਵੇਗਾ । ਅਹਿਾ ਸੰਭਵ ਨਹੀਂ ਸੀ ਕਿਉਂਕਿ ਕੋਈ ਸਿਧੀ ਸਮੁੰਦਰੀ ਜਹਾਜ਼ਾਂ ਦੀ ਸਰਵਿਸ ਨਹੀਂ ਸੀ । ਇਹਨਾਂ ਕਾਨੂੰਨਾਂ ਦਾ ਸਾਹਮਣਾ ਕਰਨ ਲਈ ਪੰਜਾਬੀਆਂ ਨੇ ਵੀ ਕੋਸ਼ਿਸ਼ਾਂ ਜਾਰੀ ਰੱਖੀਆਂ । ਗੁਰਦਿਤ ਸਿੰਘ ਨੇ 1914 ਵਿਚ ਕਾਮਾਗਾਟਾ ਮਾਰੂ ਸਣੇ 376 ਮੁਸਾਫਰਾਂ ਦੇ ਵਾਪਿਸ ਮੋੜ ਦਿਤਾ ਗਿਆ । ਕਾਮਾਗਾਟਾਮਾਰੂ ਦੇ ਮੁੜਨ ਨਾਲ ਕੈਨੇਡਾ ਵਿਚਲੇ ਪੰਜਾਬੀਆਂ ਦੇ ਇਤਿਹਾਸ ਦਾ ਇਕ ਪੜਾਅ ਤਕਰੀਬਨ ਖਤਮ ਹੋ ਗਿਆ ।

ਸੱਠਵਿਆਂ ਦੇ ਸ਼ੁਰੂ ਤੱਕ ਪੰਜਾਬੀਆਂ ਦੀ ਗਿਣਤੀ ਕੈਨੇਡਾ ਵਿਚ ਬਹੁਤ ਥੋੜੀ ਰਹੀ । ਕੈਨੇਡੀਅਨ ਇਮੀਗਰੇਸ਼ਨ ਕਾਨੂੰਨ ਵਿਚ 1967 ਵਿਚ ਹੋਈ ਤਬਦੀਲੀ ਨੇ ਪਹਿਲੀ ਵਾਰੀ ਪੰਜਾਬੀਆਂ ਨੂੰ ਭਾਰੀ ਗਿਣਤੀ ਵਿਚ ਇਥੇ ਆਉਣ ਦਾ ਮੌਕਾ ਦਿਤਾ ਤੇ 1968 ਤੋਂ ਲੈ ਕੇ 1975 ਤੱਕ ਦੇ ਸਮੇਂ ਵਿਚ ਲੱਖ ਤੋਂ ਉਪਰ ਭਾਰਤੀ ਕੈਨੇਡਾ ਆਏ । ਭਾਰਤੀਆਂ ਦੀ ਗਿਣਤੀ ਐਸ ਵੇਲੇ ਕੈਨੇਡਾ ਵਿਚ ਢਾਈ ਲੱਖ ਤੋਂ ਵੀ ਉਪਰ ਹੈ । ਇਸ ਵਿਚ ਅਫਰੀਕਾ, ਫੀਜੀ ਤੇ ਕੈਰੇਬੀਅਨ ਮੁਲਕਾਂ ਤੋਂ ਆਏ ਭਾਰਤੀ ਸ਼ਾਮਲ ਹਨ । ਭਾਵੇਂ ਹੁਣ ਦੀ ਕਮਿਊਨਿਟੀ ਵਿਚ ਭਾਰਤ ਦੇ ਵੱਖ ਵੱਖ ਸੂਬਿਆਂ ਤੇ ਹੋਰਨਾਂ ਮੁਲਕਾਂ ਤੋਂ ਆਏ ਲੋਕ ਹਨ, ਪਰ ਅਜੇ ਵੀ ਬਹੁ-ਗਿਣਤੀ ਪੰਜਾਬੀਆਂ ਦੀ ਹੈ ।

ਉਪਰ ਵਿਚਾਰੀਆਂ ਇਮੀਗਰੇਸ਼ਨ ਦੀਆਂ ਤਬਦੀਲੀਆਂ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਕੈਨੇਡਾ ਦੀ ਸਰਕਾਰ ਨੇ ਇਹ ਤਬਦੀਲੀਆਂ ਕਿਉਂ ਕੀਤੀਆਂ ? ਕੀ ਇਸ ਦਾ ਮਤਲਬ ਹੈ ਕਿ ਕੈਨੇਡਾ ਦੀ ਸਰਕਾਰ ਸੱਚਮੁਚ ਹੀ ਨਸਲੀ ਵਿਤਕਰੇ ਦੀ ਲੀਹ ਤੋਂ ਉਤਰ ਗਈ ਅਤੇ ਸਾਰੇ ਲੋਕਾਂ ਨੂੰ ਇਕੋ ਜਿਹੇ ਹੱਕ ਦੇਣ ਲਈ ਤਿਆਰ ਹੋ ਗਈ ? ਭਾਵੇਂ ਦੁਨੀਆਂ ਵਿਚ ਆਪਣੇ ਆਪ ਨੂੰ ਇਕ ਇਨਸਾਫ ਪਸੰਦ, ਉਚ ਪੱਧਰੀ ਤੇ ਵਿਤਕਰੇ-ਰਹਿਤ ਮੁਲਕ ਦੇ ਤੌਰ 'ਤੇ ਸਥਾਪਤ ਕਰਨਾ ਵੀ ਇਕ ਕਾਰਨ ਹੈ । ਪਰ ਪੂੰਜੀਵਾਦੀ ਮੁਲਕਾਂ ਦੀਆਂ ਸਰਕਾਰਾਂ ਆਮ ਤੌਰ 'ਤੇ ਇਹੋ ਜਿਹੀ ਫੋਕੀ ਸ਼ਾਨੋ ਸ਼ੌਕਤ ਦਾ ਇੰਨਾ ਖਿਆਲ ਨਹੀਂ ਕਰਦੀਆਂ । ਇਹਨਾਂ ਲਈ ਮੁਨਾਫਾ ਹੀ ਫੈਸਲਾਕੁੰਨ ਕਾਰਨ ਹੁੰਦਾ ਹੈ ।

ਕੈਨੇਡੀਅਨ ਇਮੀਗਰੇਸ਼ਨ ਵੱਲੋਂ ਏਸ਼ੀਆ ਵਿਚੋਂ ਖਾਸ ਕਰ ਭਾਰਤ ਵਿਚੋਂ ਇਮੀਗਰੇਸ਼ਨ ਦੀ ਖੁੱਲ ਦਾ "ਪਹਿਲਾ ਕਾਰਨ ਤਾਂ ਇਹ ਹੈ ਕਿ ਦੂਜੀ ਵੱਡੀ ਜੰਗ ਤੋਂ ਬਾਅਦ ਜਿਸ ਤੇਜ਼ੀ ਨਾਲ ਪੱਛਮੀ ਮੁਲਕਾਂ ਨੇ ਤਰੱਕੀ ਕੀਤੀ, ਇਹਨਾਂ ਨੂੰ ਆਸ ਸੀ ਕਿ ਇਹ ਤੇਜ਼ੀ ਜਿਉਂ ਦੀ ਤਿਉਂ ਜਾਰੀ ਰਹੇਗੀ । ਕੈਨੇਡਾ ਵਿਚ ਇਕ ਤਾਂ ਆਬਾਦੀ ਬਹੁਤ ਘੱਟ ਹੈ ਤੇ ਇਸ ਕਰਕੇ ਇਹਨੂੰ ਹਮੇਸ਼ਾਂ ਹੀ ਦੂਜਿਆਂ ਮੁਲਕਾਂ ਵਿਚੋਂ ਮਜ਼ਦੂਰ ਮੰਗਾਉਣੇ ਪਏ ਹਨ । ਏਸ ਸਦੀ ਦੇ ਦੂਜੇ ਦਹਾਕੇ ਤੋਂ ਜਦੋਂ ਏਸ਼ੀਆ ਤੋਂ ਇਮੀਗਰੇਸ਼ਨ ਬੰਦ ਕੀਤੀ ਸੀ, ਤੋਂ ਲੈ ਕੇ ਸੱਠਵਿਆਂ ਤੱਕ ਯੋਰਪ ਵਿਚੋਂ ਇਹਨਾਂ ਨੂੰ ਮਜ਼ਦੂਰ ਭਾਰੀ ਗਿਣਤੀ ਵਿਚ ਮਿਲਦੇ ਰਹੇ । ਇਥੇ ਇਕ ਨੋਟ ਕਰਨ ਵਾਲੀ ਗੱਲ ਹੈ ਕਿ ਇਹ ਸਿਰਫ ਮਜ਼ਦੂਰ ਹੀ ਨਹੀਂ ਚਾਹੁੰਦੇ ਸਗੋਂ ਇਕ ਖਾਸ ਕਿਸਮ ਦੇ ਮਜ਼ਦੂਰ ਚਾਹੁੰਦੇ ਹਨ, ਜਿਹਨਾਂ ਦੀ ਆਪਣੀ ਇਹ ਆਪਣੀ ਮੰਨ-ਮਰਜ਼ੀ ਨਾਲ ਲੁੱਟ ਖਸੁੱਟ ਕਰ ਸਕਣ । ਦੂਜੇ ਸ਼ਬਦਾਂ ਵਿਚ ਇਹ ਉਸ ਕਿਸਮ ਦੇ ਮਜ਼ਦੂਰਾਂ ਨੂੰ ਤਰਜੀਹ ਦਿੰਦੇ ਹਨ, ਜਿਹਨਾਂ ਦੀ ਕੋਈ ਸਿਆਸੀ ਜਾਂ ਜਥੇਬੰਦਕ ਤਾਕਤ ਨਾ ਹੋਵੇ । ਇਸ ਕਿਸਮ ਦੇ ਮਜ਼ਦੂਰ ਹੁਣ ਇਹਨਾਂ ਨੂੰ ਯੋਰਪ ਵਿਚੋਂ ਮਿਲਣੇ ਔਖੇ ਹੋ ਰਹੇ ਸਨ । ਦੂਜਾ ਕਾਰਨ ਇਹ ਸੀ ਕਿ ਪੱਛਮੀ ਸਾਮਰਾਜਵਾਦ ਨੇ ਨਸਲ ਤੇ ਰੰਗ ਨੂੰ ਮਜ਼ਦੂਰਾਂ ਦੀ ਲੁੱਟ-ਖਸੁੱਟ ਕਰਨ ਤੇ ਏਕਤਾ ਤੋੜਨ ਲਈ ਦੁਨੀਆਂ ਭਰ ਦੀ ਪੱਧਰ ਤੇ ਵਰਤਣਾ ਸ਼ੁਰੂ ਕਰ ਦਿੱਤਾ ਸੀ ।

ਦੁਨੀਆਂ ਦੇ ਹਰ ਹਿਸੇ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਗੋਰੇ ਰੰਗ ਵਾਲਿਆਂ ਨਾਲ ਕਾਲੇ ਰੰਗ ਵਾਲਿਆਂ ਤੋਂ ਵਧੀਆ ਵਰਤਾਰਾ ਕਰਨਾ ਸ਼ੁਰੂ ਕਰ ਦਿਤਾ । ਇਸ ਤਰ੍ਹਾਂ ਮਜ਼ਦੂਰਾਂ ਨੂੰ ਪਾੜ ਕੇ ਰੱਖਣਾ ਤੇ ਲੁੱਟਣਾ ਸੁਖਾਲਾ ਹੋ ਗਿਆ । ਇਥੇ ਇਸ ਦਾ ਮਤਲਬ ਇਹ ਨਹੀਂ ਕਿ ਗੋਰੇ ਮਜ਼ਦੂਰਾਂ ਦਾ ਸ਼ੋਸ਼ਣ ਨਹੀਂ ਹੁੰਦਾ । ਹੁੰਦਾ ਹੈ । ਪਰ ਫੇਰ ਵੀ ਹਰ ਜਗ੍ਹਾ ਜਦੋਂ ਮੌਕਾ ਮਿਲੇ ਕਾਲੇ ਰੰਗ ਨਾਲੋਂ ਗੋਰੇ ਰੰਗ ਨੂੰ ਕੰਮਾਂ ਕਾਰਾਂ ਵਿਚ ਤਰਜੀਹ ਦਿਤੀ ਜਾਂਦੀ ਹੈ । ਇਸ ਵੇਖਰੇਵੇਂ ਦਾ ਅਸਰ ਗੋਰੇ ਮਜ਼ਦੂਰਾਂ ਉਪਰ ਵੀ ਪੈਂਦਾ ਹੈ । ਉਹਨਾਂ ਵਿਚੋਂ ਵੀ ਬਹੁ-ਗਿਣਤੀ ਆਪਣੇ ਆਪ ਨੂੰ ਗੈਰ ਚਿੱਟਿਆਂ ਨਾਲੋਂ ਬੇਹਤਰ ਸਮਝਣ ਲਗ ਪਏ । ਉਹਨਾਂ ਦੀ ਅਜਿਹੀ ਸੋਚ ਬਣਾਉਣ ਵਿਚ ਅਮੀਰ ਜਮਾਤ ਵਲੋਂ ਕੀਤੇ ਜਾਂਦੇ ਹਰ ਕਿਸਮ ਦੇ ਦਿਸਦੇ ਅਣਦਿਸਦੇ ਪਰਚਾਰ ਦਾ ਵੀ ਹੱਥ ਹੈ । ਇਸ ਕਿਸਮ ਦੀ ਸੋਧ ਅਧੀਨ ਅਤੇ ਨਾਲ ਹੀ ਬੇਰੁਜ਼ਗਾਰ ਕਾਮਿਆਂ ਲਈ ਪ੍ਰਾਪਤ ਸਹੂਲਤਾਂ ਕਰਕੇ ਬਹੁਤ ਸਾਰੇ ਚਿੱਟੇ ਰੰਗ ਵਾਲੇ ਕਾਮਿਆਂ ਨੇ ਕਈ ਘੱਟ ਤਨਖਾਹ ਵਾਲੇ ਤੇ ਜਿਸਮਾਨੀ ਤੌਰ ਤੇ ਔਖੇ ਕੰਮ ਕਰਨ ਤੋਂ ਕੰਨੀ ਕਤਰਾਉਣੀ ਸ਼ੁਰੂ ਕਰ ਦਿਤੀ । ਜੇ ਉਹ ਇਹ ਕੰਮ ਕਰਦੇ ਵੀ ਹਨ ਤਾਂ ਇਹਨਾਂ ਬਦਲੇ ਵਧੀਆ ਤਨਖਾਹਾਂ ਤੇ ਕੰਮ ਦੀਆਂ ਹਾਲਤਾਂ ਸੁਧਾਰਨ ਦੀ ਮੰਗ ਕਰਦੇ ਹਨ । ਇਸ ਨਾਲ ਮੁਲਕਾਂ ਦੇ ਮੁਨਾਫੇ ਵਿਚ ਘਾਟਾ ਪੈਂਦਾ ਹੈ । ਇਸ ਘਾਟੇ ਨੂੰ ਰੋਕਣ ਲਈ ਅਜਿਹੇ ਕਾਮਿਆਂ ਦੀ ਲੋੜ ਪੈਂਦੀ ਹੈ, ਜਿਹਨਾਂ ਨੂੰ ਇਹ ਕੰਮ ਮਜਬੂਰਨ ਕਰਨਾ ਪਵੇ ਤੇ ਜਿੰਨ੍ਹਾਂ ਦੀ ਕੋਈ ਜਥੇਬੰਦਕ ਹਾਲਤ ਤਾਕਤ ਨਾ ਹੋਵੇ ।

ਇਮੀਗਰੇਸ਼ਨ ਦੀ ਤਬਦੀਲੀ ਦਾ ਇਕ ਕਾਰਨ ਇਹ ਵੀ ਸੀ ਕਿ ਇਥੋਂ ਦੀ ਏਸ਼ੀਅਨ ਕਮਿਊਨਿਟੀ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਇਹਨਾਂ ਤਬਦੀਲੀਆਂ ਲਈ ਸਰਕਾਰ ਉਪਰ ਹਮੇਸ਼ਾ ਦਬਾਅ ਪਾਇਆ । ਇਹ ਇਕ ਬੜੀ ਦਿਲਚਸਪ ਗੱਲ ਹੈ ਕਿ ਕੈਨੇਡੀਅਨ ਕੁੱਲ ਵਸੋਂ ਅਤੇ ਬਾਹਰੋਂ ਆਉਂਦੇ ਇਮੀਗਰੇਸ਼ਨ ਦੇ ਮੁਕਾਬਲੇ ਪੰਜਾਬੀਆਂ ਦੀ ਗਿਣਤੀ ਨਾ ਮਾਤਰ ਹੀ ਰਹੀ ਹੈ, ਪਰ ਇਥੋਂ ਦੇ ਇਮੀਗਰੇਸ਼ਨ ਮਹਿਕਮੇ ਨਾਲ ਜਿੰਨੇ ਝਗੜੇ ਅਤੇ ਤਬਦੀਲੀਆਂ ਪੰਜਾਬੀਆਂ ਨੇ ਕਰਾਈਆਂ ਹਨ, ਉਹ ਦੂਜੀਆਂ ਕਮਿਊਨਿਟੀਆਂ ਦੇ ਮੁਕਾਬਲੇ ਕਿਤੇ ਵੱਧ ਹਨ । ਨਾਲ ਹੀ ਜਿਵੇਂ ਪਹਿਲਾ ਦੱਸਿਆ ਜਾ ਚੁੱਕਾ ਹੈ, ਕੈਨੇਡਾ ਦੁਨੀਆਂ ਵਿਚ ਆਪਣਾ ਇਕ ਖਾਸ ਕਿਸਮ ਦਾ ਪ੍ਰਭਾਵ ਵੀ ਕਾਇਮ ਕਰਨਾ ਤੇ ਰੱਖਣਾ ਚਾਹੁੰਦਾ ਸੀ । ਪੂੰਜੀਪਤੀ ਸਰਕਾਰਾਂ ਹਰ ਉਹ ਢੰਗ ਅਪਨਾਉਣ ਲਈ ਤਿਆਰ ਰਹਿੰਦੀਆਂ ਹਨ ਜਿਹਦੇ ਨਾਲ ਉਹ ਮੁਲਕਾਂ ਨਾਲ ਵੱਧ ਤੋਂ ਵੱਧ ਵਪਾਰ ਕਰ ਸਕਣ ਤੇ ਪੈਸਾ ਕਮਾ ਸਕਣ । ਕੈਨੇਡੀਅਨ ਸਰਕਾਰ ਲਈ ਇਕ ਨਸਲੀ ਸਰਕਾਰ ਨਾਲੋਂ ਦੂਜੇ ਤਰਾਂ ਦਾ ਪ੍ਰਭਾਵ ਦੇ ਕੇ ਜ਼ਿਆਦਾ ਫਾਇਦਾ ਹੋਣ ਦੀ ਆਸ ਸੀ, ਇਸ ਕਰਕੇ ਇਹਨਾਂ ਨੇ ਆਪਣਾ ਬਾਹਰੀ ਰੂਪ ਬਦਲਣ ਵਿਚ ਬੇਹਤਰੀ ਸਮਝੀ । ਕੈਨੇਡਾ ਵਿਚ ਹੁੰਦੇ ਨਸਲੀ ਵਿਤਕਰੇ ਤੋਂ ਸਾਫ ਜਾਹਰ ਹੈ ਕਿ ਇਹਨਾਂ ਦੇ ਅਸਲੀ ਰੂਪ ਵਿਚ ਕੋਈ ਤਬਦੀਲੀ ਨਹੀਂ ਆਈ ।

ਉਪਰੋਕਤ ਵਿਚਾਰੇ ਗਏ ਕੁਝ ਇਕ ਕਾਰਨ ਹਨ, ਜਿਹਨਾਂ ਕਰਕੇ ਕੈਨੇਡਾ ਦੀ ਸਰਕਾਰ ਨੇ ਆਪਣੀ ਇਮੀਗਰੇਸ਼ਨ ਪਾਲਿਸੀ ਵਿਚ ਤਬਦੀਲੀਆਂ ਲਿਆਂਦੀਆਂ । ਇਹਦੇ ਹੋਰ ਵੀ ਕਈ ਕਾਰਨ ਹਨ, ਜਿਹਨਾਂ ਬਾਰੇ ਇਸ ਲੇਖ ਵਿਚ ਜਾਣ ਦੀ ਲੋੜ ਨਹੀਂ । ਸਿਰਫ ਏਨਾ ਹੀ ਦੁਹਰਾਣਾ ਕਾਫੀ ਹੈ ਕਿ ਇਥੇ ਬਹੁਤ ਸਾਰੀਆਂ ਇਹੋ ਜਿਹੀਆਂ ਘੱਟ ਤਨਖਾਹ ਤੇ ਔਖੇ ਕੰਮ ਵਾਲੀਆਂ ਥਾਵਾਂ ਸਨ, ਜਿਥੇ ਇਥੋਂ ਦੇ ਗੋਰੇ ਕਾਮੇ ਕੰਮ ਕਰਨਾ ਪਸੰਦ ਨਹੀਂ ਕਰਦੇ ਸਨ । ਇਹ ਥਾਵਾਂ ਨੂੰ ਭਰਨ ਲਈ ਇਹੋ ਜਿਹੇ ਇਮੀਗਰੇਸ਼ਨ ਦੀ ਲੋੜ ਸੀ, ਜਿਹੜੇ ਇਹਨਾਂ ਥਾਵਾਂ ਵਿਚ ਬਿਨਾਂ ਸੀ ਕੀਤਿਆਂ ਫਿਟ ਆ ਸਕਦੇ । ਇਹ ਗੱਲ ਵੀ ਕਾਫੀ ਦਿਲਚਸਪ ਹੈ ਕਿ ਅਗੋਂ ਤੋਂ ਕੈਨੇਡੀਅਨ ਸਰਕਾਰ ਵੀ ਸੀਜਨਲ ਤੇ ਦੂਰ ਦੁਰੇਡੀਆਂ ਥਾਵਾਂ ਤੇ ਕਾਮਿਆਂ ਦੀ ਲੋੜ ਨੂੰ ਪੂਰਾ ਕਰਨ ਲਈ ਯੋਰਪੀਅਨ ਤੇ ਅਰਬ ਮੁਲਕਾਂ ਵਾਂਗ 'ਗੈਸਟ ਵਰਕਰ' ਜ਼ਿਆਦਾ ਸੱਦ ਰਹੀ ਹੈ ਤੇ ਪੱਕੇ ਇਮੀਗਰੇਂਟਸ ਘੱਟ । ਕਿਉਂਕਿ ਪੱਕੇ ਇਮੀਗਰੇਂਟਸ ਛੇਤੀ ਹੀ ਨਾਗਰਿਕ ਬਣ ਜਾਂਦੇ ਹਨ ਤੇ ਫੇਰ ਦੂਜਿਆਂ ਵਾਂਗ ਪੂਰੇ ਹੱਕ ਮੰਗਣੇ ਸ਼ੁਰੂ ਕਰ ਦਿੰਦੇ ਹਨ ਇਹ 'ਸੀਜਨਲ' ਕਾਮੇ ਤੀਜੀ ਦੁਨੀਆਂ ਦੇ ਮੁਲਕਾਂ ਜਿਵੇਂ ਮੈਕਸੀਕੋ ਤੇ ਜਮਾਇਕਾ ਆਦਿ ਚੋਂ ਠੇਕੇਦਾਰੀ ਸਿਸਟਮ ਰਾਹੀਂ ਲਿਆਏ ਜਾਂਦੇ ਹਨ ਅਤੇ ਕੰਮ ਖਤਮ ਹੋਣ ਤੇ ਉਹਨਾਂ ਨੂੰ ਵਾਪਿਸ ਜਾਣਾ ਹੁੰਦਾ ਹੈ । ਇਹਨਾਂ ਵਿਚੋਂ ਕਈ ਕਾਮੇ ਕਈ ਵਾਰੀ ਵਾਪਿਸ ਨਹੀਂ ਜਾਂਦੇ ਤੇ ਉਹ ਇਥੇ ਗੈਰ-ਕਾਨੂੰਨੀ ਤੌਰ ਤੇ ਲੁੱਕ ਛਿਪ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ ਲਗਦਾ ਹੈ ਕੈਨੇਡੀਅਨ ਸਰਕਾਰ ਵੀ ਅਮਰੀਕਾ ਵਾਂਗ ਗੈਰ-ਕਾਨੂੰਨੀ ਕਾਮਿਆਂ ਦੀ ਗਿਣਤੀ ਵਿਚ ਵਾਧਾ ਕਰਨਾ ਚਾਹੁੰਦੀ ਹੈ ਕਿਉਂਕਿ ਇਸ ਕਿਸਮ ਦੇ ਕਾਮੇ ਮੁਲਕਾਂ ਲਈ ਸਭ ਤੋਂ ਵੱਧ ਲਾਹੇਵੰਦ ਸਿਧ ਹੁੰਦੇ ਹਨ । ਅਮਰੀਕਾ ਵਿਚ ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ ਦੀ ਗਿਣਤੀ ਕਈ ਅੰਕੜਿਆਂ ਮੁਤਾਬਕ ਅੱਠ ਨੌ ਮਿਲੀਅਨ ਤੱਕ ਹੈ । ਇਹ ਮਜ਼ਦੂਰ ਡੀਪੋਰਟ ਹੋਣ ਦੇ ਡਰੋਂ ਘੱਟ ਤਨਖਾਹਾਂ ਵਾਲੇ ਕੰਮ, ਅਸੁਰੱਖਿਅਤ ਕੰਮ, ਰਾਤ ਦੀਆਂ ਸ਼ਿਫਟਾਂ ਵਾਲੇ ਕੰਮ, ਆਬਾਦੀ ਤੋਂ ਦੂਰ ਰਹਿ ਕੇ ਕਰਨ ਵਾਲੇ ਕੰਮ ਆਦਿ ਕਰਨ ਲਈ ਮਜਬੂਰ ਹੁੰਦੇ ਹਨ । ਇਹਨਾਂ ਦੀ ਹੋਂਦ ਕਰਕੇ ਅਮਰੀਕਾ ਦੇ ਕਿਸਾਨ ਅਤੇ ਸ਼ਹਿਰਾਂ ਵਿਚਲੇ ਛੋਟੇ ਵਪਾਰੀ ਜਿਹੜੇ ਚੋਰੀ-ਛਿਪੇ ਇਹਨਾਂ ਤੋਂ ਕੰਮ ਕਰਾਉਂਦੇ ਹਨ, ਬੇ-ਤਹਾਸ਼ਾ ਮਨਾਫਾ ਕਮਾਉਂਦੇ ਹਨ । ਸਰਕਾਰ ਨੂੰ ਵੀ ਇਹਨਾਂ ਕਾਮਿਆਂ ਕਰਕੇ ਸਿਧਾ ਫਾਇਦਾ ਹੁੰਦਾ ਹੈ ਕਿਉਂਕਿ ਦੂਜੇ ਕਾਮਿਆਂ ਵਾਂਗ ਇਹਨਾਂ ਕਾਮਿਆਂ ਲਈ ਸਹੂਲਤਾਂ ਪੈਦਾ ਕਰਨ ਦੀ ਕੋਈ ਫਿਕਰ ਨਹੀਂ ਹੁੰਦੀ ।

ਉਪਰ ਵਿਚਾਰੇ ਗਏ ਦੁਨੀਆਂ ਭਰ ਦੀ ਪੱਧਰ ਦੇ ਢਾਂਚੇ ਮੁਤਾਬਕ ਪੰਜਾਬ ਚੋਂ ਆਏ ਪੰਜਾਬੀ ਆਵਾਸੀਆਂ ਨੂੰ ਔਖੇ ਅਤੇ ਘੱਟ ਤਨਖਾਹਾਂ ਵਾਲੇ ਕੰਮ ਹੀ ਮਿਲਣਗੇ, ਕਿਉਂਕਿ ਉਹਨਾਂ ਨੂੰ ਇਥੇ ਆਉਣ ਹੀ ਇਸ ਕਰਕੇ ਦਿਤਾ ਗਿਆ ਹੈ । ਪਰ ਕੈਨੇਡਾ ਦੀ ਜਨ-ਸੰਖਿਆ ਥੋੜੀ ਹੋਣ ਕਰਕੇ, ਇਹਦੀ ਆਰਥਕ ਹਾਲਤ ਮੁਕਾਬਲਤਨ ਚੰਗੀ ਹੋਣ ਕਰਕੇ ਅਤੇ ਪੰਜਾਬੀਆਂ ਦੀ ਗਿਣਤੀ ਵੀ ਥੋੜ੍ਹੀ ਹੋਣ ਕਰਕੇ ਇਹਨਾਂ ਦੀ ਵਿਆਖਿਆ ਇਹਨਾਂ ਵਿਚਾਰਾਂ ਰਾਹੀਂ ਕਰਨੀ ਸ਼ਾਇਦ ਵਾਜਿਬ ਨਾ ਜਾਪੇ । ਸਾਡੇ ਖਿਆਲ ਵਿਚ ਭਾਵੇਂ ਪੰਜਾਬੀ ਥੋੜ੍ਹੇ ਹਨ ਅਤੇ ਇਥੇ ਆਇਆਂ ਦੀ ਹਾਲਤ ਵੀ ਇੰਨੀ ਮਾੜੀ ਨਹੀਂ, ਪਰ ਫੇਰ ਵੀ ਉਹ ਆਉਂਦੇ ਇਸੇ ਸੰਦਰਭ(context) ਵਿਚ ਹੀ ਹਨ ।

ਇਹ ਗੱਲ ਹੋਰ ਵੀ ਗੁੰਝਲਦਾਰ ਜਾਪਦੀ ਹੈ, ਜਦੋਂ ਅਸੀਂ ਹਾਲਤ ਦਾ ਜਾਇਜ਼ਾ ਨਿੱਜੀ ਪੱਧਰ ਤੇ ਲੈਂਦੇ ਹਾਂ । ਹਰ ਕਿਸੇ ਨੂੰ ਜਾਪਦਾ ਹੈ ਕਿ ਇਹ ਤਾਂ ਇਕ ਆਜ਼ਾਦ ਮੁਲਕ ਹੈ ਇਥੇ ਕਿਸੇ ਨੂੰ ਕੋਈ ਵੀ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾਂਦਾ । ਹਰ ਕੋਈ ਆਪਣੀ ਮਰਜੀ ਨਾਲ ਕੰਮ ਚੁਣਦਾ ਅਤੇ ਕਰਦਾ ਹੈ ਅਤੇ ਹਰ ਕਿਸੇ ਨੂੰ ਪੂਰਨ ਆਜ਼ਾਦੀ ਹੈ ਕਿ ਉਹ ਜਦੋਂ ਚਾਹੇ ਆਪਣੀ ਮਰਜ਼ੀ ਨਾਲ ਕੰਮ ਛੱਡ ਸਕਦਾ ਹੈ । ਕੋਈ ਕਿਸੇ ਨੂੰ ਮਜਬੂਰ ਨਹੀਂ ਕਰਦਾ, ਠੇਕੇਦਾਰਾਂ ਥੱਲੇ ਫਾਰਮਾਂ ਵਿਚ ਕੰਮ ਕਰਨ ਲਈ ਜਾਂ ਡਬਲ ਐਮ. ਏ. ਪੜ੍ਹੇ ਵਿਅਕਤੀ ਨੂੰ ਬੀ. ਸੀ. ਰੇਲ 'ਤੇ ਕੰਮ ਕਰਨ ਲਈ । ਫਿਰ ਇਹ ਕਿਵੇਂ ਸੰਭਵ ਹੈ ਕਿ ਅਸੀਂ ਸਿਰਫ ਇਹੋ ਜਿਹੇ ਕੰਮ ਹੀ ਕਰਨ ਲਈ ਚੁਣਦੇ ਹਨ ?

ਮੌਜੂਦਾ ਢਾਂਚੇ ਵਿਚ ਨਵੇਂ ਆਏ ਆਵਾਸੀਆਂ ਨੂੰ ਇਹਨਾਂ ਕਿੱਤਿਆਂ ਵੱਲ ਲੈ ਜਾਣ ਵਾਲੇ ਕਿੰਨੇ ਹੀ ਨਿੱਕੇ ਨਿੱਕੇ ਕਾਰਨ ਹਨ । ਛੋਟੀਆਂ ਛੋਟੀਆਂ ਗੱਲਾਂ, ਜਿਹਨਾਂ ਵੱਲ ਆਮ ਵਿਅਕਤੀ ਦਾ ਧਿਆਨ ਨਹੀਂ ਜਾਂਦਾ, ਨਵੇਂ ਆਇਆਂ ਨੂੰ ਇਹਨਾਂ ਕੰਮਾਂ ਵਿਚ ਜਾਣ ਲਈ ਮਜਬੂਰ ਕਰ ਦਿੰਦੀਆਂ ਹਨ । ਇਹ ਗੱਲਾਂ ਹਨ : 1. ਨਸਲੀ ਵਿਤਕਰਾ ਤੇ ਸਰਮਾਏਦਾਰੀ ਦਾ ਆਰਥਿਕ ਸੰਕਟ, 2. ਆਵਾਸੀਆਂ ਦੀ ਆਰਥਿਕ ਮਜਬੂਰੀ, 3. ਕੰਮਾਂ-ਕਾਰਾਂ ਬਾਰੇ ਜਾਣਕਾਰੀ ਦੀ ਘਾਟ, 4. ਬੋਲੀ, 5. ਹਿੰਦੋਸਤਾਨੀ ਵਿਦਿਅਕ ਢਾਂਚਾ, 6. ਹਿੰਦੋਸਤਾਨੀ ਪੜ੍ਹਾਈ ਨੂੰ ਸਵੀਕਾਰ ਨਾ ਕਰਨਾ, 7. ਨੌਕਰੀਆਂ ਲਈ ਸਥਾਪਤ ਕੀਮਾ ਮਾਪ ।

(ਚਲਦਾ)

## ਨਲਬੰਦੀ ਬਾਅਦ ਜੋੜੇ ਜੰਮੇ

ਡੇਰਾ ਬਾਬਾ ਨਾਨਕ, (ਪਤਰਕਾਰ)—ਸੂਚਨਾ ਪ੍ਰਾਪਤ ਹੋਈ ਹੈ ਕਿ ਇਥੋਂ ਇਕ ਫਰਲਾਂਗ ਦੂਰ ਪਿੰਡ ਖਾਸਾਵਾਲਾ ਵਿਖੇ ਇਕ ਇਸਾਈ ਪ੍ਰੀਵਾਰ ਤੇ ਕੁਦਰਤ ਦੀ ਬੜੀ ਕਿਰਪਾ ਹੋਈ ਹੈ. ਇਹ ਵਰਨਣ ਯੋਗ ਹੈ ਕਿ ਇਹ ਈਸਾਈ ਔਰਤ ਜਿਹੜੀ ਪਿਆਰਾ ਮਸੀਹ ਦੀ ਪਤਨੀ ਹੈ, ਦਾ 2 ਸਾਲ ਪਹਿਲਾਂ ਅਪ੍ਰੇਸ਼ਨ ਨਲਬੰਦੀ ਹੋਇਆ ਸੀ ਪਰ 2 ਸਾਲ ਬਾਅਦ 2 ਇਕਠੇ ਲੜਕੇ ਕੁਦਰਤ ਨੇ ਉਹਨਾਂ ਦੇ ਘਰ ਬਖਸ਼ ਦਿਤੇ.


**Nash N.S. Gill**
**Barrister & Solicitor**
**Notary Public**
Personal injury & I.C.B.C claims, Divorces, Immigration, Estates & Criminal
ਕਾਰ ਐਕਸੀਡੈਂਟ ਵਿੱਚ ਸੱਟ ਲੱਗ ਜਾਣ ਨਾਲ ਇਨਸ਼ੋਰੈਂਸ ਦੇ ਕੇਸ ਤੇ ਡਾਈਵੋਰਸ-ਇਮੀਗਰੇਸ਼ਨ ਅਤੇ ਅਸਟੇਟ ਦੇ ਕੇਸ ਆਦਿ ਹੈਂਡਲ ਕੀਤੇ ਜਾਂਦੇ ਹਨ ਮਿਲੋ ਜਾਂ ਫੂਨ ਕਰੋ
**Bus. 853-9322**
**Res. 826-8207**
New Office located at :
33232 South Fraser Way
Abbotsford, B.C.



**NARWAL INSURANCE AGENCY LTD.**
ALL KINDS OF INSURANCE:
*Renewals*
*Financing*
*Safe Driving Discounts*
*Cars, Trucks, Vans Etc..*
PLATES & DECALS
Autoplan
Open Monday to Saturday from 9 A.M. - 5 P.M.
OFF: 324-4944 RES: 325-4744
6415 MAIN ST., (at 48th Ave.) VANCOUVER, B.C



PRITPAL NARWAL, B.A. LL.B

PRITPAL SINGH NARWAL
**NOTARY PUBLIC**
B.A. (PU) LL.B. (KUK)
FORMER - (ADVOCATE & OATH COMMISIONER)
(Punjab & Haryana Highcourt)
**PREFERRED AREA OF PRACTISE:**
*All Conveyancing Deed & Transfer Documents
*To prepare Mortgage & Cancel Mortgages
*To prepare Leases
*To prepare Commercial Contracts
*To prepare Statutory Declarations
*To prepare Power of Attorney
*Authorized to Adminster Oaths
*Attest Signatures
*Authenticate Copies
*Passport *Change of Name
Also Help on Immigration Matters
BUS: 324-4944 RES: 325-4744 9:00 a.m. to 5.00 p.m. (Monday to Saturday)
6415 MAIN ST., (At 48th Ave.) VANCOUVER, B.C. V2W 2V5

# ਪੰਜਾਬ ਦਰਪਣ

## ਸੁਖਦੇਵ ਪੁਲਸ ਨੂੰ ਗਹਿਣਿਆਂ ਦੀ ਥਾਂ ਤੇ ਖੁਦ ਲੈ ਕੇ ਗਿਆ

ਸੰਘਨ—ਕਰੋਲਬਾਗ ਦੀ ਡਕੈਤੀ ਦੇ ਕੇਸ ਵਿਚ ਫੜੇ ਗਏ ਅਤਿਵਾਦੀ ਸੁਖਦੇਵ ਸਿੰਘ ਦੇ ਬੀਮਾਰ ਪਿਤਾ ਨੇ ਕਿਹਾ, "ਜਦੋਂ ਸਭ ਕੁਝ ਠੀਕ ਸੀ ਤਾਂ ਉਹ ਕਈ ਸਾਲ ਨਹੀਂ ਆਇਆ। ਹੁਣ ਤਕਲੀਫ ਆਈ ਤਾਂ ਆਇਆ ਤੇ ਸਾਨੂੰ ਵੀ ਉਸ ਵਿਚ ਉਤਾਰ ਗਿਆ।"

ਆਪਣੇ ਕੱਚੇ ਘਰ ਦੀ ਕੰਧ ਨਾਲ ਢੋਅ ਲਾਉਂਦੇ ਹੋਏ 85 ਸਾਲਾ ਬਿਰਧ ਈਸ਼ਵਰ ਸਿੰਘ ਨੇ ਕਿਹਾ ਕਿ ਇਕ ਮਹੀਨਾ ਪਹਿਲਾਂ ਉਹ ਬੜੇ ਖਾਮੋਸ਼ੀ ਵਾਲੇ ਢੰਗ ਨਾਲ ਆਇਆ। ਉਸਦੇ ਭੈਣ-ਭਰਾ ਉਸਨੂੰ ਪਛਾਣ ਤਕ ਨਾ ਸਕੇ। ਬਿਨਾਂ ਕੁਝ ਕਹੇ ਦੱਸੇ ਉਹ ਚਲਾ ਗਿਆ। ਅਤੇ ਉਦੋਂ ਹੀ ਸ਼ਾਇਦ ਉਸਨੇ ਖੇਤਾਂ ਵਿਚ ਕਰੋਲਬਾਗ ਦੀ ਲੁਟ ਦਾ ਮਾਲ ਲੁਕਾਇਆ ਸੀ।

ਈਸ਼ਵਰ ਸਿੰਘ ਨੇ ਦੱਸਿਆ ਕਿ ਉਸ ਤੋਂ ਬਾਅਦ ਮੈਂ ਉਸਨੂੰ ਪਿਛਲੇ ਵੀਰਵਾਰ ਦੀ ਰਾਤ ਦੇਖਿਆ, ਜਦੋਂ ਉਸਨੂੰ ਗ੍ਰਿਫਤਾਰ ਕਰਕੇ ਪੁਲਸ ਲੈ ਆਈ। ਪੁਲਸ ਉਸਨੂੰ ਲੈ ਕੇ ਰਾਤ ਦਸ ਵਜੇ ਮੇਰੇ ਘਰ 'ਮੇਂਗੇ ਦਾ ਡੇਰਾ' ਪਹੁੰਚੀ। ਉਸ ਵੇਲੇ ਮੀਂਹ ਪੈ ਰਿਹਾ ਸੀ।

ਸੁਖਦੇਵ ਨੇ ਪੁਲੀਸ ਨੂੰ ਉਹ ਜਗ੍ਹਾ ਦਿਖਾਈ ਜਿਥੇ ਉਸਨੇ ਲੁਟ ਦਾ ਮਾਲ ਲੁਕਾਇਆ ਹੋਇਆ ਸੀ। ਉਹ ਜਗ੍ਹਾ ਘਰ ਤੋਂ ਸਿਰਫ 220 ਗਜ਼ ਦੂਰ ਸੀ। ਉਸਨੂੰ ਹਥਕੜੀ ਲਗੀ ਹੋਈ ਸੀ ਤੇ ਉਹ ਗਹਿਣਿਆਂ ਦੇ ਭਰੇ ਘੜੇ ਨੂੰ ਜ਼ਮੀਨ ਤੋਂ ਬਾਹਰ ਨਹੀਂ ਕਢ ਪਾ ਰਿਹਾ ਸੀ। ਇਸ ਤੇ ਪੁਲਸ ਨੇ ਉਸਦੇ ਛੋਟੇ ਭਰਾ ਗੁਰਮੇਸ਼ ਦੀ ਮਦਦ ਲਈ।

ਘੜੇ ਨੂੰ ਜ਼ਮੀਨ ਪੁਟਕੇ ਬਾਹਰ ਕੱਢਿਆ ਗਿਆ। ਉਸ ਵਿਚੋਂ ਗਹਿਣੇ ਬਾਹਰ ਕਢੇ ਗਏ ਤੇ ਪੁਲਸ ਨੇ ਲੈਂਪ ਦੀ ਰੋਸ਼ਨੀ ਵਿਚ ਉਨ੍ਹਾਂ ਦੀ ਜਾਂਚ ਕੀਤੀ ਪੁਲਸ ਦਾ ਕਹਿਣਾ ਹੈ ਕਿ ਬਰਾਮਦ ਸਾਮਾਨ ਦੋ ਲੱਖ ਰੁਪਏ ਦਾ ਹੈ।

8 ਵੰਗਾਂ, 6 ਨੈਕਲੈਸ, ਤਿੰਨ ਚੇਨੀਆਂ, 13 ਅੰਗੂਠੀਆਂ, 16 ਟਾਪਸ, ਦੋ ਕੰਨਫੂਲ, ਤਿੰਨ ਨੱਕ ਦੀਆਂ ਕਿਲਾਂ ਆਦਿ ਸੋਨੇ ਦੇ ਗਹਿਣੇ ਸਨ। ਇਸ ਤੋਂ ਇਲਾਵਾ ਹੀਰੇ ਦੀਆਂ ਸਤ ਅੰਗੂਠੀਆਂ ਵੀ ਸਨ। ਪੁਲਸ ਦਾ ਕਹਿਣਾ ਹੈ ਕਿ ਹੀਰੇ ਦੀਆਂ 11 ਅੰਗੂਠੀਆਂ ਲੁਟੀਆਂ ਗਈਆਂ ਸਨ।

ਪੁਲਸ ਦਾ ਦਾਅਵਾ ਹੈ ਕਿ ਫਰੀਦਕੋਟ ਤੇ ਅੰਮ੍ਰਿਤਸਰ ਵਿਚ ਛਾਪਾ ਮਾਰ ਕੇ ਉਸਨੇ ਡੇਢ ਲਖ ਰੁਪਏ ਦੇ ਗਹਿਣੇ ਬਰਾਮਦ ਕੀਤੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸਾਮਾਨ ਉਸਦੇ ਜੀਜੇ ਸਵਰਨ ਸਿੰਘ ਦੇ ਘਰੋਂ ਬਰਾਮਦ ਕੀਤਾ ਗਿਆ। ਸਵਰਨ ਸਿੰਘ, ਸੁਖਦੇਵ ਸਿੰਘ ਦੇ ਉਨ੍ਹਾਂ ਦੇ ਸਾਥੀਆਂ ਵਿਚੋਂ ਇਕ ਹੈ, ਜਿਹੜੇ ਕਰੋਲਬਾਗ ਦੇ ਡਾਕੇ ਵਿਚ ਸ਼ਾਮਲ ਸਨ। ਈਸ਼ਵਰ ਸਿੰਘ ਨੇ ਦਸਿਆ ਕਿ ਪੁਲਸ ਜਦੋਂ ਸੁਖਦੇਵ ਨੂੰ ਲੈ ਕੇ ਇਥੇ ਪਹੁੰਚੀ, ਤਾਂ ਕਿਸੇ ਨੂੰ ਕੋਈ ਗੱਲ ਦਸਣ ਦੀ ਲੋੜ ਹੀ ਨਹੀਂ ਪਈ। ਉਸਨੇ ਅਪਰਾਧ ਕਬੂਲ ਕਰ ਲਿਆ। ਆਪਣੇ ਪਿਤਾ ਈਸ਼ਵਰ ਸਿੰਘ ਨੂੰ ਦੇਖਦੇ ਹੀ ਸੁਖਦੇਵ ਰੋ ਪਿਆ। ਤੇ ਰੋ ਕੇ ਕਹਿਣ ਲੱਗਾ, "ਮੇਰਾ ਮੂੰਹ ਕਾਲਾ ਕਰ ਦਿਓ, ਜੋ ਚਾਹੇ ਸਜ਼ਾ ਦੇ ਲਓ, ਤੁਹਾਡੀ ਕੋਈ ਗਲਤੀ ਨਹੀਂ ਹੈ। ਮੈਂ ਖੁਦ ਗਲਤ ਰਸਤੇ ਪੈ ਗਿਆ।"

ਪੁਲਸ ਉਸਦੇ ਛੋਟੇ ਭਰਾ ਗੁਰਮੇਸ਼ ਨੂੰ ਫੜ ਕੇ ਲੈ ਗਈ ਹੈ। ਪੁਲਸ ਨੇ ਬਾਅਦਾ ਕੀਤਾ ਸੀ ਕਿ ਉਸਨੂੰ ਛੇਤੀ ਹੀ ਛੱਡ ਦੇਵੇਗੀ ਪਰ ਉਹ ਹਾਲੇ ਤੱਕ ਘਰ ਨਹੀਂ ਪਰਤਿਆ। ਇਸ ਦੌਰਾਨ ਸੁਖਦੇਵ ਦੇ ਹੋਰ ਚਾਰ ਭਰਾ ਦੌੜ ਗਏ। ਘਰ ਵਿਚ ਕੋਈ ਨਹੀਂ ਜਾਣਦਾ ਕਿ ਉਹ ਕਿੱਥੇ ਹਨ। ਇਸ ਕਾਰਨ ਈਸ਼ਵਰ ਸਿੰਘ, ਉਸਦੀ ਪਤਨੀ, ਲੜਕੀ ਤੇ ਤਿੰਨਾਂ ਨੂੰਹਾਂ ਡਰੀਆਂ ਰਹਿੰਦੀਆਂ ਹਨ।



ਪਿੰਡ ਦੇ ਇਕ ਖੇਤ ਵਿਚ ਪਿਆ ਹੋਇਆ ਉਹ ਟੋਇਆ ਜਿਸ ਵਿਚੋਂ ਗਹਿਣਿਆਂ ਦਾ ਭਰਿਆ ਘੜਾ ਕੱਢਿਆ ਗਿਆ।



ਸੁਖਦੇਵ ਸਿੰਘ ਦੇ ਪਿਤਾ ਤੇ ਭੈਣ। ਇਹ ਤਸਵੀਰ ਉਨ੍ਹਾਂ ਦੇ ਪਿੰਡ ਸੰਘਣ(ਕੈਥਲ) ਵਿਚ ਲਈ ਗਈ

## ਪਾਕਿਸਤਾਨ ਨੂੰ ਕਰੰਸੀ ਦੀ ਸਮਗਲਿੰਗ ਮੁੜ ਸ਼ੁਰੂ

ਅੰਮ੍ਰਿਤਸਰ—ਪਾਕਿਸਤਾਨ ਨੂੰ ਭਾਰਤ ਕਰੰਸੀ ਦੀ ਸਮਗਲਿੰਗ ਮੁੜ ਸ਼ੁਰੂ ਹੋ ਗਈ ਹੈ। ਪਿਛੇ ਜਿਹੇ ਇਹ ਧੰਦਾ ਮੰਦਾ ਹੋ ਗਿਆ ਸੀ ਕਿਉਂਕਿ ਕਰੰਸੀ ਦੀ ਸਮਗਲਿੰਗ ਤੋਂ ਜ਼ਿਆਦਾ ਲਾਭ ਨਹੀਂ ਸੀ ਹੁੰਦਾ। ਹੁਣ ਫਿਰ ਤੋਂ ਇਹ ਧੰਦਾ ਜ਼ੋਰਾਂ ਤੇ ਸ਼ੁਰੂ ਹੋਣ ਦੀ ਸੂਚਨਾ ਮਿਲੀ ਹੈ। ਕਰੰਸੀ ਦੇ ਬਦਲੇ ਕਵਿੰਟਲਾਂ ਵਿਚ ਅਫੀਮ ਸਮਗਲ ਹੁੰਦੀ ਹੈ। ਇਸ ਤਰਾਂ ਸਮਗਲਰ ਨੂੰ ਦੁਗਣਾ ਫਾਇਦਾ ਹੁੰਦਾ ਹੈ। ਇਸ ਸਬੰਧ ਵਿਚ ਸਰਹੱਦੀ ਪਿੰਡ ਕੱਕੜ ਦੀ ਸੂਚਨਾ ਹੈ ਕਿ ਅੱਧੀ ਦਰਜਨ ਦੇ ਕਰੀਬ ਆਦਮੀਆਂ ਨੇ ਦਸ ਲੱਖ ਰੁਪਏ ਪਾਕਿਸਤਾਨ ਨੂੰ ਸਮਗਲ ਕਰਨ ਦੀ ਕੋਸ਼ਿਸ਼ ਕੀਤੀ ਲੇਕਿਨ ਉਹ ਕਾਮਯਾਬ ਨਾ ਹੋ ਸਕੇ। ਇਸ ਤੇ ਉਹ ਵਾਪਸ ਪਿੰਡ ਆ ਗਏ ਅਤੇ ਰੁਲਦੇ ਪਿੰਡ ਦੇ ਬਾਹਰ ਪਰਾਲੀ ਦੇ ਢੇਰ ਵਿਚ ਛੁਪਾ ਦਿੱਤੇ। ਉਨ੍ਹਾਂ ਵਿਚੋਂ ਇਕ ਸਾਥੀ ਦੀ ਨੀਯਤ ਖਰਾਬ ਹੋ ਗਈ ਅਤੇ ਉਹ ਪੰਜ ਲੱਖ ਲੈ ਕੇ ਜਾਂਦਾ ਹੋਇਆ ਆਪਣੇ ਮਾਂ ਬਾਪ ਤੇ ਬੱਚਿਆਂ ਨੂੰ ਵੀ ਲੈ ਗਿਆ।

## ਫਿਰਕੂ ਕਾਂਡ ਦੇ ਸ਼ਿਕਾਰ ਹੋਏ ਓਮ ਪ੍ਰਕਾਸ਼ ਦੀ ਬੱਚੀ ਨੂੰ ਤੇਰਾਂ ਹਜ਼ਾਰ

ਮਲੋਟ—ਨਸ਼ਿਹਰਾ ਪੰਨੂੰਆਂ ਕਾਂਡ ਵਿਚ ਫਿਰਕੂ ਤੁਅੱਸਵ ਦੇ ਸ਼ਿਕਾਰ ਹੋਏ ਸ੍ਰੀ ਓਮ ਪ੍ਰਕਾਸ਼ ਮਿੱਡਾ ਦੀ ਦੋ ਸਾਲਾ ਬੱਚੀ ਲਵਲੀ ਨੂੰ ਜਲਾਲਾਬਾਦ ਅਤੇ ਫਾਜ਼ਿਲਕਾ ਖੇਤਰ ਦੀ ਜਨਤਾ ਨੇ ਤੇਰਾਂ ਹਜ਼ਾਰ ਰੁਪਏ ਦਾ ਫਿਕਸ ਡੀਪਾਜ਼ਟ ਦਿੱਤਾ ਹੈ। ਜਿਹੜਾ ਕਿ ਨਿਊ ਬੈਂਕ ਆਫ ਇੰਡੀਆ ਮਲੋਟ ਵਿਖੇ ਜਮਾਂ ਕਰਾਇਆ ਗਿਆ ਹੈ।

## ਨਿਰਲੇਪ ਕੌਰ ਦੇ ਬਿਆਨ ਦੀ ਹਮਾਇਤ

ਮਲੋਟ — ਜਥੇਦਾਰ ਬਲਬੀਰ ਸਿੰਘ ਪ੍ਰਧਾਨ ਜ਼ਿਲਾ ਅਕਾਲੀ ਜੱਥਾ ਮੁਕਤਸਰ ਨੇ ਇਕ ਲਿਖਤੀ ਪ੍ਰੈਸ ਬਿਆਨ ਵਿਚ ਨਿਰਲੇਪ ਕੌਰ ਸਾਬਕਾ ਐਮ ਪੀ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪ੍ਰਤੀ ਅਪਣਾਏ ਸਟੈਂਡ ਦੀ ਜ਼ੋਰਦਾਰ ਹਮਾਇਤ ਕਰਦੇ ਹੋਏ ਇਸ ਨੂੰ ਇਕ ਦਲੇਰਾਨਾ ਕਦਮ ਦਸਦਿਆਂ ਉਹਨਾਂ ਕਿਹਾ ਕਿ ਨਿਰਲੇਪ ਕੌਰ ਦੀ ਪੰਥ ਪ੍ਰਤੀ ਵਫਾਦਾਰੀ ਨੂੰ ਕੋਈ ਵੀ ਸ਼ਕ ਦੀ ਨਿਗਾਹ ਨਾਲ ਨਹੀਂ ਦੇਖ ਸਕਦਾ ਅਤੇ ਸਿੱਖ ਰਵਾਇਤਾਂ ਸਬੰਧੀ ਉਨ੍ਹਾਂ ਨੂੰ ਚੰਗੀ ਤਰਾਂ ਗਿਆਨ ਹੈ। ਉਹਨਾਂ ਨੇ ਸਰਦਾਰ ਰਣਧੀਰ ਸਿੰਘ ਚੀਮਾ ਵਲੋਂ ਸਰਦਾਰਨੀ ਨਿਰਲੇਪ ਕੌਰ ਨੂੰ ਦਲ ਵਿਚੋਂ 6 ਸਾਲਾਂ ਲਈ ਕਢਣ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਕਿਹਾ ਕਿ ਇਸ ਨਾਲ ਸ: ਰਣਧੀਰ ਸਿੰਘ ਚੀਮਾ ਜਥੇਬੰਦੀ ਨੂੰ ਫੁੱਟ ਦਾ ਸ਼ਿਕਾਰ ਬਨਾਉਣਾ ਚਾਹੁੰਦੇ ਹਨ। ਆਪ ਜੀ ਨੇ ਸਮੂਹ ਅਕਾਲੀ ਵਰਕਰਾਂ ਅਤੇ ਜਥੇਦਾਰਾਂ ਨੂੰ ਇਕ ਮੁੱਠ ਹੋਕੇ ਲੜੇ ਜਾ ਰਹੇ ਧਰਮ ਯੁਧ ਮੋਰਚੇ ਵਿਚ ਵਧੋ-ਵਧ ਸਹਿਯੋਗ ਅਤੇ ਗ੍ਰਿਫਤਾਰੀਆਂ ਦੇਣ ਲਈ ਕਿਹਾ।

## ਸੁਖਦੇਵ ਦੇ ਸਾਥੀਆਂ ਨੂੰ ਫੜਨ ਲਈ ਪੁਲਸ ਛਾਪੇ

ਜਗਰਾਉਂ—ਲੁਧਿਆਣਾ ਦੀ ਭਾਰੀ ਪੁਲਸ ਫੋਰਸ ਵਲੋਂ, ਪਿਛਲੇ ਦਿਨੀਂ ਦਿਲੀ ਡਾਕੇ ਵਿਚ ਕਾਬੂ ਕੀਤੇ ਗਏ ਸੁਖਦੇਵ ਸਿੰਘ ਦੇ ਸਾਥੀਆਂ ਦੀ ਤਲਾਸ਼ ਵਿਚ ਜ਼ਬਰਦਸਤ ਛਾਪੇ ਮਾਰੇ ਜਾਣ ਦੀ ਸੂਚਨਾ ਮੁਤਾਬਕ ਪੁਲਸ ਵਲੋਂ ਉਸ ਦੇ ਕਈ ਪ੍ਰਵਾਰਕ ਮੈਂਬਰਾਂ ਤੋਂ ਬਿਨਾਂ ਕਈ ਰਿਸ਼ਤੇਦਾਰਾਂ ਨੂੰ ਵੀ ਆਪਣੀ ਹਿਰਾਸਤ ਵਿਚ ਲੈ ਲਿਆ ਗਿਆ ਹੈ।

ਸੂਚਨਾ ਮੁਤਾਬਕ ਸੁਖਦੇਵ ਸਿੰਘ, ਜਗਰਾਓਂ ਸਬ-ਡਬੀਜ਼ਨ ਦੇ ਅਧੀਨ ਥਾਣਾ ਸੁਧਾਰ ਦੇ ਪਿੰਡ ਰਾਜੇਆਣਾ ਕਲਾਂ ਤੋਂ ਗਿਆਨੀ ਤੇਜਾ ਸਿੰਘ ਨਾਮੀ ਇਕ ਜੱਟ-ਸਿਖ ਦਾ ਲੜਕਾ ਹੈ। ਜੋ 25 ਕਿਲੋ ਅਫੀਮ ਦੇ ਇਕ ਕੇਸ ਵਿਚ, ਅਦਾਲਤ ਚੋਂ ਜ਼ਮਾਨਤ ਹੋਣ ਤੇ ਹਾਜ਼ਰ ਨਹੀਂ ਹੋ ਰਿਹਾ। ਇਹ ਵੀ ਪਤਾ ਲਗਿਆ ਹੈ ਕਿ ਸੁਖਦੇਵ ਸਿੰਘ ਦੀ ਨਿਸ਼ਾਨ-ਦੇਹੀ ਤੇ, ਇਸ ਤੋਂ ਪਹਿਲਾਂ ਵੀ, ਪੁਲਸ ਵਲੋਂ ਕਈ ਥਾਵਾਂ ਤੇ ਛਾਪੇ ਮਾਰੇ ਗਏ ਹਨ।

## ਪਾਂਡੇ ਸਤਲੁਜ ਜਮਨਾ ਲਿੰਕ ਨਹਿਰ ਦਾ ਰਸਤਾ ਬਦਲਣ ਲਈ ਸਹਿਮਤ

ਚੰਡੀਗੜ੍ਹ—ਪੰਜਾਬੀ ਦੇ ਗਵਰਨਰ ਸ੍ਰੀ ਵੀ. ਡੀ. ਪਾਂਡੇ ਨੇ ਸਤਲੁਜ ਜਮਨਾ ਲਿੰਕ ਨਹਿਰ ਨੂੰ ਵਾਹੇ ਦੀ ਉਪਜਾਊ ਜ਼ਮੀਨ ਵਿਚੋਂ ਦੀ ਕੱਢਣ ਦੀ ਬਜਾਏ ਰੋਪੜ ਤੋਂ ਹੀ ਸ਼ਿਵਾਲਕ ਪਹਾੜੀਆਂ ਦੇ ਨਾਲ ਨਾਲ ਚੰਡੀਗੜ੍ਹ ਦੇ ਉਤੋਂ ਦੀ ਲਿਜਾ ਕੇ ਲਾਲੜੂ ਵਿਖੇ ਹਰਿਆਣਾ ਵਿਚ ਦਾਖਲ ਕਰਨ ਦੀ ਮੰਗ ਨੂੰ ਜਾਇਜ਼ ਮੰਨਦੇ ਹੋਏ ਨਹਿਰ ਲਈ ਬਦਲਵਾਂ ਰਾਹ ਢੂੰਡਣ ਲਈ ਇੰਜਨੀਅਰਾਂ ਦੀ ਇਕ ਟੀਮ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ।


ਐਬਟਸਫੋਰਡ ਵਿਚ ਹਰ ਕਿਸਮ ਦੀਆਂ ਨਵੀਆਂ ਜਾਂ ਪੁਰਾਣੀਆਂ ਕਾਰਾਂ ਖਰੀਦਣ ਲਈ, ਵੈਨਾਂ ਜਾਂ ਪਿਕ-ਅੱਪ ਆਦਿ ਲੈਣ ਲਈ — ਐਬਟਸਫੋਰਡ ਵਿਚ ਇਕੋ ਨਾਂ ਯਾਦ ਰੱਖੋ

ਲਖਬੀਰ(ਲੱਕੀ) ਗੱਖੜ

Off. (604)859-5264
Res. (604)853-1928
Direct 534-7471

ਪੌਂਟੀਐਕ, ਬਿਊਕ, ਜੀ. ਐਮ. ਸੀ. Pontaic : Buick : GMC

HALL PONTIAC BUICK Ltd.

32611, South Fraserway, Abbotsford, B.C.



Lakhbir (Lucky)





ਦਲਜੀਤ ਸਿੰਘ ਸਿੱਧੂ

S. & S. INSURANCE

ਇਨ੍ਹਾਂ ਦਾ ਦਫਤਰ ਤੁਹਾਡੀ ਸਹੂਲਤ ਲਈ 6658 Main Street, Vancouver, B.C. (ਜਿਥੇ ਪਹਿਲਾਂ ਸ਼ਾਨ ਸਾੜ੍ਹੀਜ਼ ਹੁੰਦਾ ਸੀ) ਉਥੇ ਮੂਵ ਹੋ ਗਏ ਹਨ। ਇਹਨਾਂ ਕੋਲੋਂ ਕਾਰਾਂ, ਟਰੱਕਾ, ਵੈੱਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਕਰਾਉਣ ਲਈ ਚਲੇ ਆਓ। ਪਹਿਲਾਂ ਇਹਨਾਂ ਨਾਲ ਗੱਲ ਜ਼ਰੂਰ ਕਰ ਲਓ। ਕਿਸੇ ਵੀ ਤਰ੍ਹਾਂ ਦੀ ਇਨਸ਼ੋਰੈਂਸ ਕਰਵਾਉਣ ਤੋਂ

Autoplan
1984 INSURANCE & LICENCE

Ph. 324-2311
324-5711



ਹਰਦੇਵ ਗਿੱਲ 590-2058

# ਪੰਜਾਬ ਦੀ ਡਾਇਰੀ :
# ਦਲ ਦਾ ਸੰਕਟ

**ਲਖਵਿੰਦਰ ਸਿੰਘ ਜੌਹਲ**

ਅਕਾਲੀ ਦਲ ਦੀ ਉਘੀ ਆਗੂ ਅਤੇ ਸਾਬਕ ਐਮ. ਪੀ. ਬੀਬੀ ਨਿਰਲੇਪ ਕੌਰ ਵਲੋਂ ਅਤਿਵਾਦੀ ਸਿਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕਾਂਗਰਸ ਦਾ ਏਜੰਟ ਦਸਣ ਅਤੇ ਉਸਨੂੰ ਧਰਮ ਪ੍ਰਚਾਰ ਲਈ ਅਤੇ ਸਿੱਖਾਂ ਨਾਲ ਹੋ ਰਹੇ ਕਥਿਤ ਅਨਿਆ ਲਈ ਪਿੰਡਾਂ ਵਿਚ ਜਾਣ ਅਤੇ ਇਸ ਨੂੰ ਅਨਿਆ ਵਿਰੁਧ ਲੋਕਾਂ ਨੂੰ ਜਗਾਉਣ ਲਈ ਲੋਕਾਂ ਤੱਕ ਪਹੁੰਚਣ ਅਤੇ ਦਰਬਾਰ ਸਾਹਿਬ ਵਿਚੋਂ ਬਾਹਰ ਆਉਣ ਦੀ ਸਲਾਹ ਦਿੱਤੇ ਜਾਣ ਨਾਲ ਸਿਖ ਹਲਕਿਆਂ ਵਿਚ ਵੀ ਅਤੇ ਪੰਜਾਬ ਦੀ ਰਾਜਨੀਤੀ ਵਿਚ ਵੀ ਨਵੀਂ ਕਿਸਮ ਦੇ ਚਰਚੇ ਸ਼ੁਰੂ ਹੋਏ ਹਨ। ਬੀਬੀ ਜੀ ਨੇ ਤਾਂ ਇਥੋਂ ਤੱਕ ਵੀ ਕਿਹਾ ਹੈ ਕਿ ਜੇਕਰ ਸੰਤ ਭਿੰਡਰਾਂਵਾਲਾ ਸਿਖੀ ਅਤੇ ਸਿੱਖ ਨਾਲ ਜ਼ਿਆਦਤੀਆਂ ਵਿਰੁਧ ਪ੍ਰਚਾਰ ਲਈ ਪਿੰਡਾਂ ਵਲ ਮੂੰਹ ਕਰੇ ਤਾਂ ਉਹ ਵੀ ਉਸਦੇ ਨਾਲ ਜਾਏਗਾ - ਪਰ ਗਰਮ ਖਿਆਲੀ ਅਕਾਲੀ ਧੜੇ ਨੇ ਇਸ ਬਿਆਨ ਨੂੰ ਉਲਟਾ ਕਾਂਗਰਸ ਦੀ ਸ਼ਹਿ ਉਤੇ ਦਿਤਾ ਗਿਆ ਬਿਆਨ ਕਿਹਾ ਅਤੇ ਤਲਵੰਡੀ ਅਕਾਲੀ ਦਲ ਕਾਰਜਕਾਰੀ ਪ੍ਰਧਾਨ ਰਣਧੀਰ ਸਿੰਘ ਚੀਮਾਂ ਨੇ ਤਾਂ ਤੱਟਫੱਟ ਆਪਣੀ ਕਾਰਵਾਈ ਕਰਦਿਆਂ ਹੋਇਆਂ ਬੀਬੀ ਨਿਰਲੇਪ ਕੌਰ ਨੂੰ ਆਪਣੇ ਗਰੁਪ ਵਿਚੋਂ ਛੇ ਸਾਲ ਲਈ ਕੱਢੇ ਜਾਣ ਦਾ ਐਲਾਨ ਕਰ ਦਿਤਾ। ਦਿਲਚਸਪ ਗੱਲ ਉਦੋਂ ਵਾਪਰੀ ਜਦੋਂ ਬੀਬੀ ਜੀ ਨੇ ਇਸ ਐਲਾਨ ਨੂੰ ਚੈਲਿੰਜ ਕਰਦਿਆਂ ਕਿਹਾ ਕਿ ਚੀਮਾ ਸਾਹਿਬ ਜਿਸ ਗਰੁਪ ਵਿਚੋਂ ਉਨ੍ਹਾਂ ਨੂੰ ਛੇ ਸਾਲ ਲਈ ਬਾਹਰ ਕੱਢ ਰਹੇ ਹਨ ਉਸ ਗਰੁਪ ਵਿਚੋਂ ਤਾਂ ਉਹ ਕਈ ਮਹੀਨੇ ਪਹਿਲਾਂ ਹੀ ਨਿਕਲ ਚੁੱਕੇ ਹਨ ਬੀਬੀ ਜੀ ਨੇ ਆਪਣੇ ਆਪ ਨੂੰ ਲੌਂਗੋਵਾਲ ਅਕਾਲੀ ਦਲ ਨਾਲ ਸੰਬੰਧਤ ਦਸਿਆ ਹੈ - ਵਰਨਣਯੋਗ ਗੱਲ ਇਹ ਹੈ ਕਿ ਅਕਾਲੀ ਦਲ ਦੇ ਕਿਸੇ ਵੱਡੇ ਆਗੂ ਨੇ ਬੀਬੀ ਨਿਰਲੇਪ ਕੌਰ ਦੇ ਇਸ ਬਿਆਨ ਦਾ ਕੋਈ ਨੋਟਿਸ ਨਹੀਂ ਲਿਆ। ਸਿਵਾਏ ਸੁਖਜਿੰਦਰ ਸਿੰਘ ਦੇ। ਸੁਖਜਿੰਦਰ ਸਿੰਘ ਨੇ "ਭੁਲੱਥ" ਤੋਂ ਜਾਰੀ ਕੀਤੇ ਇਸ ਬਿਆਨ ਵਿਚ ਇਸ ਬਿਆਨ ਨੂੰ ਪੰਥ ਨਾਲ ਗਦਾਰੀ ਕਿਹਾ ਅਤੇ ਨਾਲ ਹੀ ਭਿੰਡਰਾਂਵਾਲੇ ਨੂੰ ਸਿਖ ਕੌਮ ਦਾ ਰਖਵਾਲਾ ਦਸਿਆ - ਕਈ ਨਿੱਕੇ ਮੋਟੇ ਅਕਾਲੀ ਆਗੂਆਂ ਨੇ ਨਿਰਲੇਪ ਕੌਰ ਦੇ ਬਿਆਨ ਦੀ ਨਿੰਦਾ ਕੀਤੀ ਹੈ ਅਤੇ ਕਈ ਹੋਰਾਂ ਨੇ ਸੁਆਗਤ। ਸੰਤ ਹਰਚੰਦ ਸਿੰਘ ਲੌਂਗੋਵਾਲ ਅਜੇ ਚੁੱਪ ਬੈਠੇ ਹਨ ਅਤੇ ਮਾਰੂਕੇ ਵਾਲੀ ਗੱਲ ਇਹ ਹੈ ਕਿ ਖੁਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਵੀ ਨਿਰਲੇਪ ਕੌਰ ਦੇ ਬਿਆਨ ਉਤੇ ਕੋਈ ਟਿਪਣੀ ਨਹੀਂ ਕੀਤੀ ਹੈ।

ਪੰਜਾਬ ਦੇ ਰਾਜਨੀਤਕ ਹਲਕੇ ਇਸ ਬਿਆਨ ਨੂੰ ਅਕਾਲੀ ਦਲ ਦੇ ਨਰਮ ਧੜੇ ਦੀ ਇਕ ਸੋਚੀ ਸਮਝੀ ਸਕੀਮ ਦਸ ਰਹੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸਾਬਕ ਮੁਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਨਰਮ ਖਿਆਲੀ ਅਕਾਲੀ ਧੜੇ ਨੇ ਅਸਲ ਵਿਚ ਖੁਦ ਹਿੰਮਤ ਕਰਕੇ ਇਹ ਸਲਾਹ ਨਿਰਲੇਪ ਕੌਰ ਤੋਂ ਭਿੰਡਰਾਂਵਾਲੇ ਨੂੰ ਦਵਾਈ ਹੈ ਤਾਂ ਪੰਥਕ ਹਲਕਿਆਂ ਵਿਚ ਇਸ ਕਿਸਮ ਦੀ ਸਲਾਹ ਦੀ ਪ੍ਰਤੀਕਿਰਿਆ ਜਾਣੀ ਜਾਵੇ ਹੁਣ ਜਦੋਂ ਇਨਾਂ ਹਲਕਿਆਂ ਵਿਚ ਇਸਦਾ ਕੋਈ ਫਰਕ ਮਹਿਸੂਸ ਨਹੀਂ ਕੀਤਾ ਗਿਆ ਤਾਂ ਨਿਸਚੇ ਹੀ ਨਰਮ ਖਿਆਲ ਵਾਲੇ ਅਕਾਲੀ ਆਗੂ ਕੁਝ ਹੋਰ ਹੌਂਸਲੇ ਵਿਚ ਹੋਣਗੇ - ਇਕ ਅਕਾਲੀ ਵਿਧਾਇਕ ਫਤਣਵਾਲਾ ਤਾਂ ਪਹਿਲਾਂ ਹੀ ਕੁਝ ਕੌੜਾ ਕੌੜਾ ਬੋਲਣਾ ਸ਼ੁਰੂ ਕਰ ਚੁਕਿਆ ਹੈ ਪਰ ਨਰਮ ਧੜੇ ਦੇ ਵਧ ਰਹੇ ਇਨਾਂ ਰੌਲਿਆਂ ਨਾਲ ਅਤੇ ਕੇਂਦਰ ਵਲੋਂ ਅਕਾਲੀ ਦਲ ਦੀਆਂ ਮੰਗਾਂ ਨੂੰ ਕੋਈ ਹੁੰਗਾਰਾ ਨਾ ਦਿਤੇ ਜਾਣ, ਮੋਰਚੇ ਕਿਸੇ ਢੰਗ ਨਾ ਲਗਣ ਨਾਲ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਇਹ ਕਹਿਣ ਨਾਲ, ਕਿ ਪੰਜਾਬ ਵਿਚ ਹੁਣ ਕੋਈ ਮਸਲਾ ਹੀ ਨਹੀਂ ਹੈ, ਅਤੇ ਜਿੰਨੀਆਂ ਮੰਗਾਂ ਕੇਂਦਰ ਮੰਨ ਸਕਦਾ ਸੀ ਮੰਨ ਲਈਆਂ ਗਈਆਂ ਹਨ, ਅਕਾਲੀ ਦਲ ਦਾ ਅੰਦਰੂਨੀ ਲੜਾਈ ਹੋਰ ਤੇਜ਼ ਹੋ ਗਈ ਹੈ। ਉਧਰ ਦਿਲੀ ਵਿਚ ਮਾਸਟਰ ਅਕਾਲੀ ਦਲ ਨਾਲ ਲੌਂਗੋਵਾਲ ਦਲ ਦੀ ਲੜਾਈ ਕਿਸੇ ਨੂੰ ਸੌਖਾ ਸਾਹ ਨਹੀਂ ਲੈਣ ਦੇ ਰਹੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਉਤੇ ਦੋਹਾਂ ਗਰੁਪਾਂ ਵਿਚ ਫੇਰ ਜੰਮ ਕੇ ਲੜਾਈ ਹੋਈ ਹੈ ਜਿਸ ਵਿਚ 50 ਵਿਅਕਤੀ ਫਟੜ ਹੋਏ ਹਨ ਛੇ ਕਾਰਾਂ ਅੱਗ ਦੀ ਭੇਟ ਹੋ ਗਈਆਂ ਹਨ। ਪੱਥਰ ਚਲੇ ਹਲ - ਹਵਾ ਵਿਚ ਗੋਲੀਆਂ ਚਲਾਈਆਂ ਹਨ - ਏਧਰ ਤਲਵੰਡੀ ਗਰੁਪ ਨਾਲ ਲੌਂਗੋਵਾਲ ਗਰੁਪ ਦਾ ਤਣਾਓ ਵਧੀ ਜਾ ਰਿਹਾ ਹੈ। ਸਿਖ ਸਟੂਡੈਂਟਸ ਫੈਡਰੇਸ਼ਨ ਨੇ ਆਪਣੇ ਚਾਰ ਵੈਰੀਆਂ ਵਿਚ ਇਕ ਪੰਥ ਦੇ ਅੰਦਰਲੇ ਵੈਰੀ ਵੀ ਗਿਣੇ ਹਨ। ਭਿੰਡਰਾਂਵਾਲਾ ਮੰਜੀ ਸਾਹਿਬ ਦੇ ਉਨ੍ਹਾਂ ਦੀਵਾਨਾਂ ਵਿਚ ਅਜਕੱਲ੍ਹ ਨਹੀਂ ਜਾਂਦਾ ਜਿਨ੍ਹਾਂ ਉਤੇ ਲੌਂਗੋਵਾਲ ਨੇ ਪਹੁੰਚਣਾ ਹੋਵੇ। ਦੋਵੇਂ ਸੰਤਾਂ ਵਿਚਕਾਰ ਆਪਸ ਵਿਚ ਬੋਲਬਾਣੀ ਵੀ ਬੰਦ ਹੈ। ਅਤਿਵਾਦੀ ਗਰੁਪਾਂ ਦਾ ਆਪਸੀ ਤਣਾਓ ਏਨਾ ਵਧਿਆ ਹੋਇਆ ਹੈ ਕਿ ਦਰਬਾਰ ਸਾਹਿਬ ਅਹਾਤੇ ਵਿਚ ਵਿਰਲੀ ਵਿਰਲੀ ਲਾਸ਼ ਅਜੇ ਵੀ ਪ੍ਰਾਪਤ ਹੋਈ ਜਾ ਰਹੀ ਹੈ। ਐਤਵਾਰ ਰਾਤ ਨੂੰ ਰਾਮਦਾਸ ਸਰਾਂ ਦੀ ਛੱਤ ਉਤੋਂ ਇਕ ਹੋਰ ਨਿਹੰਗ ਸਿੰਘ ਦੀ ਲਾਸ਼ ਬਰਾਮਦ ਹੋਈ ਹੈ ਜਿਸ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਪੁਲਸ ਦੇ ਹਵਾਲੇ ਕੀਤਾ ਹੈ ਇਸ ਲਾਸ਼ ਦੀ ਕੋਈ ਪਛਾਣ ਨਹੀਂ ਹੋ ਸਕੀ। ਛੱਤ ਉਤੇ ਪਈ ਇਹ ਲਾਸ਼ ਕੰਬਲ ਨਾਲ ਢਕੀ ਹੋਈ ਸੀ ਅਤੇ ਉਸਦੇ ਨੱਕ ਵਿਚੋਂ ਖੂਨ ਵਗਿਆ ਹੋਇਆ ਸੀ। ਇਸ ਹਾਲਤ ਵਿਚ ਅਕਾਲੀ ਦਲ ਦਾ ਆਪਣਾ ਸੰਕਟ ਹੀ ਅਕਾਲੀ ਦਲ ਲਈ ਗੰਭੀਰ ਖਤਰਾ ਬਣਿਆ ਹੋਇਆ ਹੈ। ਜਿਸ ਨੂੰ ਜਥੇਦਾਰ ਟੌਹੜਾ ਵਖਰੀ ਤਰਾਂ ਅਨੁਭਵ ਕਰਦੇ ਹਨ ਅਤੇ ਕਲਕੱਤੇ ਵਿਚ ਦਿਤੇ ਉਨ੍ਹਾਂ ਦੇ ਬਿਆਨ ਨੇ ਨਰਮ ਖਿਆਲ ਅਕਾਲੀ ਧੜੇ ਦੀਆਂ ਆਸਾਂ ਨੂੰ ਫੇਰ ਮਿਟੀ ਵਿਚ ਮੇਲ ਦਿਤਾ ਹੈ। ਉਨ੍ਹਾਂ ਇਥੇ ਕਿਹਾ ਕਿ ਸੰਤ ਭਿੰਡਰਾਂਵਾਲਾ ਸਮੇਤ ਕੋਈ ਵੀ ਵਿਅਕਤੀ ਸਰਕਾਰ ਦੇ ਹਵਾਲੇ ਕੀਤੇ ਜਾਣ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰਦੁਆਰਿਆਂ ਦੀ ਇਹ ਰਵਾਇਤ ਹੈ ਕਿ ਇਥੇ ਆਉਣ ਵਾਲੇ ਕਿਸੇ ਵਿਅਕਤੀ ਨੂੰ ਕਦੇ ਵੀ ਇਹ ਨਹੀਂ ਪੁਛਿਆ ਜਾਂਦਾ ਕਿ ਉਹ ਕਿਹੜੇ ਧਰਮ ਦਾ ਹੈ ਅਤੇ ਕਿਥੋਂ ਆਇਆ ਹੈ। ਅਤੇ ਇਹ ਵੀ ਕਦੇ ਨਹੀਂ ਪੁਛਿਆ ਜਾਂਦਾ ਕਿ ਉਹ ਕੋਈ ਜ਼ੁਰਮ ਤਾਂ ਨਹੀਂ ਕਰਕੇ ਆਇਆ। ਇਥੇ ਪੱਤਰਕਾਰਾਂ ਵਲੋਂ ਪੁਛੇ ਗਏ ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਬਲਬੀਰ ਸਿੰਘ ਸੰਧੂ ਦੇ ਗੁਰੂ ਨਾਨਕ ਨਿਵਾਸ ਵਿਚ ਹੋਣ ਤੋਂ ਵੀ ਇਨਕਾਰ ਕੀਤਾ। ਉਨ੍ਹਾਂ ਕਿਹਾ ਉਹ ਇਕ ਦੋ ਦਿਨ ਭਾਵੇਂ ਇਥੇ ਰਿਹਾ ਹੋਵੇ ਪਰ ਉਹ ਹੁਣ ਇਥੇ ਨਹੀਂ ਹੈ। ਭਾਵੇਂ ਗਾਹੇ ਵਗਾਹੇ ਸੰਤ ਲੌਂਗੋਵਾਲ ਵੀ ਭਿੰਡਰਾਂਵਾਲਾ ਦੀ ਹਮਾਇਤ ਦਾ ਦਮ ਭਰਦੇ ਰਹਿੰਦੇ ਹਨ ਕਿਉਂਕਿ ਇਕ ਗੱਲ ਤਾਂ ਸਾਰਾ ਅਕਾਲੀ ਦਲ ਹੀ ਸਮਝਦਾ ਹੈ ਕਿ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਤੋਂ ਬਾਅਦ (ਜਿਸਦੀ ਕਿ ਭਾਵੇਂ ਆਸ ਨਹੀਂ ਹੈ) ਭਿੰਡਰਾਂਵਾਲਾ ਹੀ ਹੋ ਚਮਕੇਗਾ। ਹੋਰ ਕਿਸੇ ਅਕਾਲੀ ਆਗੂ ਨੂੰ ਤਾਂ ਕੀ ਸਾਰੇ ਅਕਾਲੀ ਦਲ ਨੂੰ ਵੀ ਕਿਸੇ ਨੇ ਨਹੀਂ ਪੁਛਣਾ - ਇਸ ਕਰਕੇ ਭਿੰਡਰਾਂਵਾਲਾ ਦਲ ਲਈ ਇਕ ਵਖਰੀ ਸਮਸਿਆ ਬਣਿਆ ਹੋਇਆ ਹੈ ਜੇਕਰ ਦਲ ਦੀਆਂ ਮੰਗਾਂ ਮੰਨੀਆਂ ਜਾਂਦੀਆਂ ਹਨ ਤਾਂ ਵੀ ਇਸਦਾ ਕਰੈਡਿਟ ਭਿੰਡਰਾਂਵਾਲੇ ਨੂੰ ਹੀ ਜਾਣ ਦਾ ਅੰਦੇਸ਼ਾਂ ਸਾਰੇ ਅਕਾਲੀ ਆਗੂਆਂ ਦੇ ਮਨ ਵਿਚ ਬਣਿਆ ਰਹਿੰਦਾ ਹੈ ਅਤੇ ਜੇਕਰ ਨਹੀਂ ਮੰਨੀਆਂ ਜਾਂਦੀਆਂ ਤਾਂ ਵੀ ਭਿੰਡਰਾਂਵਾਲੇ ਦੇ ਹਮਾਇਤੀ ਅਤੇ ਗਰਮ ਖਿਆਲੀ ਧੜੇ ਦੀ ਚੜ੍ਹ ਮਚਦੀ ਹੈ ਜਿਹੜੇ ਵੇਲੇ ਵੇਲੇ ਅਕਾਲੀ ਦਲ ਦੇ ਆਗੂਆਂ ਉਤੇ 'ਗਾਂਧੀ ਦੇ ਚੇਲੇ' ਕਹਿ ਕੇ ਕਟਾਖਸ਼ ਕਰਦੇ ਰਹਿੰਦੇ ਹਨ।

ਹੁਣ ਅਕਾਲੀ ਦਲ ਨੇ ਆਪਣਾ ਅਗਲਾ ਪਰੋਗਰਾਮ ਉਲੀਕਣ ਲਈ 17 ਜਨਵਰੀ ਨੂੰ ਹਾਈ ਕਮਾਂਡ ਦੀ ਹੰਗਾਮੀ ਮੀਟਿੰਗ ਸਦੀ ਹੈ ਜਿਸ ਵਿਚ ਤਲਵੰਡੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਰਣਧੀਰ ਸਿੰਘ ਚੀਮਾਂ ਅਤੇ ਇਸ ਗਰੁੱਪ ਦੇ ਹੋਰ ਆਗੂਆਂ ਨੂੰ ਵੀ ਸੱਦਾ ਦਿਤਾ ਗਿਆ ਹੈ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕਾ ਸਿੰਘ ਨੂੰ ਵੀ ਸੱਦਾ ਪੱਤਰ ਦਿਤਾ ਗਿਆ ਹੈ। ਯੁੱਧ ਅਕਾਲੀ ਵਿੰਗ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਵੀ ਸਦਿਆ ਗਿਆ ਹੈ ਅਤੇ ਹਰੀਜਨ ਤੇ ਕਿਸਾਨ ਵਿੰਗਾਂ ਦੇ ਅਕਾਲੀ ਆਗੂ ਵੀ ਬੁਲਾਏ ਗਏ ਹਨ। ਇਸ ਮੀਟਿੰਗ ਵਿਚ 26 ਜਨਵਰੀ ਤੋਂ ਸ਼ੁਰੂ ਕੀਤੇ ਜਾਣ ਵਾਲੇ ਮੋਰਚੇ ਦੇ ਅਗਲੇ ਪ੍ਰੋਗਰਾਮ ਉਤੇ ਵਿਚਾਰ ਕੀਤਾ ਜਾਣਾ ਹੈ ਇਸ ਤੋਂ ਪਹਿਲਾਂ ਸੰਤ ਲੌਂਗੋਵਾਲ ਅਕਾਲੀ ਵਰਕਰਾਂ ਅਤੇ ਆਗੂਆਂ ਨੂੰ 26 ਜਨਵਰੀ ਤੋਂ ਰੂਪੋਸ਼ ਹੋ ਜਾਣ ਬਾਰੇ ਹਦਾਇਤਾਂ ਜਾਰੀ ਕਰ ਚੁਕੇ ਹਨ।

## ਇੱਕਾ ਦੀ ਸਥਿਤੀ

ਪੰਜਾਬ ਇੱਕਾ ਵਿਧਾਇਕ ਦਲ ਦੇ ਚੀਫ ਵਿੱਪ ਬੀਰ ਦਵਿੰਦਰ ਸਿੰਘ ਨੇ ਇਨੀਂ ਦਿਨੀਂ ਇਕ ਨਵਾਂ ਪੈਂਤੜਾ ਲਿਆ ਹੈ। ਸਾਬਕ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੂੰ ਮੁੜ ਕੇ ਮੁਖ ਮੰਤਰੀ ਬਣਨ ਦੇ ਸੁਪਨੇ ਨਾ ਲੈਣ ਦੀ ਸਲਾਹ ਦੇਂਦਿਆਂ ਉਨ੍ਹਾਂ ਨੇ ਪੰਜਾਬ ਵਿਚ 'ਪਾਪੂਲਰ ਸਰਕਾਰ' ਬਣਾਏ ਜਾਣ ਦੀ ਸੰਭਾਵਨਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪੰਜਾਬ ਵਿਚ ਗਵਰਨਰੀ ਰਾਜ ਨਾ ਕੋਈ ਫਰਕ ਨਹੀਂ ਪਿਆ ਹੈ ਸਗੋਂ ਲੋਕਾਂ ਦੇ ਮਸਲੇ ਹਲ ਕੀਤੇ ਜਾਣ ਵਿਚ ਦੇਰੀ ਹੋ ਰਹੀ ਹੈ। ਬੀਰਦਵਿੰਦਰ ਸਿੰਘ ਪਹਿਲਾਂ ਵੀ ਦਰਬਾਰਾ ਸਿੰਘ ਦੇ ਸਭ ਤੋਂ ਵਧ ਵਿਰੋਧੀਆਂ ਵਿਚੋਂ ਸੀ ਪਰ ਜਦੋਂ ਪਿਛਲੇ ਦਿਨੀਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਆਪਣੇ ਭਤੀਜੇ ਬਸੰਤ ਸਿੰਘ ਨੂੰ ਪੰਜਾਬ ਦਾ ਮੁਖ ਮੰਤਰੀ ਬਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਤਾਂ ਬੀਰਦਵਿੰਦਰ ਦਭਵੀਂ ਜੀਭੇ ਦਰਬਾਰਾ ਸਿੰਘ ਦੇ ਹੱਕ ਵਿਚ ਬੋਲਣ ਵਾਲਿਆਂ ਵਿਚੋਂ ਇਕ ਹੋ ਗਿਆ ਪਰ ਜਿਉਂ ਹੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਵਿਚਕਾਰ ਮਤਭੇਦਾਂ ਦੀਆਂ ਖਬਰਾਂ ਕੁਝ ਗਰਮ ਹੋਈਆਂ ਹਨ ਤਿਵੇਂ ਹੀ ਬੀਰਦਵਿੰਦਰ ਸਿੰਘ ਨੇ ਖੁਦ ਪੰਜਾਬ ਦਾ ਮੁਖ ਮੰਤਰੀ ਬਣਨ ਦੇ ਸੁਪਨੇ ਲੈਣੇ ਸ਼ੁਰੂ ਕਰ ਦਿਤੇ ਪਰ ਉਸਨੂੰ ਪਤਾ ਹੈ ਕਿ ਇੱਕਾ ਵਿਧਾਇਕ ਦਲ ਵਿਚ ਬਹੁ ਗਿਣਤੀ ਅਜੇ ਵੀ ਦਰਬਾਰਾ ਸਿੰਘ ਦੀ ਹੈ। ਇਸ ਕਰਕੇ ਉਸਨੇ ਇੱਕਾ ਸਰਕਾਰ ਮੁੜ ਸੁਰਜੀਤ ਕੀਤੇ ਜਾਣ ਬਾਰੇ ਗਲ ਕਰਨ ਦੀ ਥਾਂ 'ਪਾਪੂਲਰ ਸਰਕਾਰ' ਬਣਾਉਣ ਦੀ ਗੱਲ ਕੀਤੀ ਹੈ। ਇਥੇ ਇਹ ਵਰਨਣਯੋਗ ਹੈ ਕਿ ਉਹ ਅਕਾਲੀ ਦਲ ਵਿਚੋਂ ਕਾਂਗਰਸ ਵਿਚ ਆਇਆ ਹੋਇਆ ਹੈ। ਪਰ ਇਸਦੇ ਨਾਲ ਹੀ ਕਾਂਗਰਸ ਦੇ ਇਕ ਹੋਰ ਧੜੇ ਵਲੋਂ ਸੰਗਰੂਰ ਤੋਂ ਇੱਕਾ ਪਾਰਲੀਮੈਂਟ ਮੈਂਬਰ ਅਤੇ ਸਾਬਕ ਪਾਰਲੀਮਾਨੀ ਸਰਕਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ ਨੂੰ ਪੰਜਾਬ ਦਾ ਨਵਾਂ ਮੁਖ ਮੰਤਰੀ ਬਣਾਏ ਜਾਣ ਦੀਆਂ ਖਬਰਾਂ ਗਰਮ ਕਰ ਦਿਤੀਆਂ ਹਨ। ਪੰਜਾਬ ਵਿਚ ਚਰਚਾ ਹੈ ਕਿ 26 ਤਕ ਨਵੀਂ ਸਰਕਾਰ ਬਣ ਜਾਵੇਗੀ ਇਸਦਾ ਇਕ ਅੰਦਾਜ਼ਾ ਇਥੋਂ ਲਾਇਆ ਜਾਂਦਾ ਹੈ ਕਿ ਕੌਮੀ ਝੰਡਾ ਲਹਿਰਾਉਣ ਲਈ ਗਵਰਨਰ ਸਾਹਿਬ ਸਿਰਫ ਪਟਿਆਲੇ ਹੀ ਆ ਰਹੇ ਹਨ ਹੋਰ ਕੋਈ ਥਾਂ ਕਿਸੇ ਸਲਾਹਕਾਰ ਨੂੰ ਵੀ ਅਲਾਟ ਨਹੀਂ ਹੋਇਆ।

# ਇਹ ਤਾਂ ਰੱਬ ਦਾ ਹੁਕਮ ਸੀ

ਇਸਲਾਮਾਬਾਦ — ਰੂਹਾਨੀ ਹਿਦਾਇਤ ਮਿਲਣ ਤੇ ਇਕ ਬਾਪ ਨੇ ਆਪਣੇ ਇਕਲੌਤੇ ਪੁੱਤ ਦੇ ਢਿੱਡ ਵਿਚ ਛੁਰਾ ਮਾਰ ਦਿਤਾ ਪਰ ਲੋਕਾਂ ਨੇ ਪੁੱਤ ਨੂੰ ਬਚਾ ਲਿਆ।

ਮੁਹੰਮਦ ਸ਼ਰੀਫ ਨੇ ਦਸਿਆ ਕਿ ਸੁਪਨੇ ਵਿਚ ਉਸਨੂੰ ਇਲਾਹੀ ਹੁਕਮ ਹੋਇਆ ਕਿ ਉਹ ਆਪਣੇ ਦਸ ਸਾਲਾ ਪੁੱਤਰ ਅਸ਼ਰਫ ਦੀ ਬਲੀ ਦੇਵੇ। ਇਸ ਕੰਮ ਲਈ ਅਗਲੇ ਦਿਨ ਉਹ ਆਪਣੇ ਪੁੱਤਰ ਨੂੰ ਪਿੰਡ ਨਾਲ ਲਗਦੀਆਂ ਪਹਾੜੀਆਂ ਵਿਚ ਲੈ ਗਿਆ ਅਤੇ ਉਥੇ ਉਸਦੇ ਢਿੱਡ ਵਿਚ ਛੁਰਾ ਮਾਰ ਦਿੱਤਾ ਪਰ ਲੋਕਾਂ ਨੇ ਬੱਚੇ ਦੀਆਂ ਚੀਕਾਂ ਸੁਣਕੇ ਉਸਨੂੰ ਬਚਾ ਲਿਆ।

ਪਾਕਿਸਤਾਨ ਦੇ ਪੱਛਮੀ ਦੱਖਣੀ ਖੇਤਰ ਵਿਚ ਵਾਪਰੀ ਇਸ ਘਟਨਾ ਦਾ ਦੋਸ਼ੀ ਪਿਤਾ ਹੁਣ ਜੇਲ ਵਿਚ ਹੈ ਅਤੇ ਉਸਦਾ ਪੁੱਤਰ ਹਸਪਤਾਲ ਵਿਚ ਗੰਭੀਰ ਹਾਲਤ ਵਿਚ ਜ਼ਖਮੀ ਪਿਆ ਹੈ।

— ਮੌਤ ਔਰ ਹਸਤੀ ਕੀ ਕਸ਼ ਕਸ਼ਾ ਮੇਂ ਕੱਟੀ ਉਮਰ ਤਮਾਮ,

# ਭਾਰਤ ਵਿਚੋਂ ਸੀ. ਆਈ. ਏ. ਅਖਬਾਰ

ਨਵੀਂ ਦਿੱਲੀ—ਪਤਾ ਲੱਗਾ ਹੈ ਕਿ ਸੀ. ਆਈ. ਏ. ਰਾਜਧਾਨੀ ਵਿਚ ਇਕ ਪੱਤਰ ਪ੍ਰਕਾਸ਼ਤ ਕਰ ਰਹੀ ਹੈ ਜਿਸਦੀਆਂ ਤਿਆਰੀਆਂ ਮੁਕੰਮਲ ਕਰ ਗਈਆਂ ਹਨ। ਭਾਰਤ ਵਿਚ ਅਖਬਾਰਾਂ ਦੇ ਰਜਿਸਟਰਾਰ ਅਤੇ ਦਿੱਲੀ ਵਿਚ ਸਥਿਤ ਲਾਈਸੰਸ ਦਫਤਰ ਨੇ ਵੀ ਇਸ ਦੀ ਹਰੀ ਝੰਡੀ ਦੇ ਦਿੱਤੀ ਹੈ।

ਸੀ. ਐਨ. ਐਸ. ਦੀ ਖਬਰ ਅਨੁਸਾਰ 'ਫੀਊਜ਼ਨ ਇੰਡੀਆ' ਦੇ ਸਿਰਲੇਖ ਹੇਠ ਛਪਣ ਵਾਲੇ ਇਸ ਅਖਬਾਰ ਦਾ ਮੁਖ ਦਫਤਰ ਨਜ਼ਾਮੋਦੀਨ ਈਸਟ ਵਿਚ ਹੋਵੇਗਾ। ਪਰੈਸ ਰਜਿਸਟਰੇਸ਼ਨ ਐਕਟ ਵਿਚ ਆਉਣ ਵਾਲੀਆਂ ਅੜਚਨਾਂ ਨੂੰ ਦੂਰ ਕਰਨ ਲਈ ਭਾਰਤ ਨਾਗਰਿਕਾਂ ਨੂੰ ਇਸ ਦਾ ਪ੍ਰਕਾਸ਼ਕ ਤੇ ਸੰਪਾਦਕ ਨਿਯੁਕਤ ਕੀਤਾ ਗਿਆ ਹੈ। ਸੀ. ਆਈ. ਏ. ਆਪਣਾ ਕੰਮ ਨਿਊ ਸੌਲੇਡੈਰਿਟੀ ਇੰਟਰਨੈਸ਼ਨਲ ਪਰੈਸ ਸਰਵਿਸ ਨਾਂ ਦੀ ਇਕ ਅਮਰੀਕੀ ਜਥੇਬੰਦੀ ਰਾਹੀਂ ਕਰੇਗੀ। ਇਹ ਏਜੰਸੀ ਭਾਰਤ ਵਿਚ ਊਰਜਾ ਦੇ ਖੇਤਰ ਵਿਚ ਕੀਤੇ ਜਾ ਰਹੇ ਯਤਨਾਂ ਦਾ ਗਹਿਰਾਈ ਨਾਲ ਪਤਾ ਲਾਉਣ ਦੀ ਕੋਸ਼ਿਸ਼ ਕਰੇਗੀ। ਸੀ. ਆਈ. ਏ. ਦੀ ਦਿਲਚਸਪੀ ਕੇਵਲ ਰੱਖਿਆ ਸਬੰਧੀ ਮਾਮਲਿਆਂ ਵਿਚ ਹੀ ਅੱਗੇ ਰਹੀ ਹੈ ਜਿਵੇਂ ਕਿ ਲਾਰਕਿੰਨਜ ਦੇ ਮਾਮਲੇ ਤੋਂ ਪਤਾ ਚਲਦਾ ਹੈ। ਭਾਰਤ ਦੇ ਰੱਖਿਆ ਖੇਤਰ ਵਿਚ ਘੁਸ ਪੈਂਠ ਕਰਨ ਵਾਲੀ ਸੰਸਥਾ ਏਸ਼ੀਆ ਫਾਊਂਡੇਸ਼ਨਸੀ ਤੇ ਅਜੇਹੀ ਇਕ ਸੰਸਥਾ ਪੀਸ ਕੋਰ ਸੀ।

# ਸ੍ਰੀ ਚਰਨ ਪਾਲ ਗਿੱਲ ਨੇ ਪੁਲਸ ਨੂੰ ਜ਼ੁਮੇਂਵਾਰ ਠਹਿਰਾਇਆ

ਬੀ. ਸੀ. ਦੀ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਸ਼੍ਰੀ ਚਰਨ ਪਾਲ ਗਿੱਲ ਨੇ ਸਰੀ ਦੀ ਪੁਲਸ ਨੂੰ ਨਸਲੀ ਘਟਨਾਵਾਂ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਐਥਨਿਕ ਘੱਟ ਗਿਣਤੀਆਂ ਸਰੀ ਵਿਚ 25 ਫੀਸਦੀ ਦੇ ਲੱਗ ਭਗ ਹਨ ਅਤੇ ਘੱਟ ਗਿਣਤੀਆਂ ਨੂੰ ਵੱਧ ਗਿਣਤੀ ਤੋਂ ਹਮੇਸ਼ਾਂ ਖਤਰਾ ਬਣਿਆ ਰਹਿੰਦਾ ਹੈ।

"ਪਿਛਲੇ ਸਾਲ ਸਰੀ ਕੌਂਸਲ ਨੇ ਮਤਾ ਪਾਸ ਕੀਤਾ ਸੀ ਕਿ ਉਹ ਨਸਲਵਾਦ ਵਿਰੁਧ ਹਨ ਪਰ ਇਕ ਚੰਗਾ ਬਿਆਨ ਦੇਣ ਤੋਂ ਪਿਛੋਂ ਮੇਅਰ ਨੇ ਕੋਈ ਕਦਮ ਚੁੱਕਣ ਦੀ ਕੋਸ਼ਿਸ਼ ਨਹੀਂ ਕੀਤੀ।

ਸ੍ਰੀ ਚਰਨ ਪਾਲ ਗਿੱਲ ਨੇ ਕਿਹਾ ਕਿ ਹੋ ਸਕਦਾ ਹੈ ਕਿ ਪੁਲਸ ਦੇ ਬੰਦੇ ਅਣਜਾਣੇ ਹੀ ਭਾਰਤੀ ਲੋਕਾਂ ਵਿਰੁੱਧ ਅਹਿਸਾਸ ਰੱਖਦੇ ਹੋਣ। ਪਰ ਫਿਰ ਵੀ ਇਹ ਸਿਟੀ ਕੌਂਸਲ ਦਾ ਫਰਜ਼ ਬਣਦਾ ਹੈ ਕਿ ਉਹ ਨਸਲਵਾਦ ਦੀਆਂ ਸਮੱਸਿਆਵਾਂ ਨੂੰ ਘਟਾਉਣ ਲਈ ਉਪਰਾਲਾ ਕਰੇ।

ਇਸਦੇ ਨਾਲ ਹੀ ਸੰਘਰਸ਼ ਸੰਮਤੀ ਨੇ ਮੰਗ ਕੀਤੀ ਹੈ ਕਿ ਵੈਨਕੂਵਰ ਵਾਂਗ ਸਰੀ ਵਿਚ ਵੀ ਨਸਲੀ ਸਬੰਧਾਂ ਬਾਰੇ ਇਕ ਕਮੇਟੀ ਬਣਾਈ ਜਾਵੇ ਜੋ ਚਿੱਟੇ ਅਤੇ ਗੈਰ ਚਿੱਟੇ ਲੋਕਾਂ ਵਿਚਕਾਰ ਨਸਲਵਾਦ ਨੂੰ ਘਟਾਉਣ ਲਈ ਕੰਮ ਕਰੇ।

ਸੰਘਰਸ਼ ਸੰਮਤੀ ਨੇ ਇਹ ਵੀ ਮੰਗ ਕੀਤੀ ਹੈ ਕਿ ਘੱਟੋ ਘੱਟ ਆਰ. ਸੀ. ਐਮ. ਪੀ. ਦੇ ਦੋ ਅਫਸਰ ਪੂਰੀ ਤਰ੍ਹਾਂ ਅਜਿਹੇ ਪਰੋਗਰਾਮ ਲਈ ਨੀਯਤ ਕੀਤੇ ਜਾਣ ਜਦ ਕਿ ਹੁਣ ਕੇਵਲ ਇਕ ਪਾਰਟ-ਟਾਈਮ ਅਫਸਰ ਹੀ ਕੰਮ ਕਰਦਾ ਹੈ ਪਿਛਲੇ ਵੀਰਵਾਰ ਫਰੈਂਕ ਹਰਟ ਸੀਨੀਅਰ ਸੈਕੰਡਰੀ ਸਕੂਲ ਵਿਚ ਦੋ ਗੋਰੇ ਨੌਜਵਾਨਾਂ ਦਾ ਝਗੜਾ ਹੋਣ ਕਾਰਨ ਗੋਰੇ ਨੌਜਵਾਨਾਂ ਦੇ ਸੱਟਾਂ ਲੱਗੀਆਂ ਸਨ ਜਿੰਨਾਂ ਕਾਰਨ ਚਾਰ ਈਸਟ ਇੰਡੀਅਨ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਪਰ ਪਿਛੋਂ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਸੀ। ਪੁਲਸ ਦਾ ਕਹਿਣਾ ਸੀ ਕਿ ਉਨ੍ਹਾਂ ਉਤੇ ਚਾਰਜ ਲਾਉਣ ਕਾਰੇ ਸੋਚਿਆ ਜਾ ਰਿਹਾ ਹੈ।

# ਵਿਰੋਧੀ ਪਾਰਟੀਆਂ ਦੀ ਪੰਜਵੀਂ ਮੀਟਿੰਗ ਮਦਰਾਸ ਵਿਚ ਹੋਵੇਗੀ

ਕਲਕੱਤਾ—ਵਿਰੋਧੀ ਪਾਰਟੀਆਂ ਦੇ ਆਗੂਆਂ ਅਤੇ ਗੈਰ ਇੱਕਾ ਦੇ ਮੁਖ ਮੰਤਰੀਆਂ ਦੀ ਅਗਲੀ ਮੀਟਿੰਗ ਮਦਰਾਸ ਵਿਚ ਹੋਵੇਗੀ। ਇਹ ਸੂਚਨਾ ਇਥੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਦਿੱਤੀ।

# ਬੰਬਈ ਵਿਚ ਕੌਮਾਂਤਰੀ ਕਬੱਡੀ ਟੂਰਨਾਮੈਂਟ

ਬੰਬਈ—ਬੰਬਈ ਵਿਚ ਕੌਮਾਂਤਰੀ ਕਬੱਡੀ ਟੂਰਨਾਮੈਂਟ ਪਹਿਲੀ ਫਰਵਰੀ ਨੂੰ ਸ਼ੁਰੂ ਹੋ ਰਿਹਾ ਹੈ ਜਿਸ ਵਿਚ ਭਾਰਤ, ਬੰਗਲਾ ਦੇਸ਼, ਸ੍ਰੀ ਲੰਕਾ, ਪਾਕਿਸਤਾਨ, ਨੇਪਾਲ ਅਤੇ ਸਿੰਘਾਂਪੁਰ ਦੀਆਂ ਟੀਮਾਂ ਹਿਸਾ ਲੈਣਗੀਆਂ। ਇਸ ਪੰਜ ਦਿਨਾਂ ਟੂਰਨਾਮੈਂਟ ਦੇ ਨਾਲ ਨਾਲ ਭਾਰਤੀ ਟੂਰਨਾਮੈਂਟ ਵੀ ਹੋਵੇਗਾ। ਜਿਸ ਵਿਚ 20 ਮਰਦ ਤੇ ਸੋਲਾਂ ਮਹਿਲਾ ਟੀਮਾਂ ਹਿਸਾ ਲੈਣਗੀਆਂ।

ਕੌਮਾਂਤਰੀ ਟੂਰਨਾਮੈਂਟ ਮਹਾਂਰਾਸ਼ਟਰ, ਰਾਜ ਕਬੱਡੀ ਐਸੋਸੀਏਸ਼ਨ ਵਲੋਂ ਕਰਾਇਆ ਜਾ ਰਿਹਾ ਹੈ।


**ASIA BOOK COMPANY Ltd.**

#201 - 2001 East 36th Ave. (Victoria Drive) VANCOUVER, B.C.

ਪੰਜਾਬੀ ਕਿਤਾਬਾਂ ਦੀ ਵੈਨਕੂਵਰ ਵਿਚ ਇਕੋ ਇਕ ਦੁਕਾਨ Ph. 321-6360

ਗੁਰਬਖਸ਼ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ — ਸਭ ਲੇਖਕਾਂ ਦੀਆਂ ਕਿਤਾਬਾਂ ਏਸ਼ੀਆ ਬੁੱਕ ਕੰਪਨੀ ਦਾ ਸ਼ਿੰਗਾਰ ਹਨ

ਸੋਹਨ ਸਿੰਘ ਜੋਸ਼, ਕੇਸਰ ਸਿੰਘ ਨਾਵਲਿਸਟ, ਸ਼ਿਵ ਕੁਮਾਰ ਬਟਾਲਵੀ ਤੇ ਜਸਵੰਤ ਕੰਵਲ

# ਭਾਰਤ ਦਰਪਣ

## ਵਿਰੋਧੀ ਆਗੂਆਂ ਦੀ ਕਲਕੱਤਾ ਬੈਠਕ ਦਾ ਮਤਾ

## ਗੈਰ-ਇੱਕਾ ਸਰਕਾਰਾਂ ਨੂੰ ਉਲਟਾਉਣ ਦੇ ਯਤਨਾਂ ਵਿਰੁਧ ਕੇਂਦਰ ਨੂੰ ਕਰੜੀ ਤਾੜਨਾ

ਕਲਕੱਤਾ—ਵਿਰੋਧੀ ਆਗੂਆਂ ਤੇ ਮੁੱਖ ਮੰਤਰੀਆਂ ਦੀ ਤਿੰਨ ਦਿਨਾ ਬੈਠਕ ਏਥੇ ਕੇਂਦਰ ਤੇ ਕਾਂਗਰਸ (ਆਈ) ਨੂੰ ਇਸ ਕਰੜੀ ਤਾੜਨਾ ਨਾਲ ਸਮਾਪਤ ਹੋ ਗਈ ਕਿ ਜੇ ਉਸ ਵਲੋਂ ਜਮਹੂਰੀ ਤੌਰ ਤੇ ਚੁਣੀਆਂ ਹੋਈਆਂ ਹੋਰਨਾਂ ਪਾਰਟੀਆਂ ਦੀਆਂ ਸਰਕਾਰਾਂ ਉਲਟਾਉਣ ਦੀ ਕੋਈ ਹੋਰ ਕੋਸ਼ਿਸ਼ ਕੀਤੀ ਗਈ ਤਾਂ ਉਸ ਨੂੰ ਲੋਕਾਂ ਦੀ ਮੁਤਹਿਦ ਸ਼ਕਤੀ ਦਾ ਟਾਕਰਾ ਕਰਨਾ ਪਏਗਾ। ਇਸ ਨੇ ਆਜ਼ਾਦੀ ਤੇ ਜਮਹੂਰੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਸਦਾ ਦਿਤਾ ਕਿ ਉਹ ਲੋਕਾਂ ਦੇ ਫੈਸਲੇ ਨੂੰ ਉਲਟਾਉਣ ਅਤੇ ਦੇਸ਼ ਵਿਚ ਜਮਹੂਰੀ ਅਦਾਰਿਆਂ ਨੂੰ ਤਬਾਹ ਕਰਨ ਦੇ ਕਾਂਗਰਸ ਦੇ ਘਿਨਾਉਣੇ ਮਨਸੂਬਿਆਂ ਨੂੰ ਪਛਾਨਣ।

ਗੈਰ-ਇਕਾ ਸਰਕਾਰ ਨੂੰ ਉਲਟਾਉਣ ਦੇ ਯਤਨਾਂ ਬਾਰੇ ਮਤੇ ਵਿਚ ਕਲਕੱਤਾ ਬੈਠਕ ਨੇ ਕਿਹਾ ਹੈ, "ਕਾਂਗਰਸ ਆਈ ਦੀ ਲੀਡਰਸ਼ਿਪ ਨੂੰ ਇਹ ਦਸ ਦੇਣ ਦਾ ਸਮਾਂ ਆ ਗਿਆ ਹੈ ਕਿ ਉਹ ਇੰਦਰਾ ਸਰਕਾਰ ਦੀ ਕਾਰਜਹੀਣਤਾ ਲਈ ਵਿਰੋਧੀ ਪਾਰਟੀਆਂ ਵਿਚੋਂ ਬਲੀ ਦੇ ਬਕਰੇ ਅਤੇ ਅਣਦਿਸਦੇ ਹੱਥ ਲਭਣਾ ਬੰਦ ਕਰੇ।" ਮਤੇ ਵਿਚ ਕਿਹਾ ਗਿਆ ਹੈ ਕਿ ਹੋਰਨਾਂ ਪਾਰਟੀਆਂ ਵਲੋਂ ਚਲਾਈਆਂ ਜਾ ਰਹੀਆਂ ਸਰਕਾਰਾਂ ਉਤੇ ਕਾਂਗਰਸ (ਆਈ) ਦੇ ਇਕ ਟੱਕ ਹਮਲੇ ਇਹਨਾਂ ਸਰਕਾਰੀ ਐਲਾਨਾਂ ਨਾਲ ਖਤਰਨਾਕ ਸ਼ਕਲ ਅਖਤਿਆਰ ਕਰ ਗਏ ਹਨ ਗੈਰ-ਇੱਕਾਂ ਸਰਕਾਰਾਂ ਨੂੰ ਉਲਟਾਉਣ ਨੂੰ ਕਿਸੇ ਵੀ ਢੰਗ ਨਾਲ-ਉਲਟਾਉਣ ਦਾ ਉਸਦਾ ਹੱਕ ਹੈ, ਭਾਵੇਂ ਉਹ ਢੰਗ ਕਿਨਾ ਵੀ ਘਿਨਾਉਣਾ ਜਾਂ ਅਯੋਗ ਕਿਉਂ ਨਾ ਹੋਵੇ।

ਮਤੇ ਵਿਚ ਇਹ ਗਲ ਕਾਂਗਰਸ (ਆਈ) ਦੇ ਜਨਰਲ ਸਕੱਤਰ ਸ੍ਰੀ ਸੀ. ਐਮ. ਸਟੀਫਨ ਦੇ ਬਿਆਨ ਦੇ ਸਬੰਧ ਵਿਚ ਆਖੀ ਗਈ ਸੀ।

ਕਲਕੱਤਾ ਬੈਠਕ ਨੇ ਪੰਜਾਬ, ਜੋ ਸ਼ੁਰੂ ਹੋ ਰਹੀ ਪਟਸਨ ਮਜ਼ਦੂਰਾਂ ਦੀ ਹੜਤਾਲ, ਸ਼ਡਿਊਲਡ ਜਾਤੀਆਂ, ਕਬੀਲਿਆਂ ਘਟ ਗਿਣਤੀਆਂ, ਨੇਤਾ ਜੀ ਸੁਭਾਸ਼ ਬਾਰੇ ਫਿਲਮ ਸਮੇਤ ਕਈ ਵਿਸ਼ਿਆਂ ਉਤੇ ਮਤੇ ਪਾਸ ਕੀਤੇ ਹਨ।

### ਪੰਜਾਬ

ਪੰਜਾਬ ਬਾਰੇ ਮਤੇ ਵਿਚ ਜ਼ੋਰ ਦਿਤਾ ਗਿਆ ਹੈ ਕਿ ਪ੍ਰਧਾਨ ਮੰਤਰੀ ਪੰਜਾਬੀ ਦੇ ਲਟਕ ਰਹੇ ਮਸਲੇ ਨੂੰ ਤੁਰੰਤ ਹਲ ਕਰਨ ਲਈ ਤਿੰਨ ਧਿਰੀ ਮੀਟਿੰਗ ਬੁਲਾਉਣ। ਇਹ ਸਾਰੇ ਮਤੇ ਤੀਜੇ ਪਹਿਰ ਪਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜਿਉਤੀ ਬਾਸੂ ਨੇ ਰੀਲੀਜ਼ ਕੀਤੇ।

### ਪੰਜਵੀਂ ਕਨਕਲੇਵ

ਮਦਰਾਸ ਵਿਚ ਹੋਣ ਵਾਲੀ ਪੰਜਵੀਂ ਕਨਕਲੇਵ ਲਈ ਏਜੰਡੇ ਦਾ ਫੈਸਲਾ ਨਵੀਂ ਦਿੱਲੀ ਵਿਚ ਕਿਸੇ ਸਮੇਂ ਮਾਰਚ ਵਿਚ ਹੋਣ ਵਾਲੀ ਮੀਟਿੰਗ ਵਿਚ ਕੀਤਾ ਜਾਏਗਾ। ਪੰਜਵੀਂ ਕਨਕਲੇਵ ਦੀਆਂ ਤਰੀਖਾਂ ਵੀ ਅਜੇ ਤੈ ਨਹੀਂ ਹੋਈਆਂ।

ਕਸ਼ਮੀਰ ਦੇ ਸਾਬਕ ਮੁਖ ਮੰਤਰੀ ਸਯਦ ਮੀਰ ਕਾਸਿਮ, ਜਿਹੜੇ ਇਸ ਵੇਲੇ ਡੈਮੋਕਰੈਟਿਕ ਸੋਸ਼ਲਿਸਟ ਪਾਰਟੀ ਦੇ ਪ੍ਰਧਾਨ ਹਨ, ਨੇ ਸਾਥੀ ਜਿਓਤੀ ਬਾਸੂ ਤੇ ਖਬੇ ਜਮਹੂਰੀ ਮੁਹਾਜ਼ ਦਾ ਵਧੀਆ ਮੇਜਬਾਨੀ ਲਈ ਧੰਨਵਾਦ ਕੀਤਾ

### ਘਟ ਗਿਣਤੀਆਂ

ਕੌਮੀ ਇਨਟੈਗਰੇਸ਼ਨ ਕੌਂਸਲ, ਘਟ ਗਿਣਤੀ ਕਮਿਸ਼ਨ ਤੇ ਪਛੜੀਆਂ ਸ਼ਰੇਣੀਆਂ ਬਾਰੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਮੰਗ ਕਰਦਿਆਂ ਕਨਕਲੇਵ ਨੇ ਸਾਰੀਆਂ ਪਾਰਟੀਆਂ ਉਤੇ ਜ਼ੋਰ ਦਿੱਤਾ ਹੈ ਉਹ ਸ਼ਡਿਊਲਡ ਜਾਤੀਆਂ ਕਬੀਲਿਆਂ ਤੋਂ ਘੱਟ ਗਿਣਤੀਆਂ ਵਿਚ ਸੁਰਖਿਆ ਦੀ ਭਾਵਨਾ ਨੂੰ ਯਕੀਨੀ ਬਨਾਉਣ।

ਮਤੇ ਵਿਚ ਕਿਹਾ ਗਿਆ ਹੈ ਕਿ ਪੁਲਸ ਤੇ ਅਮਨ ਕਾਨੂੰਨ ਨਾਲ ਸਬੰਧਤ ਹੋਰ ਏਜੰਸੀਆਂ ਵਿਚ ਉਪਰੋਕਤ ਵਰਗਾਂ ਨੂੰ ਮੁਨਾਸਬ ਪ੍ਰਤੀਨਿਧਤਾ ਦਿੱਤੀ ਜਾਣੀ ਚਾਹੀਦੀ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਵਿਦਿਅਕ ਪੜ੍ਹਾਈ ਪੁਸਤਕਾਂ, ਖਾਸ ਤੌਰ ਤੇ ਭਾਸ਼ਾ ਤੇ ਇਤਿਹਾਸ ਨਾਲ ਸਬੰਧਤ ਪੁਸਤਕਾਂ, ਵਿਚੋਂ ਜ਼ਹਿਰੀਲਾ ਤੇ ਇਤਰਾਜ਼ ਯੋਗ ਮਵਾਦ ਤੇ ਫਿਰਕੂ ਪ੍ਰਚਾਰ ਸਖਤੀ ਨਾਲ ਕੱਢ ਦਿੱਤਾ ਜਾਏ।

## ਅੱਗ ਲਗਣ ਨਾਲ 6ਲੱਖ ਦਾ ਨੁਕਸਾਨ

ਬਠਿੰਡਾ, (ਨ.ਜ਼.ਸ.)—ਕੱਲ੍ਹ ਇਥੇ ਸਵੇਰੇ ਸਰਕਾਰੀ ਅਦਾਰੇ ਪਨਟੇਕਸ ਦੇ ਸ਼ੋ ਰੂਮ ਵਿਚ ਭਾਰੀ ਅੱਗ ਲੱਗ ਜਾਣ ਦੇ ਕਾਰਨ ਰੀਕਾਰਡ ਸਮੇਤ ਲਗਭਗ 6 ਲੱਖ ਦਾ ਮਾਲ ਸੜ ਕੇ ਤਬਾਹ ਹੋ ਗਿਆ. ਅੱਗ ਉਤੇ ਕਾਬੂ ਪਾਉਣ ਵਿਚ ਫਾਇਰ ਬਰੀਗੇਡ ਨੂੰ ਇਕ ਘੰਟਾ ਲੱਗਾ.ਬਿਜਲੀ ਦੀ ਨੁਕਸਦਾਰ ਵਾਇਰਿੰਗ ਦੇ ਕਾਰਨ ਅੱਗ ਲੱਗੀ ਦਸੀ ਜਾਦੀ ਹੈ.

## ਕੇਂਦਰ ਵਲੋਂ ਕਸ਼ਮੀਰ ਵਿਚ ਸੱਤਾ ਹਰਨ ਦੀ ਖੇਡ ਸ਼ੁਰੂ

### ਡਾ: ਫਾਰੂਕ ਵਿਰੁਧ ਕਿਸੇ ਵੀ ਸਮੇਂ ਕੋਈ ਵੀ ਕਾਰਵਾਈ ਸੰਭਵ

ਜੰਮੂ—ਪਤਾ ਲਗਿਆ ਹੈ ਕਿ ਕੇਂਦਰ ਸਰਕਾਰ ਕਸ਼ਮੀਰ ਸਰਕਾਰ ਦੇ ਬਾਰੇ ਵਿਚ ਜਲਦੀ ਹੀ ਕੋਈ ਕਾਰਵਾਈ ਕਰੇਗੀ। ਇਹ ਕਾਰਵਾਈ ਕਦੋਂ ਅਤੇ ਕਿਸ ਤਰ੍ਹਾਂ ਦੀ ਹੋਵੇਗੀ ਇਸਦਾ ਫੈਸਲਾ ਹੋਣਾ ਬਾਕੀ ਹੈ।

ਇੰਕਾ ਸੂਤਰਾਂ ਅਨੁਸਾਰ ਇਸਦਾ ਆਧਾਰ ਇਸ ਸੂਬੇ ਵਿਚ ਇੰਕਾ ਵਰਕਰਾਂ ਉਪਰ ਕੀਤੇ ਜਾ ਰਹੇ ਹਮਲਿਆਂ ਅਤੇ ਸ੍ਰੀਨਗਰ ਵਿਚ ਵੈਸਟ ਇੰਡੀਜ਼ ਨਾਲ ਖੇਡੇ ਗਏ ਮੈਚ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਬਣਾਇਆ ਜਾ ਰਿਹਾ ਹੈ। ਇਸ ਮੈਚ ਨੂੰ ਉਸ ਸਮੇਂ ਮੁਖ ਮੰਤਰੀ ਫਾਰੂਕ ਅਬਦੁਲਾ ਆਪ ਦੇਖ ਰਹੇ ਸਨ। ਦਸਿਆ ਗਿਆ ਹੈ ਕਿ ਕੇਂਦਰ ਸਰਕਾਰ ਇੰਕਾ ਵਰਕਰਾਂ ਨਾਲ ਹੋ ਰਹੇ ਮੌਜੂਦਾ ਵਰਤਾਓ ਤੋਂ ਚਿੜ੍ਹੀ ਹੋਈ ਹੈ। ਸਰਕਾਰ ਦੇ ਸਾਹਮਣੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਅਤੇ ਵਿਧਾਨ ਸਭਾ ਨੂੰ ਕੁਝ ਸਮੇਂ ਲਈ ਮੁਅੱਤਲ ਕਰਨ ਦੇ ਸੁਝਾਅ ਆਏ ਹਨ, ਪਰ ਕੇਂਦਰ ਸਰਕਾਰ ਇਹਨਾਂ ਦੇ ਵਿਰੁਧ ਹੈ ਅਤੇ ਉਹ ਚਾਹੁੰਦੀ ਹੈ ਕਿ ਡਾ: ਫਾਰੂਕ ਨੂੰ ਵਿਧਾਨ ਸਭਾ ਵਿਚ ਹਾਰ ਦਿਤੀ ਜਾਵੇ।

ਇਸ ਲਈ ਦਸਿਆ ਗਿਆ ਹੈ ਕਿ ਖੇਡ ਸ਼ੁਰੂ ਹੋ ਚੁਕੀ ਹੈ ਅਤੇ ਉਹਨਾਂ ਦੀ ਨਜ਼ਰ ਡਾ: ਫਾਰੂਕ ਦੇ ਵਿਰੋਧੀ ਉਸ ਦੇ ਹੀ ਜੀਜੇ ਜੀ. ਐਮ. ਸ਼ਾਹ ਨੂੰ 'ਤਰੁੱਪ ਦੇ ਪੱਤੇ' ਵਜੋਂ ਵਰਤਣ ਦੀ ਚਾਲ ਵਿਚ ਹੈ। ਇਹ ਬੱਜਟ ਸੈਸ਼ਨ 27 ਜਨਵਰੀ ਤੋਂ ਸ਼ੁਰੂ ਹੋ ਰਿਹਾ ਹੈ।

## ਰਾਸ਼ਟਰਪਤੀ ਵਲੋਂ ਗੁਆਂਢ 'ਚ ਹਥਿਆਰਾਂ ਉਤੇ ਚਿੰਤਾ ਪ੍ਰਗਟ

ਸੁਕਰਤਾਲ—ਰਾਸ਼ਟਰਪਤੀ ਨੇ ਗੁਆਂਢੀ ਦੇਸਾਂ ਵਲੋਂ ਅਧੁਨਿਕ ਹਥਿਆਰਾਂ ਦੀ ਧੜਾਧੜ ਖਰੀਦ ਉਤੇ ਚਿੰਤਾ ਪ੍ਰਗਟਾਈ ਹੈ। ਉਹਨਾਂ ਕਿਹਾ ਕਿ ਹਿੰਦ ਦੇ ਸਦਾ ਅਮਨਪਸੰਦ ਰਹਿਣ ਦੇ ਬਾਵਜੂਦ ਹਥਿਆਰ ਖਰੀਦੇ ਜਾ ਰਹੇ ਹਨ। ਉਹਨਾਂ ਮੁਜ਼ਫਰ ਨਗਰ ਜ਼ਿਲੇ ਵਿਚ ਗੰਗਾ ਕੰਢੇ ਇਕ ਪਿੰਡ ਦੇ ਸੰਖੇਪ ਦੌਰੇ ਦੌਰਾਨ ਸ਼ਹਿਰੀ ਅਭਿਨੰਦਨ ਸਮੇਂ ਉਹਨਾਂ ਪੁਛਿਆ—"ਅਮਨ ਸਦਾ ਸਾਡਾ ਵਿਰਸਾ ਰਿਹਾ। ਹੁਣ ਹਿੰਦ ਗੁਟ ਨਿਰਲੇਪ ਲਹਿਰ ਦਾ ਆਗੂ ਹੈ। ਇਸ ਸਥਿਤੀ ਵਿਚ ਅਸੀਂ ਕਿਸੇ ਦੇਸ਼ ਲਈ ਖਤਰਾ ਕਿਵੇਂ ਬਣ ਸਕਦੇ ਹਾਂ?"

ਉਹਨਾਂ ਕਿਹਾ ਕਿ ਦੇਸ਼ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹਾ ਹੈ ਤੇ ਸਮੇਂ ਦੀ ਲੋੜ ਹੈ ਕਿ ਜਾਤ ਤੇ ਨਸਲ ਦੇ ਭੇਦਭਾਵ ਮਿਟਾ ਦਿਤੇ ਜਾਣ। ਉਹਨਾਂ ਗੁਰੂਆਂ ਦੇ ਪੈਰੋਕਾਰਾਂ ਵਲੋਂ ਹਿੰਸਾ ਦੇ ਪ੍ਰਚਾਰ ਦੀ ਨਿੰਦਾ ਕੀਤੀ।

## ਚੋਣ ਸਮਝੌਤਾ ਸੰਭਵ—ਯਾਦਵ

ਕਲਕੱਤਾ—ਏਥੇ ਕਨਕਲੇਵ ਵਿਚ ਸ਼ਾਮਲ ਹੋ ਰਹੀਆਂ ਪਾਰਟੀਆਂ ਵਿਚਾਲੇ ਚੋਣ ਐਡਜਸਟਮੈਂਟ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਹ ਗਲ ਜਨਵਾਦੀ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਚਰਨਜੀਤ ਯਾਦਵ ਨੇ ਆਖੀ।

ਤਿੰਨ ਦਿਨਾਂ ਆਪੋਜ਼ੀਸ਼ਨ ਕਨਕਲੇਵ ਦੇ ਅੰਤ ਉਤੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਸ੍ਰੀ ਯਾਦਵ ਨੇ ਕਿਹਾ, "ਪਰ ਇਸ ਬੈਠਕ ਵਿਚ ਇਹ ਮਾਮਲਾ ਨਹੀਂ ਉਠਿਆ।" ਉਹਨਾਂ ਕਲਕੱਤਾ ਬੈਠਕ ਵਿਚ 14 ਆਗੂਆਂ ਦੇ ਸਿਰਜੋੜ ਕੇ ਬੈਠਣ ਨੂੰ ਇਕ ਵੱਡੀ ਪ੍ਰਾਪਤੀ ਦਸਿਆ।

## ਆਖਰ ਅਕਾਲੀ ਮੰਗਾਂ ਕੀ ਹਨ ?

ਆਖ਼ਿਰ ਮੰਗਾਂ ਹਨ ਕਿਹੜੀਆਂ ? ਆਓ ਇਕ ਇਕ ਉਤੇ ਵਾਰੀ ਵਾਰੀ ਵਿਚਾਰ ਕਰੀਏ :

1. ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਦਾ ਕੇਸ ਦੇਸ਼ ਦੇ ਸੁਪਰੀਮ ਕੋਰਟ ਵਿਚ ਦਿੱਤਾ ਜਾਏ ਤੇ ਜੋ ਫੈਸਲਾ ਸੁਪਰੀਮ ਕੋਰਟ ਕਰੇ ਉਹ ਸਾਰਿਆਂ ਨੂੰ ਮੰਨਜ਼ੂਰ ਹੋਣਾ ਚਾਹੀਦਾ ਹੈ। ਸਰਕਾਰ ਕਹਿੰਦੀ ਹੈ ਕਿ ਪ੍ਰਧਾਨ ਮੰਤਰੀ ਦਾ ਹੁਕਮ ਲਾਗੂ ਹੋਵੇਗਾ ਜਿਸ ਅਨੁਸਾਰ ਪੰਜਾਬ ਦੇ ਦਰਿਆਵਾਂ ਦੇ ਵਾਧੂ ਪਾਣੀ ਵਿਚੋਂ ਸਿਰਫ ਪੰਜਾਬ ਨੂੰ 23% ਫੀ ਸਦੀ ਪਾਣੀ ਮਿਲੇਗਾ।
2. ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਤੇ ਪੰਜਾਬੀਆਂ ਨੂੰ ਹੀ ਉਜਾੜ ਕੇ ਬਣਾਈ ਗਈ ਸੀ। ਸ਼ਰੋਮਣੀ ਅਕਾਲੀ ਦਲ ਜਲਦੀ ਤੋਂ ਜਲਦੀ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕਰਦਾ ਹੈ। ਪ੍ਰਧਾਨ ਮੰਤਰੀ ਵੀ ਮੰਨਦੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਪਰ ਨਾਲ ਹੀ ਅਬੋਹਰ ਫਾਜ਼ਿਲਕਾ ਦੇ ਇਲਾਕੇ ਹਰਿਆਣੇ ਨੂੰ ਦੇਣ ਵਾਸਤੇ ਕਹਿੰਦੀ ਹੈ ਜੋ ਇਲਾਕੇ ਕਦੀ ਵੀ ਹਰਿਆਣਾ ਨੇ ਪ੍ਰਧਾਨ ਮੰਤਰੀ ਦੇ ਕਹਿਣ ਤੋਂ ਪਹਿਲਾਂ ਨਹੀਂ ਮੰਗੇ ਸਨ। ਇਹ ਹਰਿਆਣੇ ਨਾਲ ਇਲਾਕੇ ਲੱਗਦੇ ਵੀ ਨਹੀਂ ਤੇ ਇਨ੍ਹਾਂ ਇਲਾਕਿਆਂ ਨੂੰ ਨਾਲ ਰਲਾਉਣ ਲਈ ਪ੍ਰਧਾਨ ਮੰਤਰੀ ਨੇ ਚਾਰ ਮੀਲ ਚੌੜਾ ਤੇ ਦਸ ਮੀਲ ਲੰਬਾ ਰਸਤਾ ਦੇਣ ਦਾ ਵੀ ਉਦੇਸ਼ ਦਿੱਤਾ ਹੋਇਆ ਹੈ।
3. ਤੀਜੀ ਮੰਗ ਹੈ ਕਿ ਬੋਲੀ ਦੇ ਮਾਹਿਰਾਂ ਦਾ ਇਕ ਕਮਿਸ਼ਨ ਬਣਾਇਆ ਜਾਵੇ ਤਾਂ ਕਿ ਜੋ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਵਿਚ ਰਹਿ ਗਏ ਹਨ ਉਹ ਪੰਜਾਬ ਨੂੰ ਦੇ ਦਿੱਤੇ ਜਾਣ ਤੇ ਜੇ ਕੋਈ ਹਿੰਦੀ ਬੋਲਦੇ ਇਲਾਕੇ ਪੰਜਾਬ ਵਿਚ ਹਨ ਤਾਂ ਉਹ ਹਰਿਆਣੇ ਨੂੰ ਦੇ ਦਿੱਤੇ ਜਾਣ। ਪਰ ਹਰਿਆਣੇ ਦਾ ਇਲਾਕਾ ਤੇ ਕੋਈ ਪੰਜਾਬ ਵਿਚ ਹੈ ਨਹੀਂ। ਪੰਜਾਬ ਦੇ ਇਲਾਕੇ ਜ਼ਰੂਰ ਹਰਿਆਣੇ ਵਿਚ ਹਨ। ਨਹੀਂ ਤੇ ਐਸਾ ਕਮਿਸ਼ਨ ਬਨਾਉਣ ਤੋਂ ਸਰਕਾਰ ਨੂੰ ਕਿਉਂ ਇਨਕਾਰ ਹੋਵੇ।
4. ਅਕਾਲੀ ਦਲ ਮੰਗ ਕਰਦਾ ਹੈ ਕਿ ਪੰਜਾਬ ਰੀ-ਆਰਗੇਨਾਈਜ਼ੇਸ਼ਨ ਐਕਟ ਵਿਚ ਲੋੜੀਂਦੀ ਸੋਧ ਕਰਕੇ ਭਾਖੜਾ ਨੰਗਲ ਤੇ ਦੂਜੇ ਹੈੱਡ ਵਰਕਸ ਦਾ ਕੰਟਰੋਲ ਪੰਜਾਬ ਨੂੰ ਦੇ ਦਿੱਤਾ ਜਾਵੇ। ਭਾਰਤ ਦੇ ਵਿਧਾਨ ਅਨੁਸਾਰ ਵੀ ਪਾਣੀ ਤੇ ਬਿਜਲੀ ਦਾ ਮਹਿਕਮਾ ਸੂਬੇ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਪਰ ਪੰਜਾਬ ਦੇ ਪਾਣੀ ਤੇ ਬਿਜਲੀ ਉਤੇ ਕੇਂਦਰ ਸਰਕਾਰ ਨੇ ਧੱਕੇ ਨਾਲ ਹੀ ਕਬਜ਼ਾ ਕੀਤਾ ਹੋਇਆ ਹੈ।
5. ਪੰਜਾਬ ਨੂੰ ਆਰਥਿਕ ਤੌਰ ਉਤੇ ਪਛਾੜਿਆ ਜਾ ਰਿਹਾ ਹੈ। ਪੰਜਾਬ ਤੋਂ ਤਕਰੀਬਨ 530 ਕ੍ਰੋੜ ਰੁਪਿਆ ਇਕ ਜਾਂ ਦੂਜੇ ਤਰੀਕੇ ਨਾਲ ਖਿੱਚਿਆ ਜਾਂਦਾ ਹੈ। ਜੈਸਾ ਕਿ ਪਿਛਲੇ ਪਰਚੇ ਵਿਚ ਲਿਖਿਆ ਸੀ ਕਿ ਏਥੇ ਕੋਈ ਵੱਡਾ ਕਾਰਖਾਨਾ ਨਹੀਂ ਲੱਗਣ ਦਿੱਤਾ ਜਾਂਦਾ। ਟੈਕਸ ਸਾਰੇ ਸੈਂਟਰ ਸਰਕਾਰ ਲੈ ਜਾਂਦੀ ਹੈ। ਪੰਜਾਬ ਨੂੰ ਆਪਣੀ ਯੋਗਤਾ ਅਨੁਸਾਰ ਵੱਧਣ ਫੁੱਲਣ ਨਹੀਂ ਦਿੱਤਾ ਜਾਂਦਾ। ਇਸ ਲਈ ਅਕਾਲੀ ਦਲ ਪੰਜਾਬ ਤੇ ਬਾਕੀ ਦੇ ਸੂਬਿਆਂ ਲਈ ਅੰਦਰੂਨੀ ਖ਼ੁਦ-ਮੁਖਤਿਆਰੀ ਦੀ ਮੰਗ ਕਰਦਾ ਹੈ।
6. ਅਕਾਲੀ ਦਲ ਮੰਗ ਕਰਦਾ ਹੈ ਕਿ ਫ਼ੌਜ ਵਿਚ ਆਮ ਕੇਂਦਰੀ ਸਰਕਾਰ ਦੀਆਂ ਨੌਕਰੀਆਂ ਵਾਂਗੂ ਯੋਗਤਾ ਦੇ ਅਧਾਰ ਉਤੇ ਹੀ ਭਰਤੀ ਹੋਣੀ ਚਾਹੀਦੀ ਹੈ ਤੇ ਜਿਸਤਰ੍ਹਾਂ ਸਿੱਖਾਂ ਨੂੰ ਫੌਜ ਵਿਚੋਂ ਘਟਾਉਣ ਲਈ ਸੂਬਿਆਂ ਦੀ ਅਬਾਦੀ ਦੇ ਹਿਸਾਬ ਸਿਰ ਫੌਜ ਦੀ ਭਰਤੀ ਦੀ ਪਾਲਿਸੀ ਹੈ ਉਸਨੂੰ ਰੱਦ ਕਰ ਦਿੱਤਾ ਜਾਵੇ।
7. ਸਿੱਖ ਕਿਸਾਨ ਜੋ ਤਹਿਰਾਈ ਤੇ ਦੂਜੇ ਉੱਤਰ ਪ੍ਰਦੇਸ਼ ਦੇ ਇਲਾਕਿਆਂ ਵਿਚ ਜ਼ਮੀਨਾ ਦੀ ਕੀਮਤ ਅਸ਼ਟਾਮਾਂ ਰਾਹੀਂ ਤਾਰ ਕੇ ਬੈਠੇ ਹੋਏ ਹਨ ਉਨ੍ਹਾਂ ਨੂੰ ਬਹਾਨਾ ਬਣਾ ਕੇ ਉਜਾੜਨ ਦੀ ਕੋਸ਼ਿਸ਼ ਨਾ ਕੀਤੀ ਜਾਵੇ।
8. ਇਨ੍ਹਾਂ ਰਾਜਸੀ ਮੰਗਾਂ ਦੇ ਨਾਲ ਹੀ ਕੁਝ ਧਾਰਮਿਕ ਮੰਗਾਂ ਹਨ। ਜਿਨ੍ਹਾਂ ਵਿਚੋਂ ਪਹਿਲੀ ਹੈ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਦੀ ਮੰਗ। ਜੇ ਸਾਰੇ ਗੁਰਦੁਆਰਿਆਂ ਦੀ ਇਕ ਪ੍ਰਬੰਧਕ ਕਮੇਟੀ ਬਣ ਜਾਵੇ ਤਾਂ ਇਸ ਵਿਚ ਕਿਸੇ ਨੂੰ ਕੀ ਨੁਕਸਾਨ ਹੋ ਸਕਦਾ ਹੈ।

ਦੂਜੀ ਧਾਰਮਿਕ ਮੰਗ ਹੈ ਅੰਮ੍ਰਿਤਸਰ ਕੀਰਤਨ ਲਈ ਰੇਡੀਓ ਸਟੇਸ਼ਨ ਸਥਾਪਤ ਕਰਨਾ। ਜਿਸ ਲਈ ਖਰਚਾ ਸਿੱਖ ਆਪ ਕਰਨਗੇ ਪਰ ਇਸ ਦਾ ਪ੍ਰਬੰਧ ਸਰਕਾਰ ਕੋਲ ਹੋਵੇਗਾ।

ਤੀਜੀ ਮੰਗ ਹੈ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤ੍ਰ ਸ਼ਹਿਰ ਬਨਾਉਣ ਲਈ ਏਥੇ ਤੰਬਾਕੂ ਤੇ ਸਿਗਰਟ ਦੀਆਂ ਦੁਕਾਨਾਂ ਚੁਕਵਾਉਣੀਆਂ। ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਗੁਰੂ ਰਾਮਦਾਸ ਜੀ ਨੇ ਕੀਤੀ ਸੀ। ਜੇ ਇਥੋਂ ਸਿਗਰਟ ਬੀੜੀ ਵੇਚਣਾ ਬੰਦ ਕਰ ਦਿੱਤਾ ਜਾਵੇ ਤਾਂ ਕੀ ਹਰਜ਼ ਵਾਲੀ ਗੱਲ ਹੈ। ਆਖਿਰ ਤੰਬਾਕੂ ਮੰਨਿਆ ਹੋਇਆ ਸੇਹਤ ਲਈ ਹਾਨੀਕਾਰਕ ਨਸ਼ਾ ਹੈ।

ਇਨ੍ਹਾਂ ਮੰਗਾਂ ਨੂੰ ਲੈ ਕੇ ਸ਼ਰੋਮਣੀ ਅਕਾਲੀ ਦਲ ਪਿਛਲੇ 16 ਮਹੀਨੇ ਤੋਂ ਸੰਘਰਸ਼ ਕਰਦਾ ਚਲਾ ਆ ਰਿਹਾ ਹੈ। ਡੇਢ ਲੱਖ ਤੋਂ ਵਧੀਕ ਗ੍ਰਿਫਤਾਰੀਆਂ ਹੋ ਚੁਕੀਆਂ ਹਨ। 200 (ਦੋ ਸੌ) ਦੇ ਕਰੀਬ ਸਿੰਘ ਸ਼ਹੀਦੀਆਂ ਪਾ ਗਏ ਹਨ। ਪੰਜਾਬ ਵਿਚ ਤਨਾਅ ਦੀ ਅਵੱਸਥਾ ਹੈ। ਪੰਜਾਬ ਦਾ ਵਪਾਰ ਤੇ ਸ਼ਨਅਤ ਤਬਾਹ ਹੋ ਰਹੀ ਹੈ। ਪਰ ਪ੍ਰਧਾਨ ਮੰਤਰੀ ਸਿੱਖਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਨਹੀਂ। ਉਸਦਾ ਕਹਿਣਾ ਹੈ ਕਿ ਉਹ ਐਜੀਟੇਸ਼ਨ ਦੇ ਦਬਾ ਥੱਲੇ ਕੁਝ ਵੀ ਮੰਨਣ ਨੂੰ ਤਿਆਰ ਨਹੀਂ ! ਦੂਜੇ ਪਾਸੇ ਜੇ ਇਤਨੀ ਕੁਰਬਾਨੀ ਦੇ ਕੇ ਵੀ ਸ਼ਰੋਮਣੀ ਅਕਾਲੀ ਦਲ ਕੁਝ ਠੋਸ ਚੀਜ਼ ਹਾਸਿਲ ਨਾ ਕਰ ਸਕੇ ਤਾਂ ਸਿੱਖ ਸੰਗਤਾਂ ਨੇ ਉਨ੍ਹਾਂ ਨੂੰ ਬਖਸ਼ਣਾ ਨਹੀਂ। ਤੇ ਇਨ੍ਹਾਂ ਹੀ ਮੰਗਾਂ ਨੂੰ ਕੋਈ ਹੋਰ ਲੈ ਕੇ ਤੁਰ ਪਵੇਗਾ ਇਨ੍ਹਾਂ ਮੰਗਾਂ ਦੀ ਪੂਰਤੀ ਤੋਂ ਬਿਨਾਂ ਗੱਲ ਨਾ ਮੁੱਕ ਸਕਦੀ ਹੈ ਤੇ ਨਾ ਮੁਕਣੀ ਹੈ। ਇਕ ਪਾਸੇ


JIM PATTISON

Pontiac Buick GMC TRUCKS



JIM PATTISON ON MAIN

SERVICE AFTER SALE

GM

1984 ਦੀਆਂ ਨਵੀਆਂ ਕੈਡਲਿਕ ਖਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

PARLAD GILL



BUS. 879-4233 3434 MAIN ST. VANCOUVER, B.C. RES. 435-1834

# .ਗਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ

**ਸੋਹਣ ਸੁਰਿੰਦਰ ਸੰਘਾ ਸਕਰੂਲਵੀ**

'ਕੈਨੇਡਾ ਦਰਪਣ' ਵਿਚ ਸੂਚਤ ਕੀਤਾ ਗਿਆ ਸੀ ਕਿ ਗ਼ਦਰੀ ਬਾਬਾ ਨਿਰੰਜਨ ਸਿੰਘ ਜੀ ਪੰਡੋਰੀ, ਜ਼ਿਲਾ ਹੁਸ਼ਿਆਰਪੁਰ ਪੰਜਾਬ ਬਾਰੇ ਛਪੀ ਕਿਤਾਬ 'ਗ਼ਦਰੀ ਤੇ ਕਾਮਾ' 29 ਜਨਵਰੀ 1984 ਨੂੰ ਵਾਲਟਰ ਮੋਬਰਲੀ ਕਮਿਊਨਿਟੀ ਹਾਲ (ਪਰਿਸ ਐਲਬਰਟ ਅਤਹੇ 61 ਐਵੇਨਿਊ) ਵੈਨਕੂਵਰ ਵਿਖੇ ਰਲੀਜ਼ ਕੀਤਾ ਜਾਵੇਗੀ। ਇਹ ਕਿਤਾਬ ਬਾਬਾ ਜੀ ਦੇ ਜੀਵਨ ਤੇ ਉਨ੍ਹਾਂ ਦੇ ਦੇਸ਼ ਤੇ ਕੌਮ ਲਈ ਕੀਤੇ ਕੰਮਾਂ ਉਤੇ ਝਾਤ ਪਾਉਂਦੀ ਹੈ।

ਇਹ ਕਿਤਾਬ ਗਿਆਨੀ ਕੇਸਰ ਸਿੰਘ ਜੀ ਹੁਣਾਂ ਨੇ ਲਿਖੀ ਹੈ। ਇਹ ਕਿਤਾਬ ਲਿਖ ਕੇ ਗਿਆਨੀ ਜੀ ਨੇ ਆਪਣਾ ਪ੍ਰਣ ਪੂਰਾ ਕੀਤਾ ਹੈ। ਗਿਆਨੀ ਜੀ ਨੇ ਭਾਰਤ ਤੋਂ ਬਾਹਰ ਰਹਿ ਕੇ ਦੇਸ਼ ਦੀ ਆਜ਼ਾਦੀ ਲਈ ਲੜਦੇ ਤੇ ਸ਼ਹੀਦ ਹੋਏ ਸੂਰਮਿਆਂ ਤੇ ਕਾਮਿਆਂ ਦੇ ਜੀਵਨ ਬਾਰੇ ਲਿਖਣ ਦਾ ਬੀੜਾ ਚੁਕਿਆ ਹੋਇਆ ਹੈ। ਗਿਆਨੀ ਜੀ ਆਮ ਆਖਦੇ ਹਨ ਕਿ 'ਪੰਜਾਬੀ ਇਤਿਹਾਸ ਬਣਾਉਂਦਾ ਹੈ, ਲਿਖਦਾ ਨਹੀਂ।' ਇਹ ਕਿਤਾਬ ਲਿਖ ਕੇ ਗਿਆਨੀ ਜੀ ਨੇ ਗ਼ਦਰੀ ਬਾਬਿਆਂ ਦਾ ਇਤਿਹਾਸ ਲਿਖਣ ਦਾ ਇਤਿਹਾਸ ਬਣਾਇਆ ਹੈ।

ਬਾਬਾ ਨਿਰੰਜਨ ਸਿੰਘ ਜੀ ਪੰਡੋਰੀ ਦੇ ਤਿੰਨਾਂ ਪੋਤਿਆਂ, ਸਰਦਾਰ ਜਗਜੀਤ ਸਿੰਘ, ਸਰਦਾਰ ਦਲਜੀਤ ਸਿੰਘ ਤੇ ਸਰਦਾਰ ਮਨਜੀਤ ਸਿੰਘ ਤੇ ਉਨ੍ਹਾਂ ਦੇ ਪਰਵਾਰਾਂ ਨੇ ਇਹ ਕਿਤਾਬ ਲੋਕਾਂ ਤਕ ਪੁਜਦੀ ਕਰਨ ਲਈ ਆਪਣਾ ਇਤਿਹਾਸਕ ਫਰਜ਼ ਪੂਰਾ ਕੀਤਾ ਹੈ। ਆਜ਼ਾਦੀ ਲਈ ਲੜੀ ਗਈ ਲੜਾਈ ਦਾ ਇਤਿਹਾਸ ਲੋਕਾਂ ਤੱਕ ਪੁਜਣਾ ਜ਼ਰੂਰੀ ਗੱਲਾਂ ਵਿਚੋਂ ਹੈ। ਚੰਗੀ ਗੱਲ ਹੈ। ਕੁਝ ਚੰਗਾ ਕਰਨ ਦਾ ਉਤਸ਼ਾਹ ਇਨ੍ਹਾਂ ਤਿੰਨਾਂ ਵੀਰਾਂ ਨੂੰ ਬਾਬਾ ਜੀ ਵਲੋਂ ਆਪਣੇ ਪਿਤਾ ਗੁਰਦੇਵ ਸਿੰਘ ਰਾਹੀਂ ਮਿਲਿਆ ਹੋਇਆ ਹੈ।

## ਬਾਬਾ ਜੀ ਦੀ ਮੁਢਲੀ ਜਾਣਕਾਰੀ :— 1882 ਤੋਂ 1906

ਬਾਬਾ ਨਿਰੰਜਨ ਸਿੰਘ ਜੀ ਪੰਡੋਰੀ ਦਾ ਜਨਮ 1882 ਵਿਚ ਉਨ੍ਹਾਂ ਦੇ ਨਾਨਕੇ ਪਿੰਡ ਮੋਰਾਂਵਾਲੀ ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਹਵਾਲਦਾਰ ਪ੍ਰਤਾਪ ਸਿੰਘ ਤੇ ਮਾਤਾ ਦਾ ਨਾਂ ਭੋਲੀ ਸੀ। ਉਨ੍ਹਾਂ ਦੇ ਪਿਤਾ ਜੀ 1991 ਵਿਚ ਅਕਾਲ ਚਲਾਣਾ ਕਰ ਗਏ। ਉਸ ਵੇਲੇ ਬਾਬਾ ਜੀ ਦੀ ਉਮਰ ਕੇਵਲ 9 ਸਾਲ ਦੀ ਸੀ। ਪਿਤਾ ਦੀ ਗੈਰ ਹਾਜ਼ਰੀ ਵਿਚ ਉਨ੍ਹਾਂ ਦਾ ਜੀਵਨ Selfmade ਸੀ। ਜੀਵਨ ਦਾ ਨਿਰਬਾਹ ਕਰਨ ਲਈ ਉਨ੍ਹਾਂ ਨੇ ਕਿਸਾਨ ਦੇ ਤੌਰ ਤੇ ਜੀਵਨ ਸ਼ੁਰੂ ਕੀਤਾ। ਕਿਰਸਾਨੀ ਨਾਲ ਗੁਜ਼ਾਰਾ ਨਾ ਹੁੰਦਾ ਵੇਖ ਕੇ 18 ਸਾਲ ਦੀ ਉਮਰ ਵਿਚ ਆਪਣੇ ਪਿਤਾ ਵਾਲੀ ਪਲਟਨ ਵਿਚ ਹੀ ਫੌਜੀ ਨੌਕਰੀ ਕਰ ਲਈ। ਪਰ ਫੌਜੀ ਨੌਕਰੀ ਵਿਚ ਉਨ੍ਹਾਂ ਦੀ ਜ਼ਮੀਰ ਦਾ ਨਿਰਬਾਹ ਹੋਣਾ ਮੁਸ਼ਕਲ ਹੋ ਗਿਆ ਤੇ ਫੌਜੀ ਨੌਕਰੀ 1905 ਵਿਚ ਛੱਡ ਕੇ ਬਾਕੀ ਲੋਕਾਂ ਵਾਂਗ ਹਾਲਤ ਚੰਗੀ ਬਣਾਉਣ ਲਈ 1906 ਦੇ ਚੜ੍ਹਾ ਵਿਚ ਵੈਨਕੂਵਰ(ਕੈਨੇਡਾ) ਪੁਜ ਗਏ।

## ਬਾਬਾ ਜੀ ਵੈਨਕੂਵਰ ਵਿਚ 1906-1913

1906 ਵਿਚ ਤੇ ਅਗਲੇ ਤਿੰਨਾ ਚੌਂਹ ਸਾਲਾਂ ਵਿਚ ਜੋ ਭਾਰਤੀ ਬੀ. ਸੀ. ਵਿਚ ਆਏ, ਉਹ ਪੰਜਾਬੀ ਤੇ ਬਹੁਤੇ ਸਿਖ ਸਨ। ਇਨ੍ਹਾਂ ਨੇ ਆਪਣੀਆਂ ਧਾਰਮਿਕ, ਸਮਾਜਿਕ ਤੇ ਰਾਜਸੀ ਲੋੜਾਂ ਪੂਰੀਆਂ ਕਰਨ ਲਈ ਕਿਸੇ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ। ਉਹ ਜਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਦੀ ਸ਼ਕਲ ਵਿਚ ਹੋਂਦ ਵਿਚ ਆ ਗਈ। 1908 ਵਿਚ ਖਾਲਸਾ ਦੀਵਾਨ ਸੁਸਾਇਟੀ ਨੇ ਵੈਨਕੂਵਰ ਵਿਚ ਆਪਣਾ ਗੁਰੂ ਘਰ ਭੀ ਬਣਾ ਲਿਆ।

## ਬਾਬਾ ਜੀ ਦੀ ਦੇਸ਼ ਵਾਪਸੀ

ਬਾਬਾ ਜੀ ਕਿਰਤ ਦੀ ਮਹਾਨਤਾ ਜਾਣਨ ਵਾਲੇ ਫੌਜੀਆਂ ਵਿਚੋਂ ਸਨ ਜਥੇਬੰਦੀ ਦੀ ਮਹਾਨਤਾ ਨੂੰ ਸਮਝਦੇ ਸਨ। ਉਨ੍ਹਾਂ ਨੇ ਮਜ਼ਦੂਰ ਜਥੇਬੰਦੀਆਂ ਵਿਚ ਇਕਠੇ ਕਰਨ ਲਈ ਉਸ ਵੇਲੇ ਕਾਫੀ ਕੰਮ ਕੀਤਾ। ਨਿਰੰਜਨ ਸਿੰਘ ਆਪਣੀ ਇਕਾਈ ਦਾ ਆਗੂ ਸੀ। ਗੁਰਦੁਆਰੇ ਦੀ ਇਮਾਰਤ ਬਣਾਉਣ ਦੇ ਯਤਨਾਂ ਵਿਚ ਯਤਨਸ਼ੀਲ ਸੀ।

ਇਨ੍ਹਾਂ ਸਾਰੀਆਂ ਕਿਰਤਾਂ ਨੂੰ ਗੁਲਾਮੀ ਦੀ ਗਰਮੀ ਭੀ ਦੇਸ਼ ਨਾਲੋਂ ਇਥੇ ਜ਼ਿਆਦਾ ਮਹਿਸੂਸ ਹੋਣ ਲਗ ਪਈ। ਅਮਰੀਕਾ ਨਵਾਂ ਨਵਾਂ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ। ਉਥੇ ਦੀ ਆਜ਼ਾਦੀ ਦੀ ਹਵਾ ਤੇ ਆਜ਼ਾਦ ਦੇਸ਼ਾਂ ਦੇ ਲੋਕਾਂ ਦੇ ਮੇਹਣਿਆਂ ਨੇ ਭਾਰਤੀਆਂ ਦੀ ਗੁਲਾਮੀ ਦੇ ਜੀਵਨ ਦੀ ਗਰਮੀ ਨੂੰ ਹੋਰ ਭੀ ਜ਼ਿਆਦਾ ਤੇਜ ਕਰ ਦਿੱਤਾ। ਜਦ ਗਰਮੀ ਹੁੰਦੀ ਹੈ ਤਾਂ ਹੁੰਮ ਪੈਦਾ ਹੁੰਦੀ ਹੈ ਹੁੰਮ ਨੇਂਹਰੀ ਦਾ ਕਾਰਨ ਬਣਦਾ ਹੈ। ਸੋ 1913 ਵਿਚ ਗਦਰ ਪਾਰਟੀ ਹੋਂਦ ਵਿਚ ਆ ਕੇ ਦੇਸ਼ ਨੂੰ ਆਜ਼ਾਦ ਕਰਨ ਲਈ 'ਹਥਿਆਰਬੰਦ ਇਨਕਲਾਬ' ਦੀ ਗੱਲ ਕਰਨ ਲਗ ਪਈ। ਲੋਕਾਂ ਨੇ ਪਾਰਟੀ ਨੂੰ ਬਹੁਤ ਉਤਸ਼ਾਹ ਦਿੱਤਾ, ਉਸ ਉਤਸ਼ਾਹ ਦੇ ਅਸਰ ਨਾਲ ਪਾਰਟੀ ਨੇ ਦੇਸ਼ ਆਜ਼ਾਦ ਕਰਾਉਣ ਲਈ ਮੁੜ ਦੇਸ਼ ਜਾਣ ਦਾ ਹੋਕਾ ਦੇ ਦਿੱਤਾ। ਇਹ ਹੋਕਾ ਜਿਥੇ ਕੈਨੇਡਾ, ਵੈਨਕੂਵਰ ਵਿਚ ਹੋਰ ਹਜ਼ਾਰਾਂ ਬੰਦਿਆਂ ਨੇ ਸੁਣਿਆ ਇਹ ਬਾਬਾ ਨਿਰੰਜਨ ਸਿੰਘ ਦੇ ਕੰਨ ਵਿਚ ਭੀ ਪੈ ਗਿਆ। ਉਹ ਚੁਪ ਚੁਪੀਤੇ ਦੇਸ਼ ਪੁਜ ਗਏ।

## ਬਾਬਾ ਜੀ ਦੇਸ਼ ਵਿਚ 1913 ਤੋਂ 1915

ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਵਿਚੋਂ ਗਏ ਹੋਏ ਗ਼ਦਰੀਆਂ ਨੇ ਫੌਜ ਦੀ ਸਹਾਇਤਾ ਨਾਲ 21 ਫਰਵਰੀ 1915 ਨੂੰ ਹਥਿਆਰਬੰਦ ਇਨਕਲਾਬ ਲੈ ਆਉਣ ਦੀ ਤਾਰੀਖ ਮਿਥ ਲਈ ਸੀ। ਇਸ ਇਨਕਲਾਬ ਨੂੰ ਸਿਰੇ ਚਾੜ੍ਹਨ ਲਈ ਹਥਿਆਰ ਚਾਹੀਦੇ ਸਨ। "ਗ਼ਦਰ ਸਾਜ਼ਸ਼ ਦੀ ਵਿਥਿਆ" ਸਫਾ 117 ਦਾ ਹਵਾਲਾ ਦੇ ਕੇ ਕਾਮਰੇਡ ਗੁਰਚਰਨ ਸਿੰਘ ਸਹਿਸਰਾ, ਪ੍ਰਕਾਸ਼ਕ "ਗ਼ਦਰ ਪਾਰਟੀ ਦਾ ਇਤਿਹਾਸ" ਨੇ ਲਿਖਿਆ ਹੈ, "ਗ਼ਦਰੀਆਂ ਨੇ ਫੈਸਲਾ ਕੀਤਾ ਕਿ ਕਪੂਰਥਲੇ ਦੇ ਅਸਲੇ ਖਾਨੇ ਉਤੇ ਹਮਲਾ ਕਰਕੇ ਹਥਿਆਰ ਖੋਹੇ ਜਾਣ। ਭਾਈ ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ ਤੇ ਭਾਈ ਅਮਰ ਸਿੰਘ ਉਸਮਾਨਪੁਰੀਏ ਨੂੰ ਪੰਜਾਹ ਸੱਠ ਬੰਦੇ ਲੈ ਜਾਣ ਲਈ ਤਿਆਰ ਕਰਨ ਵਾਸਤੇ ਹੁਕਮ ਹੋਇਆ। ਗਿਆਨੀ ਕੇਸਰ ਸਿੰਘ ਲਿਖਦੇ ਹਨ, ਕਈ ਕਾਰਨਾ ਕਰਕੇ ਇਹ ਹਮਲਾ ਸਿਰੇ ਨਹੀਂ ਚੜ੍ਹ ਸਕਿਆ। ਪਰ ਇਹ ਸਾਬਤ ਹੁੰਦਾ ਹੈ ਕਿ "ਗ਼ਦਰੀਆਂ ਨੂੰ ਭਾਈ ਨਿਰੰਜਨ ਸਿੰਘ ਤੇ ਭਾਈ ਅਮਰ ਸਿੰਘ ਦੀ ਅਗਵਾਈ ਉਤੇ ਕਿੰਨਾ ਭਰੋਸਾ ਸੀ

ਜਦ ਮੁਖਬਰਾਂ ਦੀ ਗੱਦਾਰੀ ਕਰਕੇ ਫੜੋ ਫੜਾਈ ਸ਼ੁਰੂ ਹੋ ਗਈ ਤਾਂ ਗ਼ਦਰ ਪਾਰਟੀ ਨੇ ਭਾਈ ਨਿਰੰਜਨ ਸਿੰਘ ਨੂੰ ਹੁਕਮ ਦਿਤਾ ਕਿ ਉਹ ਯਕਦਮ ਦੇਸ਼ ਤੋਂ ਨਿਕਲ ਕੇ ਅਮਰੀਕਾ ਪੁਜ ਜਾਵੇ। ਉਸ ਵੇਲੇ ਪਹਿਲੀ ਦੁਨੀਆਂ ਦੀ ਵੱਡੀ ਲੜਾਈ ਜ਼ੋਰਾਂ ਤੇ ਸੀ। ਅਮਰੀਕਾ ਪੁਜਣਾ ਮੁਸ਼ਕਲ ਹੀ ਨਹੀਂ ਨਾ ਮੁਮਕਿਨ ਸੀ। ਪਰ ਨਾਮੁਮਕਿਨ ਨੂੰ ਮੁਮਕਿਨ ਬਣਾ ਕੇ ਬਾਬਾ ਨਿਰੰਜਨ ਸਿੰਘ ਜੀ 1916 ਵਿਚ ਕੈਲੇਫੋਰਨੀਆ ਪੁਜ ਗਏ। ਜਿਹੜੇ ਦੇਸ਼ ਵਿਚ ਗ਼ਦਰੀ ਫੜੇ ਗਏ। ਉਨ੍ਹਾਂ ਤੇ ਸਾਜ਼ਸ਼ ਕੇਸ ਅੰਗਰੇਜ਼ ਸਰਕਾਰ ਨੇ ਬਣਾ ਕੇ ਦਰਜਨਾਂ ਨੂੰ ਫਾਂਸੀ ਦੀ ਸਜ਼ਾ ਦਿਤੀ ਸੈਂਕੜੇ ਉਮਰ ਕੈਦ ਕਰਕੇ ਕਾਲੇਪਾਣੀ ਭੇਜ ਦਿਤੇ। ਸੈਂਕੜੇ ਗੱਦਾਰੀ ਐਕਸ਼ਨਾਂ ਵਿਚ ਸ਼ਹੀਦ ਹੋ ਗਏ। ਪਰ ਜੋ ਪਿਛੇ ਰਹਿ ਗਏ ਜਾਂ ਆਪਣੀ ਹੁਸ਼ਿਆਰੀ ਨਾਲ ਦੇਸ਼ ਵਿਚ ਫੜ ਨਾ ਹੋਏ ਤੇ ਵਾਪਸ ਅਮਰੀਕਾ ਆ ਗਏ ਉਨ੍ਹਾਂ ਫੇਰ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।



ਬਾਬਾ ਨਿਰੰਜਨ ਸਿੰਘ ਪੰਡੋਰੀ

## ਬਾਬਾ ਜੀ ਅਮਰੀਕਾ ਵਿਚ ਤੇ ਗਦਰ ਪਾਰਟੀ ਦੀ ਮੁੜ ਉਸਾਰੀ ਦੇ ਕੰਮ 1916 ਤੋਂ 1934

ਇਹ ਸਮਾਂ ਪਾਰਟੀ ਲਈ ਬਹੁਤ ਔਖਾ ਸੀ। ਗਦਰ ਫੇਲ੍ਹ ਹੋਣ ਕਰਕੇ ਲੋਕਾਂ ਵਿਚ ਬੇਦਿਲੀ ਆ ਗਈ ਸੀ। ਲੀਡਰ ਜਾਂ ਸ਼ਹੀਦ ਹੋ ਗਏ ਸਨ ਜਾਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬੰਦ ਸਨ। ਜੋ ਸਾਥੀ ਬਚਕੇ ਹੈਡਕੁਆਟਰ ਪਹੁੰਚੇ ਸਨ। ਉਹ ਸਨ ਸੰਤੋਖ ਸਿੰਘ, ਰਾਮ ਸਿੰਘ ਧਲੇਤਾ, ਗੋਪਾਲ ਸਿੰਘ ਸੋਹੀ, ਭਗਵਾਨ ਸਿੰਘ, ਪ੍ਰੀਤਮ ਸਿੰਘ ਤੇ ਤਾਰਕਾ ਨਾਥ। ਪਰ ਰਾਮ ਚੰਦ ਪਾਰਟੀ ਦਾ ਕਰਤਾ ਧਰਤਾ ਹੀ ਦੇਸ ਧਰੋਹੀ ਹੋ ਗਿਆ ਸੀ। ਉਹ ਦੇਸ਼ ਭਗਤਾਂ ਦੀ ਪੇਸ਼ ਨਹੀਂ ਸੀ ਜਾਣ ਦਿੰਦਾ। ਇਸ ਖਿਚੋਤਾਣ ਨੇ ਚੰਗਾ ਕੰਮ ਕਰਨ ਦੇ ਮੌਕੇ ਹੀ ਹੱਥੋਂ ਨਹੀਂ ਗਵਾਏ ਸਗੋਂ ਬਹੁਤ ਸਾਰਾ ਕੀਮਤੀ ਸਮਾਂ ਭੀ ਨਸ਼ਟ ਹੋ ਗਿਆ। ਆਖਰਕਾਰ ਰਾਮ ਸਿੰਘ ਧਲੇਤਾ ਨੇ ਰਾਮ ਚੰਦ ਨੂੰ ਕਚਿਹਰੀ ਵਿਚ ਹੀ ਗੋਲੀ ਮਾਰ ਕੇ ਮਾਰ ਦਿੱਤਾ ਤੇ ਰਾਮ ਸਿੰਘ ਨੂੰ ਕੋਰਟ ਦੇ ਇਕ ਮਾਰਸ਼ਲ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਫਿਰ ਸਾਡੀ ਪਾਰਟੀ ਹੋਂਦ ਵਿਚ ਆਈ।

ਅਪਰੈਲ 1918 ਵਿਚ ਹਰਜਾਪ ਸਿੰਘ ਪ੍ਰਧਾਨ, ਬਾਵਾ ਸਿੰਘ ਸਕਰੂਲਵੀ ਮੀਤ ਪ੍ਰਧਾਨ, ਭਾਈ ਸੰਤੋਖ ਸਿੰਘ ਜਨਰਲ ਸਕੱਤਰ ਤੇ ਸੰਤਾ ਸਿੰਘ ਗੰਡੀਵਿੰਡ ਖਜ਼ਾਨਚੀ ਬਣੇ। ਭਾਈ ਸੰਤੋਖ ਸਿੰਘ ਤੇ ਹੋਰ ਲੀਡਰਾਂ ਨੇ ਰੂਸ ਦੇ 1917 ਦੇ ਇਨਕਲਾਬ ਤੋਂ ਪ੍ਰਭਾਵਤ ਹੋ ਕੇ ਰੂਸ ਦੀ ਵਾਲਸ਼ਵਿਕ ਪਾਰਟੀ ਨਾਲ ਤਾਲ ਮੇਲ ਕਰਨ ਦੀ ਕੋਸ਼ਿਸ਼ ਜਾਰੀ ਕਰ ਦਿੱਤੀ। ਬਾਬਾ ਨਿਰੰਜਨ ਸਿੰਘ ਉਸ ਵੇਲੇ ਖੇਤੀਬਾੜੀ ਕਰਦੇ ਸਨ। ਭਾਈ ਸੰਤੋਖ ਸਿੰਘ ਤੇ ਭਾਈ ਰਤਨ ਸਿੰਘ ਰੂਸ ਨੂੰ ਜਾਂਦੇ ਹੋਏ ਬਾਬਾ ਜੀ ਨੂੰ ਉਨ੍ਹਾਂ ਦੇ ਫਾਰਮ ਬੀਊਟੀਸਿਟੀ ਕੈਲੇਫੋਰਨੀਆ ਵਿਚ ਮਿਲੇ ਤੇ ਬਾਬਾ ਜੀ ਨੂੰ ਦੱਸਿਆ ਕਿ ਉਹ ਪਾਰਟੀ ਦੇ ਨਵੇਂ ਅੱਡੇ ਕਾਇਮ ਕਰਨ ਇਥੋਂ ਜਾ ਰਹੇ ਹਨ। ਪਾਰਟੀ ਦੀ ਤਵਾਰੀਖ ਦੇ ਕਾਗਜ਼ ਬਾਬਾ ਜੀ ਨੂੰ ਦੇ ਗਏ। ਪਾਰਟੀ ਦੀ ਜੋਤ ਜਗਦੀ ਰਖਣ ਦੀ ਪਰੇਰਨਾ ਭੀ ਕਰ ਗਏ। ਉਸ ਦਿਨ ਤੋਂ ਬਾਬਾ ਜੀ ਆਪਣਾ ਕੰਮ ਕਾਰ ਛੱਡ ਕੇ ਪਾਰਟੀ ਦੇ ਕੁਲ ਵਕਤੀ ਮੈਂਬਰ ਦੁਬਾਰਾ ਬਣ ਗਏ। ਲੱਕ ਬੰਨ ਕੇ ਕੰਮ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਆਪਣੇ ਬਿਆਨ ਦੱਸਦੇ ਹਨ। ਕੁਝ ਅਰਸੇ ਬਾਅਦ ਪਾਰਟੀ ਦਾ ਦਫਤਰ ਬੰਦ ਹੋਣ ਵਰਗਾ ਹੀ ਹੋ ਗਿਆ। ਇਸ ਗਲ ਦਾ ਸਭ ਨੂੰ ਦੁਖ ਹੋਇਆ। ਪਾਰਟੀ ਵਿਚ ਅੰਗਰੇਜ਼ਾਂ ਨੇ ਆਪਣੇ ਪਿਠੂ ਪੈਸੇ ਦੇ ਕੇ ਵਾੜ ਦਿੱਤੇ ਸਨ। ਜੋ ਪਾਰਟੀ ਨੂੰ ਖਤਮ ਕਰਨ ਦੀਆਂ ਸਾਜ਼ਸ਼ਾਂ ਕਰਦੇ ਸਨ। ਇਸ ਗੱਲ ਤੇ ਪੂਰਾ ਗੌਰ ਕਰਨ ਲਈ ਤੇ ਕੁਝ ਇਤਜ਼ਾਮ ਕਰਨ ਲਈ ਬਾਬਾ ਜੀ ਦੀ ਕੋਸ਼ਿਸ਼ ਨਾਲ ਜੋ ਪਹਿਲੀ ਮੀਟਿੰਗ ਮੇਰਿਸਵਿਲ ਹੋਈ ਉਸ ਵਿਚ ਬਾਬਾ ਜੀ ਨਿਰੰਜਨ ਸਿੰਘ, ਬਾਬਾ ਦਲੀਪ ਸਿੰਘ ਫਾਹਲਾ, ਪ੍ਰੀਤਮ ਸਿੰਘ ਕਸੇਲ, ਚੂਹੜ ਸਿੰਘ ਪਾਲਦੀ, ਗੋਪਾਲ ਸਿੰਘ ਸੋਹੀ, ਬਾਵਾ ਸਿੰਘ ਸਕਰੂਲਵੀ ਤੇ ਪੂਰਨ ਸਿੰਘ ਜੰਡਿਆਲਾ ਸ਼ਾਮਲ ਹੋਏ। ਪਹਿਲਾ ਫੈਸਲਾ ਪੂਰਨ ਸਿੰਘ ਨੂੰ ਪੱਕੇ ਤੌਰ ਤੇ ਆਸ਼ਰਮ(ਗਦਰ ਪਾਰਟੀ ਦਾ ਦਫਤਰ) ਵਿਚ ਰਾਤ ਦਿਨ ਰਖਣ ਦਾ ਹੋਇਆ। ਜਿਸ ਵੇਲੇ ਪੂਰਨ ਸਿੰਘ ਨੇ ਆਸ਼ਰਮ ਦਾ ਕੰਮ ਸੰਭਾਲਿਆ, ਹਰਜਾਪ ਸਿੰਘ ਗੈਰ ਹਾਜ਼ਰ ਸੀ। ਇਸ ਵੇਲੇ ਬਾਵਾ ਸਿੰਘ ਮੀਤ ਪ੍ਰਧਾਨ ਨੇ ਬਹੁਤ ਕੰਮ ਕੀਤਾ। ਉਸ ਸਮੇਂ ਪਾਰਟੀ ਦਾ ਪ੍ਰਧਾਨ ਦਲੀਪ ਸਿੰਘ ਫਾਹਲਾ ਤੇ ਮੁਨਸ਼ਾ ਸਿੰਘ ਨਗਰ ਸਕੱਤਰ ਸੀ। ਉਸ ਵੇਲੇ ਬਾਬਾ ਨਿਰੰਜਨ ਸਿੰਘ ਜੀ ਗੁਪਤ ਕਮਿਸ਼ਨ ਦਾ ਮੈਂਬਰ ਸੀ। ਜੋ ਪਾਰਟੀ ਨੂੰ ਚਲਾਉਂਦਾ ਸੀ। ਉਸ ਵੇਲੇ ਪਾਰਟੀ ਨੂੰ ਪਾਰਟੀ ਵਿਚ ਕੰਮ ਕਰਦੇ ਪਾਰਟੀ ਦੇ ਦੁਸ਼ਮਣਾਂ ਨੂੰ ਸੋਧਣ ਦਾ ਕੰਮ ਭੀ ਸਿਰ ਆ ਪਿਆ ਜਿਹੜਾ ਮੁਸ਼ਕਲ ਤੇ ਕਠਨ ਸੀ। 1953 ਵਿਚ ਕੈਲੇਫੋਰਨੀਆ ਦੀ ਸੈਨਟ ਨੇ ਇਕ ਕਮੇਟੀ ਨੀਯਤ ਕੀਤੀ ਜਿਸਨੇ ਗਦਰ ਪਾਰਟੀ ਦੇ ਸਬੰਧ ਵਿਚ ਇਕ ਰਪੋਰਟ ਤਿਆਰ ਕੀਤੀ ਜਿਸ ਵਿਚ 1925 ਤੋਂ 1931 ਤਕ 13 ਗਦਰ ਪਾਰਟੀ ਦੇ ਖਿਲਾਫ ਖਬਰਾਂ ਦੇਣ ਵਾਲੇ ਮੁਖਬਰਾਂ ਦੀਆਂ ਮੌਤਾਂ ਦਾ ਜ਼ਿਕਰ ਹੈ। ਇਨ੍ਹਾਂ ਨੂੰ ਮਾਰਨ ਵਾਲਿਆਂ ਦਾ ਸਰਕਾਰ ਨੂੰ ਕੋਈ ਪਤਾ ਨਾ ਲਗ ਸਕਿਆ। ਪਰ ਜਿਨ੍ਹਾਂ ਉਤੇ ਸ਼ੱਕ ਸੀ ਉਸ ਲਿਸਟ ਵਿਚ ਬਾਬਾ ਜੀ ਦਾ ਨੰਬਰ ਇਕ ਤੇ ਜ਼ਿਕਰ ਹੈ।

ਜਿਸ ਵੇਲੇ ਪਾਰਟੀ ਨੇ ਰੂਸ ਦੀ ਪਾਰਟੀ ਨਾਲ ਪੂਰਾ ਤਾਲ ਮੇਲ ਬਣਾ ਲਿਆ। ਪਾਰਟੀ ਨੇ ਵਿਗਿਆਨਕ ਸਮਾਜਵਾਦ ਦੀ ਇਨਕਲਾਬੀ ਸਿਖਿਆ ਪ੍ਰਾਪਤ ਕਰਨ ਲਈ ਅਮਰੀਕਾ ਤੋਂ ਸੋਵੀਅਤ ਰੂਸ ਵਿਚ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਬਾਬਾ ਜੀ ਨੂੰ ਇਕ ਲਿਖੀ ਹੋਈ ਚਿੱਠੀ ਵਿਚ ਜੱਥਿਆਂ ਦਾ ਜ਼ਿਕਰ ਹੈ "ਪਹਿਲਾ ਜਥਾ ਮਾਸਕੋ ਨੂੰ ਭਾਈ ਰਤਨ ਸਿੰਘ ਤੇ ਭਾਈ ਸੰਤੋਖ ਸਿੰਘ ਦਾ ਸੀ। ਦੂਜੇ ਜਥੇ ਵਿਚ ਭਾਈ ਸੰਤਾ ਸਿੰਘ, ਭਾਈ ਹਰਜਾਪ ਸਿੰਘ, ਭਾਈ ਪ੍ਰੀਤਮ ਸਿੰਘ ਤੇ ਭਾਈ ਕਰਮ ਸਿੰਘ ਧੂਤ ਸਨ। ਜੋ 1926 ਵਿਚ ਗਿਆ। ਤੀਜਾ ਜੱਥਾ 1931 ਵਿਚ ਮਾਸਕੋ ਗਿਆ ਜਿਸ ਵਿਚ ਇਕਬਾਲ ਸਿੰਘ, ਅਛਰ ਸਿੰਘ ਛੀਨਾ, ਮਹਿੰਦਰ ਸਿੰਘ ਸੋਢੀ, ਜਸਵੰਤ ਸਿੰਘ ਕੈਰੋਂ, ਤੇ ਇਕ ਹੋਰ ਸਜਣ ਬਾਸਰਕੇ ਪਿੰਡ ਦਾ ਸੀ।

ਬਾਬਾ ਨਿਰੰਜਨ ਸਿੰਘ ਤੇ ਤਾਰਾ ਸਿੰਘ ਭਸੀਣ 1934 ਵਾਲੇ ਜੱਥੇ ਵਿਚ ਮਾਸਕੋ ਪੁਜੇ ਸਨ।

## 1934 ਤੋਂ 1942 ਤਕ ਬਾਬਾ ਜੀ ਰੂਸ ਵਿਚ ਰਹਿ ਕੇ ਸਮਾਜਵਾਦ ਦੀ ਇਨਕਲਾਬੀ ਵਿਦਿਆ ਪ੍ਰਾਪਤ ਕਰਦੇ ਰਹੇ

(ਬਾਕੀ ਪੰਨਾ 16 ਤੇ)

## ਗਜ਼ਲ

**ਪ੍ਰਮਜੀਤ ਸਿੰਘ 'ਕੰਵਲ'(ਰਾਮਪੁਰੀ)**

ਭਗਵਾਨ ਤਾਂ ਅੰਗ ਸੰਗ ਏ, ਪਰ ਲੋੜ ਹੈ ਪਹਿਚਾਨ ਦੀ।
ਪਹਿਚਾਨ ਲਈ ਹੈ ਲੋੜ ਪੈਂਦੀ, ਜਿਉਂਦਿਆਂ ਮਰ ਜਾਣ ਦੀ।

ਤਨ, ਮਨ ਤੇ ਧੰਨ ਜਿਨ੍ਹਾਂ ਨੇ ਸਤਿਗੁਰੂ ਨੂੰ ਸੌਂਪਿਆ,
ਹੱਸ ਕੇ ਨਿਸ਼ਾਵਰ ਕਰਨ ਉਹ, ਪ੍ਰਵਾਹ ਨਹੀਂ ਕਰਦੇ ਜਾਨ ਦੀ

ਧਰਮ ਇਕੋ ਹੈ 'ਮਨੁਖਤਾ', ਸਾਰੀ ਮਖਲੂਕਾਤ ਦਾ,
ਇਨ੍ਹਾਂ 'ਚ ਵੰਡਾਂ ਪਾਉਣੀਆਂ, ਇਹ ਚਾਲ ਹੈ ਸੈਤਾਨ ਦੀ।

ਨਿਹੱਥਿਆਂ ਨੂੰ ਮਾਰ ਕੇ, ਧਰਮੀ ਕਹਾਵਣ ਵਾਲਿਆਂ,
ਯਾਦ ਰੱਖ ਤੂੰ ਉਹ ਘੜੀ ਵੀ, ਆਪਣੇ ਮਰ ਜਾਣ ਦੀ।

ਭਗਵਾਨ ਦੇ ਸ਼ਰਧਾਲੂਆਂ, ਕਰਨੈ ਜੇ ਖੁਸ਼ ਭਗਵਾਨ ਨੂੰ,
ਤਾਂ ਬੰਦਿਆਂ ਨੂੰ ਪਿਆਰ ਕਰ, ਜੋ ਮੂਰਤੀ ਭਗਵਾਨ ਦੀ।

ਅੱਖਾਂ ਤੇ ਬੰਨ੍ਹ ਕੇ ਪੱਟੀਆਂ, ਕੰਨਾਂ 'ਚ ਉਂਗਲਾਂ ਦੇ ਲਈਆਂ,
ਆਵਾਜ਼ ਤਾਹੀਓਂ ਸੁਣੇ ਨਾ, ਤੂੰ ਸੱਚ ਦੇ ਐਲਾਨ ਦੀ।

ਇਹ ਕੰਮ 'ਕੰਵਲ' ਨਹੀਂ ਧਰਮ ਦੇ, ਨਿਰਦੋਸ਼ਿਆਂ ਨੂੰ ਮਾਰਨਾ,
ਧਰਮ ਨੂੰ ਬਦਨਾਮ ਨਾ ਕਰ, ਕਦਰ ਕਰ ਇਨਸਾਨ ਦੀ।

## '.ਗਦਰੀ ਤੇ ਕਾਮਾ'

**ਪੁਸਤਕ ਦਾ ਰੀਲੀਜ਼ ਸਮਾਗਮ 29 ਜਨਵਰੀ ਸ਼ਾਮ ਦੇ ਡੇਢ ਵਜੇ ਤੋਂ ਚਾਰ ਵਜੇ ਤੱਕ ਹੋਵੇਗਾ।**

**ਸਥਾਨ :— ਵਾਲਟਰ ਮੋਬਰਲੀ ਕਮਿਊਨਿਟੀ ਹਾਲ, ਵੈਨਕੂਵਰ(ਪ੍ਰਿੰਸ ਅਲਬਰਟ 61 ਐਵੇਨਿਊ ਤੇ)**


ਭਾਰਤ ਜਾਣ ਦੀ ਤਿਆਰੀ ਹੈ ?

**East West Travel Ltd.**



**ਹਵਾਈ ਟਿਕਟਾਂ**

ਸਭੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।

**International and Domestic Special for India, Pakistan, Fiji and West Indies.**

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

**ਮਲਕੀਤ ਬਰਾੜ ਨੂੰ ਫ਼ੋਨ ਕਰੋ**

**Ph.(403)235-3661**

**#206-3517, 17 Ave. S.E. Calgary, Alta T2A 0R5**

# ਨੈਸ਼ਨਲ ਲਾਈਫ਼ ਆਫ਼ ਕੈਨੇਡਾ ਦਾ ਸਾਲਾਨਾ ਸਮਾਗਮ



ਵੈਨਕੂਵਰ ਬਰਾਂਚ ਦੇ ਮੈਨੇਜਰ ਮਿ: ਮਿਲ ਯੂਨੀਕੋਵ, ਦਰਸ਼ਨ ਗਿੱਲ, ਨੈਸ਼ਨਲ ਲਾਈਫ ਦੇ ਏਜੰਸੀ ਵਾਈਸ ਪਰੈਜੀਡੈਂਟ ਮਰਵ ਲੂਲਾਇਡ ਅਤੇ ਸੇਲਜ਼ ਮੈਨੇਜਰ ਜਗਜੀਤ ਸਿੰਘ ਸਿੱਧੂ




ਦਰਸ਼ਨ ਗਿੱਲ ਨੂੰ ਵੈਨਕੂਵਰ ਬਰਾਂਚ ਵਿਚੋਂ ਪਹਿਲੇ ਨੰਬਰ ਤੇ ਰਹਿਣ ਲਈ ਓਮਾਰ ਟਰਾਫੀ ਦਿੰਦੇ ਮਿ: ਯੂਨੀਕੋਵ ਅਤੇ ਮਰਵ ਲੂਲਾਇਡ



ਪਾਰਟੀ ਸਮੇਂ ਦੀ ਇਕ ਤਸਵੀਰ



ਪਾਰਟੀ ਵਿਚ ਸ਼ਾਮਲ ਨੈਸ਼ਨਲ ਲਾਈਫ ਦੇ ਲਾਈਫ ਅੰਡਰ ਰਾਈਟਰ - ਸ਼੍ਰੀ ਹਰਭਜਨ ਗਿੱਲ, ਗੁਰਬਖਸ਼ ਗਿੱਲ, ਦਰਸ਼ਨ ਗਿੱਲ, ਪਰਮਿੰਦਰ ਬੁੱਟਰ ਅਤੇ ਸਤਿਨਾਮ ਸਿੰਘ ਜੌਹਲ

ਵੈਨਕੂਵਰ—19-20 ਅਤੇ 21 ਜਨਵਰੀ 1984 ਨੂੰ ਨੈਸ਼ਨਲ ਲਾਈਫ ਆਫ ਕੈਨੇਡਾ ਦੀ ਵੈਨਕੂਵਰ ਬਰਾਂਚ ਦਾ ਸਾਲਾਨਾ ਸਮਾਗਮ ਹੋਇਆ। ਜਿਸ ਵਿਚ ਨੈਸ਼ਨਲ ਲਾਈਫ ਦੇ ਵਾਈਸ ਪਰੈਜੀਡੈਂਟ ਮਰਵ ਲੂਲਾਇਡ ਨੇ ਵੈਨਕੂਵਰ ਬਰਾਂਚ ਦੇ ਆਪਣੇ ਸੌ ਮਿਲੀਅਨ ਦੇ ਟੀਚੇ ਪੂਰੇ ਕਰਨ ਤੇ ਵੈਨਕੂਵਰ ਬਰਾਂਚ ਨੂੰ ਵਧਾਈ ਦਿੱਤੀ। 1983 ਵਿਚ ਨੈਸ਼ਨਲ ਲਾਈਫ ਦੀਆਂ ਸਾਰੀਆਂ ਬਰਾਂਚਾਂ ਵਿਚੋਂ ਵੈਨਕੂਵਰ ਬਰਾਂਚ ਪਹਿਲੇ ਨੰਬਰ ਤੇ ਰਹੀ।

ਮਿ: ਮਰਵ ਲੂਲਾਇਡ ਅਤੇ ਮਿ: ਯੂਨੀਕੋਵ ਨੇ ਬਰਾਂਚ ਵਿਚ ਪਹਿਲੇ ਨੰਬਰ ਤੇ ਰਹਿਣ ਲਈ ਦਰਸ਼ਨ ਗਿੱਲ ਨੂੰ ਓਮਾਰ ਟਰਾਫੀ ਦਿਤੀ। ਵੈਨਕੂਵਰ ਬਰਾਂਚ ਵਿਚ ਪਰੈਜੀਡੈਂਟ ਕਲੱਬ ਲਈ ਗੋਲਡ ਮੈਡਲ ਜਿੱਤਣ ਲਈ ਸ਼੍ਰੀ ਗੁਰਬਖਸ਼ ਗਿੱਲ ਨੂੰ ਸਨਮਾਨਤ ਕੀਤਾ ਗਿਆ। ਸਤਿਨਾਮ ਸਿੰਘ ਜੌਹਲ ਨੂੰ ਐਮ. ਡੀ. ਆਰ. ਟੀ. ਲਈ ਪਲੇਕ ਭੇਟ ਕੀਤੀ ਗਈ। ਵਾਈਸ ਪਰੈਜੀਡੈਂਟ ਵਲੋਂ ਨੈਸ਼ਨਲ ਲਾਈਫ ਵਿਚ ਦੋ ਨਵੇਂ ਲਾਈਫ ਅੰਡਰਰਾਈਟਰਜ ਸ਼੍ਰੀ ਪਰਮਿੰਦਰ ਬੁੱਟਰ ਅਤੇ ਸ਼੍ਰੀ ਹਰਭਜਨ ਗਿੱਲ ਨੂੰ ਜੀ ਆਇਆਂ ਕਿਹਾ ਗਿਆ। ਸੇਲਜ ਮੈਨੇਜਰ ਸ਼੍ਰੀ ਜਗਜੀਤ ਸਿੰਘ ਸਿੱਧੂ ਨੇ ਚੌਦਾਂ ਐਮ. ਡੀ. ਆਰ. ਟੀ. ਜਿੱਤਣ ਵਾਲਿਆਂ ਨੂੰ ਪਲੇਕ ਭੇਟ ਕੀਤੇ।

## ਪਾਵਲ ਫਿਰ ਨਸਲੀ ਬੋਲੀ ਬੋਲਿਆ—

ਲੰਡਨ—ਸੱਜ ਪਿਛਾਖੜ ਦੇ ਬੁਲਾਰੇ ਈਨਕ ਪਾਵਲ ਨੇ ਰਾਣੀ ਐਲਿਜ਼ਬੈਥ ਤੇ ਦੋਸ਼ ਲਾਇਆ ਹੈ ਕਿ ਉਹ ਘੱਟ ਗਿਣਤੀਆਂ ਨੂੰ ਚਿੱਟੇ ਅੰਗਰੇਜ਼ਾਂ ਨਾਲੋਂ ਵੱਧ ਅਹਿਮੀਅਤ ਦੇ ਰਹੀ ਹੈ। ਉਸਨੇ ਆਪਣੀ ਜ਼ਹਿਰੀਲੀ ਬੋਲੀ ਵਿਚ ਰਾਣੀ ਦੇ ਕਾਮਨਵੈਲਥ ਦੇਸ਼ਾਂ ਸਬੰਧੀ ਰੋਲ ਬਾਰੇ ਵੀ ਨੁਕਤਾਚੀਨੀ ਕੀਤੀ ਹੈ।

ਰਾਣੀ ਦੇ 'ਕ੍ਰਿਸਮਿਸ ਪੈਗਾਮ' ਤੇ ਹਮਲਾ ਕਰਦਿਆਂ ਪਾਵਲ ਨੇ ਰਾਣੀ ਦੇ ਭਾਰਤ ਦੌਰੇ ਬਾਰੇ ਵੀ ਕਿੰਤੂ ਕੀਤਾ ਤੇ ਕਿਹਾ ਕਿ ਰਾਣੀ ਨੂੰ ਅਮੀਰ ਤੇ ਗਰੀਬ ਮੁਲਕਾਂ ਵਿਚਾਲੇ ਪਾੜਾ ਘਟਾਉਣ ਦੀ ਗੱਲ ਨਹੀਂ ਕਰਨੀ ਚਾਹੀਦੀ ਸੀ।

ਯਾਦ ਰਹੇ ਕਿ ਈਨਕ ਪਾਵਲ 1968 ਤੋਂ ਬਰਤਾਨੀਆ ਦੇ ਗੈਰ-ਚਿੱਟੇ ਲੋਕਾਂ ਵਿਰੁੱਧ ਆਪਣੀ ਜ਼ਹਿਰ ਉਗਲ ਰਿਹਾ ਹੈ। ਉਹ ਪਹਿਲਾਂ ਕਨਜ਼ਰਵੇਟਿਵ ਪਾਰਟੀ ਵਿਚ ਸੀ ਤੇ 1974 ਵਿਚ ਪਾਰਟੀ ਤੋਂ ਅਸਤੀਫਾ ਦੇ ਗਿਆ ਸੀ। ਅੱਜ ਕੱਲ੍ਹ ਉਹ ਉਤਰੀ ਆਇਰਲੈਂਡ ਦੀ ਪ੍ਰੋਟੈਸਟੈਂਟ ਅਲਸਟਰ ਯੂਨੀਅਨਿਸਟ ਪਾਰਟੀ ਦਾ ਮੈਂਬਰ ਹੈ।

ਉਸਨੇ ਰਾਣੀ ਤੇ ਦੋਸ਼ ਲਾਇਆ ਹੈ ਕਿ 'ਰਾਣੀ ਨੂੰ ਦੂਜੇ ਮੁਲਕਾਂ ਦਾ ਜ਼ਿਆਦਾ ਫਿਕਰ ਹੈ ਪਰ ਉਹ ਆਪਣੇ ਲੋਕਾਂ ਦਾ ਦਿਲੋਂ ਫਿਕਰ ਨਹੀਂ ਕਰ ਰਹੀ।'

## ਰੰਗੀ ਗੀਤ ਮਾਲਾ ਸੁਣੋ

ਹਰ ਸੋਮਵਾਰ ਨੂੰ ਰਾਤ ਦੇ 9 ਵਜੇ ਤੋਂ ਰਾਤ ਦੇ ਦਸ ਵਜੇ ਤੱਕ CJJC 800 AM ਤੋਂ ਰੰਗੀ ਗੀਤ ਮਾਲਾ ਸੁਣਨਾ ਨਾ ਭੁਲੋ। ਇਸ ਰੰਗੀ ਗੀਤ ਮਾਲਾ ਦੇ ਅਨਾਊਂਸਰ ਵੈਨਕੂਵਰ ਦੇ ਸੀਨੀਅਰ ਹੋਸਟ ਮਨਜੀਤ ਵਿਰਦੀ ਹਨ।

## ਸੰਸਾਰ ਅਮਨ ਬਾਰੇ ਜ਼ਰੂਰੀ ਮੀਟਿੰਗ

ਸੰਸਾਰ ਅਮਨ ਕਾਨਫਰੰਸ ਪਿਛਲੇ ਸਾਲ ਪਰਾਗ(ਚੈਕੋਸਲਵਾਕੀਆ) ਵਿਚ ਹੋਈ ਸੀ। ਕੈਨੇਡਾ ਤੋਂ 73 ਪ੍ਰਤੀਨਿਧ ਪਰਾਗ ਵਿਚ ਸੰਸਾਰ ਅਮਨ ਕਾਨਫਰੰਸ ਲਈ ਡੈਲੀਗੇਟ ਵਜੋਂ ਸ਼ਾਮਲ ਹੋਏ ਸਨ।

ਐਤਵਾਰ 29 ਜਨਵਰੀ, 1984 ਨੂੰ ਸ਼ਾਮ ਦੇ ਸਾਢੇ ਸੱਤ ਵਜੇ ਨਿਊ ਮੈਰੀਟਾਈਮ ਯੂਨੀਅਨ ਸੈਂਟਰ 111 ਵਿਕਟੋਰੀਆ ਡਰਾਈਵ ਵਿਚ ਇਕ ਮੀਟਿੰਗ ਹੋ ਰਹੀ ਹੈ ਜਿਸ ਵਿਚ ਬੀ. ਸੀ. ਦੇ ਪ੍ਰਤੀਨਿਧ ਸੰਸਾਰ ਅਮਨ ਕਾਨਫਰੰਸ ਬਾਰੇ ਆਪਣੇ ਰੀਪੋਰਟ ਪੇਸ਼ ਕਰਨਗੇ।

ਇਸ ਮੀਟਿੰਗ ਵਿਚ ਹੇਠ ਲਿਖੇ ਬੁਲਾਰੇ ਆਪਣੇ ਵਿਚਾਰ ਰੱਖਣਗੇ
1. ਫਰੈਂਕ ਕੈਨੇਡੀ, ਪ੍ਰਧਾਨ ਵੈਨਕੂਵਰ ਡਿਸਟ੍ਰਿਕਟ ਲੇਬਰ ਕੌਂਸਲ
2. ਡੰਕਨ ਸ਼ੀਲਡਜ ਸਕੱਤਰ ਵਰਲਡ ਯੂਨੀਅਨ ਪੀਸ ਕਮੇਟੀ ਆਫ ਬੀ. ਸੀ.
3. ਅਰਨੀ ਟੋਮਲਸਨ ਸੁਸਾਇਟੀਜ਼ ਆਫ ਪੀਸ
4 ਕੇਸਰ ਸਿੰਘ ਨਾਵਲਿਸਟ

ਸੰਸਾਰ ਅਮਨ ਦੇ ਹਾਮੀਆਂ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਖੁਲ੍ਹਾ ਸੱਦਾ ਹੈ।


# B & D ENTERTAINMENT

ਕਿਰਾਏ ਲਈ ਕਿਸੇ ਵੀ ਤਰ੍ਹਾਂ ਦਾ ਸਾਊਂਡ ਸਿਸਟਮ ਦਾ ਕੰਮ ਹੋਵੇ, ਸਪੈਸ਼ਲ ਵਿਆਹ ਦੀ ਪਾਰਟੀ ਅਤੇ ਵੱਡੇ ਤੋਂ ਵੱਡੇ ਸ਼ੋਅ ਲਈ ਜਾਣੀ ਕਿ ਹਰ ਤਰ੍ਹਾਂ ਦਾ ਸਟੀਰੀਓ, ਐਂਪਲੀਫਾਇਰ ਦਾ ਕੰਮ ਹੋਵੇ ਤਾਂ ਫ਼ੋਨ ਕਰੋ :— 321-6360

(ਨੋਟ :- ਬੁਕਿੰਗ ਲਈ ਇਕ ਹਫਤਾ ਪਹਿਲਾਂ ਫੋਨ ਜ਼ਰੂਰੀ ਹੈ)



ਸ਼੍ਰੀ ਮਿਤਰਾ ਵਲੋਂ ਦਿੱਤੀ ਪਾਰਟੀ ਸਮੇਂ - 'ਕੈਨੇਡਾ ਦਰਪਣ' ਦੇ ਸੰਪਾਦਕ ਹਰਭਜਨ ਸਿੰਘ ਦਿਉਲ, ਪੰਜਾਬੀ(ਇੰਡੀਆ) ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਸ: ਦਲਜੀਤ ਸਿੰਘ ਸਿੱਧੂ, ਸ਼੍ਰੀ ਮਿਤਰਾ, ਸ਼੍ਰੀ ਸੁੱਚਾ ਸਿੰਘ ਕਲੇਰ,



ਕੈਨੇਡੀਅਨ ਸਰਪਲੱਸ ਦੇ ਉਦਘਾਟਨ ਸਮੇਂ ਦਰਸ਼ਨ ਗਿੱਲ, ਹਰਭਜਨ ਸਿੰਘ ਖਾਲਸਾ ਅਤੇ ਉਨ੍ਹਾਂ ਦੇ ਸਾਥੀ ਖੜੇ ਹਨ ।

# ਭਾਰਤ ਦੇ ਕੌਂਸਲ ਜਨਰਲ ਸ਼੍ਰੀ ਮਿਤਰਾ ਵਲੋਂ ਵੈਨਕੂਵਰ ਵਿਚ ਪਾਰਟੀ

ਵੈਨਕੂਵਰ—ਵੈਨਕੂਵਰ ਵਿਚ ਸਥਿਤ ਭਾਰਤ ਦੇ ਕੌਂਸਲ ਜਨਰਲ ਸ਼੍ਰੀ ਬਿਮਲ ਮਿਤਰਾ ਵਲੋਂ ਪਿਛਲੇ ਐਤਵਾਰ ਇਕ ਪਾਰਟੀ ਦਿੱਤੀ ਗਈ ਜਿਸ ਵਿਚ ਵੈਨਕੂਵਰ ਦੇ ਪਰਮੁਖ ਵਿਅਕਤੀ ਸ਼ਾਮਲ ਹੋਏ। ਸ਼ਾਮਲ ਹੋਣ ਵਾਲਿਆਂ ਵਿਚ ਭਾਰਤੀ ਵਪਾਰ ਕੇਂਦਰਾਂ ਦੇ ਮੈਂਬਰ, ਸਭਾਵਾਂ ਦੇ ਪ੍ਰਤੀਨਿਧ ਅਤੇ ਹੋਰ ਭਾਰਤੀ ਕਮਿਉਨਿਟੀ ਦੇ ਜਾਣੇ ਪਛਾਣੇ ਚਿਹਰੇ ਸਨ । ਸ਼੍ਰੀ ਮਿਤਰਾ ਪਿਛਲੇ ਤਿੰਨ ਸਾਲ ਤੋਂ ਵੈਨਕੂਵਰ ਵਿਚ ਭਾਰਤੀ ਕੌਂਸਲ ਜਨਰਲ ਰਹੇ ਹਨ। ਅਤੇ ਉਨ੍ਹਾਂ ਨੇ ਹਰ ਪਾਰਟੀ ਨਾਲ ਆਪਣੇ ਸਬੰਧਾਂ ਨੂੰ ਖੁਸ਼ ਗਵਾਰ ਰੱਖਿਆ ਹੈ। ਉਹ ਆਪਣੇ ਤਿੰਨ ਸਾਲ ਤੋਂ ਵੱਧ ਦਾ ਸਮਾਂ ਗੁਜ਼ਾਰ ਕੇ ਫਰਵਰੀ ਵਿਚ ਰੀਟਾਇਰ ਹੋ ਰਹੇ ਹਨ । 'ਕੈਨੇਡਾ ਦਰਪਣ' ਉਨ੍ਹਾਂ ਲਈ ਸ਼ੁਭ ਇਛਾਵਾਂ ਭੇਟ ਕਰਦਾ ਹੋਇਆ ਕਾਮਨਾ ਕਰਦਾ ਹੈ ਕਿ ਉਹ ਦੇਸ਼ ਸੇਵਾ ਹਿਤ ਅੱਗੇ ਤੋਂ ਵੀ ਵੱਧ ਅਗਲੇ ਵਰ੍ਹਿਆਂ ਵਿਚ ਆਪਣਾ ਆਪਾ ਅਰਪਣ ਕਰਨਗੇ ।

# ਦਲ ਧਾਰਮਿਕ ਤੇ ਰਾਜਸੀ ਮੰਗਾਂ ਵਿਚ ਨਿਖੇੜਾ ਕਰਕੇ ਗੱਲਬਾਤ ਦੇ ਰਾਹ ਆਵੇ

ਜਲੰਧਰ—ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਭੇਜੀਆਂ ਗਈਆਂ ਖੁਫੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਅਕਾਲੀ ਦਲ ਪੰਜਾਬ ਦੇ ਪੇਂਡੂ ਖੇਤਰਾਂ ਦੀਆਂ ਵੋਟਾਂ ਹਾਂਸਲ ਕਰਨ ਲਈ ਹਿਦੂ ਸਿੱਖਾਂ ਵਿਚ ਪਾੜਾ ਪਾ ਰਿਹਾ ਹੈ । ਜਿਸਦੇ ਸਿੱਟੇ ਵਜੋਂ ਪੰਜਾਬ ਦੇ ਉਦਯੋਗ ਅਤੇ ਵਪਾਰ ਕਮਜ਼ੋਰ ਹੋਏ ਹਨ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਭੇਜੀਆਂ ਗਈਆਂ ਖੁਫੀਆ ਰਿਪੋਰਟਾਂ ਵਿਚ ਇਹ ਵੀ ਕਹੇ ਜਾਣ ਦੀ ਸੂਚਨਾ ਮਿਲੀ ਹੈ ਕਿ ਪੰਜਾਬ ਦੀ ਇਕ ਕਰੋੜ ਸਤਾਹਟ ਲੱਖ ਦੀ ਆਬਾਦੀ ਵਿਚੋਂ ਬਵੰਜਾ ਫੀ ਸਦੀ ਆਬਾਦੀ ਸਿੱਖਾਂ ਦੀ ਅਤੇ 48 ਫੀਸਦੀ ਆਬਾਦੀ ਹਿਦੂਆਂ ਉਤੇ ਆਧਾਰਤ ਹੈ। ਜਦ ਕਿ ਸ਼ਹਿਰਾਂ ਵਿਚ ਸਿੱਖ ਘੱਟ ਗਿਣਤੀ ਅਤੇ ਪਿੰਡਾਂ ਵਿਚ ਜ਼ਿਆਦਾ ਗਿਣਤੀ ਵਿਚ ਹਨ ।

ਨਿਰੰਕਾਰੀਆਂ ਦੀਆਂ ਹਤਿਆਵਾਂ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਨੇ ਆਪਣੇ ਸਿਰ ਲੈ ਲਈ ਹੈ। ਜਿਸਦੇ ਨਾਲ ਨਿਰੰਕਾਰੀਆਂ ਦੇ ਕਤਲਾਂ ਦੀ ਗੁਥੀ ਸੁਲਝ ਗਈ ਹੈ ।

ਪੰਜਾਬ ਸਰਕਾਰ ਦੇ ਖੁਫੀਆ ਵਿਭਾਗ ਨੇ ਇਹ ਰੀਪੋਰਟ ਜਾਰੀ ਕਰਦੇ ਹੋਏ ਗ੍ਰਹਿ ਮੰਤਰਾਲੇ ਤੋਂ ਇਸ ਸਬੰਧ ਵਿਚ ਹੁਕਮ ਮੰਗਦੇ ਹੋਏ ਇਹ ਵੀ ਸ਼ੰਕਾ ਪ੍ਰਗਟ ਕੀਤੀ ਹੈ ਕਿ ਕੋਈ ਵੀ ਪੁਲਸ ਅਧਿਕਾਰੀ ਜਾਂ ਕਰਮਚਾਰੀ ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਬਾਰੇ ਅਕਾਲ ਤਖਤ ਸਾਹਿਬ ਦੇ ਡਰ ਤੋਂ ਚੁੱਪ ਹੈ ਪਰ ਅਕਾਲੀ ਦਲ ਵਿਰੁਧ ਸਖਤ ਕਾਰਵਾਈ ਕਰਨ ਨਾਲ ਸਿੱਖਾਂ ਦੇ ਭੜਕ ਉਠਣ ਦੀ ਸੰਭਾਵਨਾ ।

ਅੰਤ ਵਿਚ ਪੰਜਾਬ ਸਰਕਾਰ ਦੇ ਖੁਫੀਆ ਵਿਭਾਗ ਨੇ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਬੇਨਤੀ ਕੀਤੀ ਹੈ ਕਿ ਉਹ ਸ਼ਰੋਮਣੀ ਕਮੇਟੀ ਦੀਆਂ ਧਾਰਮਿਕ ਸਟੇਜਾਂ ਤੇ ਰਾਜਨੀਤਕ ਭਾਸ਼ਨ ਦੇਣ ਤੇ ਪਾਬੰਦੀ ਲਾਵੇ ਅਤੇ ਅਕਾਲੀ ਦਲ ਨੂੰ ਕਹੇ ਕਿ ਉਹ ਆਪਣੀਆਂ ਧਾਰਮਿਕ ਤੇ ਰਾਜਨੀਤਕ ਮੰਗਾਂ ਵੱਖ ਵੱਖ ਕਰਕੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦਾ ਰਾਹ ਅਪਣਾਏ

ਸੰਦਲ ਸਾ ਹਾਥ ਮਾਥੇ ਪੇ, ਸਰ ਖ਼ਮ ਨਜ਼ਰ ਝੁਕੀ,
ਆਦਾਬ ਯੂੰ ਕਰੋਂਗੇ ਤੋ ਹਮ ਮਰ ਨਾ ਜਾਏਂਗੇ ।

# ਸ਼ਹੀਦ ਕਾਂਸ਼ੀ ਰਾਮ ਦੇ ਬੁੱਤ ਤੋਂ ਪਰਦਾ ਹਟਾਇਆ ਗਿਆ

ਰੋਪੜ—ਪਿਛਲੇ ਹਫਤੇ ਪੰਜਾਬ ਦੇ ਰਾਜਪਾਲ ਸ਼੍ਰੀ ਵੀ. ਡੀ. ਪਾਂਡੇ ਨੇ ਪਿੰਡ ਮੜੌਲੀ ਕਲਾਂ ਵਿਖੇ ਸ਼ਹੀਦ ਕਾਂਸ਼ੀ ਰਾਮ ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਅਦਾ ਕੀਤੀ । ਸ਼੍ਰੀ ਕਾਂਸ਼ੀ ਰਾਮ ਗ਼ਦਰ ਪਾਰਟੀ ਦੇ ਖਜ਼ਾਨਚੀ ਸਨ। ਪੰਡਤ ਕਾਂਸ਼ੀ ਰਾਮ ਜੀ ਨੂੰ 27 ਮਾਰਚ 1915 ਨੂੰ ਫਾਂਸੀ ਦਿੱਤੀ ਗਈ ਸੀ।

ਇਸ ਮੌਕੇ ਤੇ ਬੋਲਦਿਆਂ ਸ਼੍ਰੀ ਪਾਂਡੇ ਨੇ ਕਿਹਾ ਕਿ ਆਪਣੇ ਸ਼ਹੀਦੀਆਂ ਦੀਆਂ ਕੁਰਬਾਨੀਆਂ ਨੂੰ ਜ਼ਿੰਦਾ ਰੱਖਣ ਲਈ ਪਾਠ ਪੁਸਤਕਾਂ ਵਿਚ ਗ਼ਦਰ ਪਾਰਟੀ ਦੇ ਸ਼ਹੀਦਾਂ ਦੀਆਂ ਜੀਵਨੀਆਂ ਸ਼ਾਮਲ ਕੀਤੀਆਂ ਜਾਣਗੀਆਂ । ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣ ਲਈ ਸ਼ਹੀਦਾਂ ਦਾ ਅਹਿਮ ਯੋਗਦਾਨ ਹੈ । ਰਾਜਪਾਲ ਨੇ ਸ਼ਹੀਦ ਦੇ ਪਿੰਡ ਦੇ ਵਿਕਾਸ ਲਈ ਪੰਜਾਹ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਸ਼ਹੀਦ ਦੇ ਪਿੰਡ ਵਿਚ ਇਕ ਲਾਇਬਰੇਰੀ ਅਤੇ ਸ਼ਹੀਦੀ ਗੈਲਰੀ ਬਣਾਈ ਜਾਵੇਗੀ । ਰਾਜਪਾਲ ਨੇ ਆਪਣੇ ਅਖਤਿਆਰੀ ਫੰਡ ਵਿਚੋਂ ਸਪੋਰਟਸ ਕਲੱਬ ਨੂੰ ਪੰਜ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ । ਡਿਪਟੀ ਕਮਿਸ਼ਨਰ ਸ਼੍ਰੀ ਮਲਕੀਤ ਸਿੰਘ ਕੈਲੇ ਨੇ ਕਿਹਾ ਕਿ ਰੋਪੜ ਜ਼ਿਲੇ ਵਿਚ 27 ਮਾਰਚ ਨੂੰ ਹਰ ਸਾਲ ਛੁੱਟੀ ਹੋਇਆ ਕਰੇਗੀ । ਡਿਪਟੀ ਕਮਿਸ਼ਨਰ ਨੇ ਸਕੂਲ ਲਈ ਗਿਆਰਾਂ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ । "ਪੰਜਾਬ ਪੱਤਰਕਾ ਦੇ ਐਡੀਟਰ ਅਤੇ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਦੇ ਚੇਅਰਮੈਨ ਸ਼੍ਰੀ ਸ਼ਮਸ਼ੇਰ ਸਿੰਘ ਜੋਸ਼ ਨੇ ਰਾਜ ਪਾਲ ਨੂੰ ਜੀ ਆਇਆਂ ਆਖਿਆ ।

# ਖਾਦਾਂ ਦੀ ਵਰਤੋਂ ਵਿਚ ਪੰਜਾਬ ਦੂਜੇ ਨੰਬਰ ਤੇ

ਨਵੀਂ ਦਿੱਲੀ—ਦੇਸ਼ ਦਾ ਅੰਨ ਭੰਡਾਰ ਕਹਾਉਣ ਵਾਲਾ ਪੰਜਾਬ ਰਸਾਇਣਕ ਖਾਦਾਂ ਦੀ ਵਰਤੋਂ ਦੇ ਮਾਮਲੇ ਵਿਚ ਦੇਸ਼ ਵਿਚ ਦੂਜੇ ਨੰਬਰ ਤੇ ਹੈ ਜਦ ਕਿ ਪਹਿਲਾ ਸਥਾਨ ਕੇਂਦਰ ਸ਼ਾਸ਼ਤ ਇਲਾਕੇ ਪਾਂਡੀਚਰੀ ਨੂੰ ਪ੍ਰਾਪਤ ਹੈ।

# ਅਮਰੀਕਾ ਵਿਚੋਂ ਭਾਰਤੀ ਡਾਕਟਰ ਕੱਢ ਦਿੱਤਾ

ਨਿਊਯਾਰਕ—ਇਕ ਅਦਾਲਤ ਵਲੋਂ ਇਕ ਭਾਰਤੀ ਡਾਕਟਰ ਨੂੰ ਡਾਕਟਰ ਵਲੋਂ ਆਪਣੀ ਕਿਸੇ ਵੇਲੇ ਦੀ ਦੋਸਤ ਕੁੜੀ ਨੂੰ ਭਾੜੇ ਦੇ ਠੱਗਾਂ ਹੱਥੋਂ ਕਤਲ ਕਰਵਾਉਣ ਦੇ ਦੋਸ਼ ਵਿਚ ਅਮਰੀਕਾ ਵਿਚੋਂ ਚਲੇ ਜਾਣ ਦੇ ਹੁਕਮ ਦਿੱਤੇ ਜਾਣ ਪਿਛੋਂ ਉਕਤ ਡਾਕਟਰ ਕੈਨੇਡਾ ਲਈ ਰਵਾਨਾ ਹੋ ਗਿਆ। ਡਾ: ਵਿਪਨ ਚੰਦਰ ਦੇ ਵਕੀਲ ਨੇ ਇਕ ਪੱਤਰਕਾਰ ਨੂੰ ਦੱਸਿਆ ਕਿ ਨਿਊਯਾਰਕ ਰਹਿੰਦਾ, ਡਾਕਟਰ ਟਰਾਂਟੋ ਵਿਚ ਰਹਿ ਰਹੇ ਆਪਣੇ ਸਹੁਰਿਆਂ ਕੋਲ ਚਲਿਆ ਗਿਆ ਹੈ ।

ਪਿਛਲੇ ਮਹੀਨੇ ਉਸ ਉਤੇ ਚੌਥੇ ਦਰਜੇ ਦੀ ਮੁਜ਼ਰਮਾਨਾ ਸਾਜ਼ਸ਼ ਘੜਨ ਦਾ ਦੋਸ਼ ਲਾਇਆ ਗਿਆ ਸੀ ।

# ਦੋ ਭਾਰਤੀ ਮੁਲਾਜ਼ਮ ਗਾਇਬ

ਇਸਲਾਮਾਬਾਦ—ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਇਥੇ ਕਿਹਾ ਕਿ ਦੂਤਾਵਾਸ ਦੇ ਦੋ ਮੁਲਾਜ਼ਮ ਜਨਵਰੀ ਦੇ ਪਹਿਲੇ ਹਫਤੇ ਤੋਂ ਗੁੰਮ ਹਨ ਅਤੇ ਦੂਤਾਵਾਸ ਨੂੰ ਸ਼ੱਕ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਦੀ ਖੁਫੀਆ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ ।

ਇਹ ਦੋਵੇਂ ਮੁਲਾਜ਼ਮ ਦੋ ਜਨਵਰੀ ਨੂੰ ਇਸਲਾਮਾਬਾਦ ਵਿਚ ਆਪਣੇ ਘਰਾਂ ਤੋਂ ਬਾਹਰੋਂ ਗੁੰਮ ਹੋ ਗਏ ਸਨ ਅਤੇ ਉਨ੍ਹਾਂ ਦਾ ਅਜੇ ਤੱਕ ਕੋਈ ਥੌਹ ਟਿਕਾਣਾ ਨਹੀਂ ਮਿਲਿਆ ।


## FEDERATION OF SIKH SOCIETIES OF CANADA

Invites applications for a FULL-TIME executive director of the national office for the Federation located in OTTAWA

The director will be responsible to manage and coordinate the various activites of Federation, edit and publish the regular Newspaper of the Federation, Act as Liason between the executive of the federation and other Governmental and Non-Governmental Agencies.

**QUALIFICATION :** Proficiency in reading, writing and speaking in the English and Panjabi languages: Extensive knowledge of Sikh Religion, History and Culture: Experience in Journalism evidenced by Publication of papers and books: Competence in preparing briefs, reports and ministerial correspondence : Experience in word processing, Typing, Filing and Accountancy.

**Must have a pleasant and cooperative personality**

**SALARY : NEGOTIABLE**

Please send your application to Mr. Mohinder Singh Gosal, President, Federation of Sikh Societies of Canada, P.O.Box 91, Station B, OTTAWA, ONTARIO KIP 6C3

CLOSING DATE : February 29, 1983

## ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ਼ ਕੈਨੇਡਾ ਲਈ ਐਗਜ਼ੈਕਟਿਵ ਡਾਇਰੈਕਟਰ ਦੀ ਲੋੜ

ਉਮੀਦਵਾਰ ਫੈਡਰੇਸ਼ਨ ਦੇ ਕੰਮਾਂ ਲਈ ਤਾਲਮੇਲ, ਅਖਬਾਰ ਨੂੰ ਸੰਪਾਦਨ ਦੀ ਯੋਗਤਾ ਅਤੇ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਨਾਲ ਸੰਪਰਕ ਰੱਖਣ ਦੀ ਯੋਗਤਾ ਰੱਖਦਾ ਹੋਵੇ।

**ਯੋਗਤਾ :** ਅੰਗਰੇਜ਼ੀ ਤੇ ਪੰਜਾਬੀ ਪੜ੍ਹਨ, ਲਿਖਣ ਤੇ ਬੋਲਣ ਵਿਚ ਮੁਹਾਰਤ, ਸਿੱਖ-ਧਰਮ, ਇਤਿਹਾਸ ਅਤੇ ਸਭਿਆਚਾਰ ਬਾਰੇ ਗਿਆਨ, ਜਰਨਲਿਜ਼ਮ ਵਿਚ ਤਜਰਬਾ ਆਦਿ ।



## Member—President's Club

## ਦਰਸ਼ਨ ਗਿੱਲ—ਮੈਂਬਰ ਪ੍ਰੈਜ਼ੀਡੈਂਟ ਕਲੱਬ

PRESIDENT'S CLUB
Bronze Section
1983 - 1984

- Group Insurance
- Life Insurance
- Mortgage Insurance
- Children's educational Plans
- R R S P
- Family indexed inflation Plans

DARSHAN GILL, M.A.
Life Underwriter
Suite 501, 1155 West Pender Street
Vancouver, B.C. V6E 2P7
Bus: 685-1041 Res: 321-6360

NATIONAL LIFE OF CANADA

ਜੀਵਨ ਬੀਮਾ, ਮਾਰਗੇਜ ਬੀਮਾ, ਬੱਚਿਆਂ ਦੀ ਪੜ੍ਹਾਈ ਸਕੀਮ ਬੀਮਾ, ਰਜਿਸਟਰਡ ਰੀਟਾਇਰਡ ਸੇਵਿੰਗਜ਼ ਪਲੈਨ....ਬਾਰੇ ਪ੍ਰੋਫੈਸ਼ਨਲ ਸਲਾਹ



**Bus. 685-1041**
**Res. 321-6360**

# AMBIKA'S

## SAVINGS ARE MORE ON YOUR FOOD DOLLAR

For your **649 LOTTO CENTRE**

| | | |
|---|---|---|
| **Pea Flour** | ਪੀ ਫਲੋਰ | **1.49** 2 Kg. |
| **Rooh Afza** | ਰੂਹ ਅਫਜ਼ਾ | **3.99** each |
| **Massar** | ਮਸਰ | **29¢** lb. |
| **Pea Flour** | ਪੀ ਫਲੋਰ | **5.99** 20 lb. |
| **Milk** | ਦੁੱਧ | 4 lit. **3.39** |
| **Chicken Lgs** | ਮੁਰਗੇ ਦੀਆਂ ਲੱਤਾਂ | **1.37** lb. |
| **L.P. Records** | ਐਲ. ਪੀ. ਰੀਕਾਰਡ | **5.99** each |
| **Alsi Oil Available Now** | ਅਲਸੀ ਤੇਲ | |

***Large varieties of fresh vegetables/fruits from Fiji*** ***"SEEING IS BELIEVING"***

5125 Victoria Drive Vancouver, B.C.
**PHONE: 327-0295**

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

**ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ, ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।**

(ਲੜੀਵਾਰ)

**ਕਿਸ਼ਤ 31ਵੀਂ** — **ਕੇਸਰ ਸਿੰਘ ਨਾਵਲਿਸਟ**



## ਕਾਂਡ 51

ਸਿਆਲ ਉਤਰ ਆਇਆ ਸੀ । ਠੰਢ ਵਧ ਰਹੀ ਸੀ । ਕਾਲ ਕੋਠੜੀਆਂ ਵਿਚ ਦਿਨੇ ਵੀ ਹਨੇਰਾ ਰਹਿੰਦਾ ਸੀ। ਕੋਠੜੀ ਦੇ ਜੰਗਲੇ ਪੱਛਮ ਵੱਲ ਖੁਲ੍ਹਦੇ ਸਨ । ਕੋਠੜੀਆਂ ਅੰਦਰ ਧੁੱਪ ਆਉਣ ਦਾ ਕਦੇ ਸੁਆਲ ਹੀ ਨਹੀਂ ਪੈਂਦਾ । ਕੈਦੀਆਂ ਪਾਸ ਦੋ ਦੋ ਕਾਲੇ ਕੰਬਲ ਸਨ । ਇਕ ਹੇਠਾਂ ਵਿਛਾਉਣ ਲਈ ਤੇ ਦੂਜਾ ਉੱਤੇ ਲੈਣ ਵਾਸਤੇ। ਹਰ ਰੋਜ਼ ਅੱਧੇ ਕੁ ਘੰਟੇ ਲਈ ਸਵੇਰੇ ਕੋਠੀਆਂ ਖੋਲ੍ਹੀਆਂ ਜਾਂਦੀਆਂ। ਕੈਦੀ ਧੁੱਪੇ ਹੋ ਬਹਿੰਦੇ। ਤਕਾਲਾਂ ਵੇਲੇ ਜਦ ਉਨ੍ਹਾਂ ਨੂੰ ਕੁੱਝ ਸਮੇਂ ਲਈ ਫਿਰ ਬਾਹਰ ਕੱਢਿਆ ਜਾਂਦਾ ਤਾਂ ਉਹ ਠੁਰ ਠੁਰ ਕਰਨ ਪੈਂਦੇ।

ਇਕ ਸਵੇਰ ਨੂੰ ਜਿਹਲਰ ਨੇ ਉਨ੍ਹਾਂ ਨੂੰ ਆ ਕੇ ਦੱਸਿਆ ਕਿ ਛੇਤੀ ਹੀ ਉਨ੍ਹਾਂ ਨੂੰ ਆਪੋ ਆਪਣੇ ਸੂਬਿਆਂ ਦੀਆਂ ਜਿਹਲਾਂ ਵਿੱਚ ਭੇਜ ਦਿੱਤਾ ਜਾਏਗਾ ਭਾਈ ਸਾਹਬ ਦਾ ਮਨ ਪੰਜਾਬ ਪਹੁੰਚਣ ਲਈ ਤੜਪ ਉੱਠਿਆ। ਉਨ੍ਹਾਂ ਨੂੰ ਖਿਆਲ ਆਇਆ ਕਿ ਇਕ ਬਹੁਤ ਪਿਆਰੇ ਮਿਤਰ ਦਰਸੀ ਚੇਨਚਇਆ ਨਾਲੋਂ ਉਨ੍ਹਾਂ ਨੂੰ ਵਿਛੋੜ ਦਿੱਤਾ ਜਾਏਗਾ। ਉਹ ਸੋਚ ਰਹੇ ਸਨ ਕਿ ਪੰਜਾਬੀ ਹੋਣ ਦੇ ਨਾਤੇ ਹਰਨਾਮ ਸਿੰਘ, ਸ਼ਿਵਦਿਆਲ ਤੇ ਠਾਕਰ ਸਿੰਘ ਨੂੰ ਤਾਂ ਉਨ੍ਹਾਂ ਦੇ ਨਾਲ ਹੀ ਪੰਜਾਬ ਭੇਜਿਆ ਜਾਏਗਾ। ਅੱਗੋਂ ਆਉਣ ਵਾਲੇ ਸਮੇਂ ਬਾਰੇ ਸੋਚਾਂ ਸੋਚਣ ਲੱਗੇ।

ਜਦ ਦੇ ਉਹ ਆਪਣੇ ਪਰਵਾਰ ਦੇ ਜੀਆਂ ਨਾਲੋਂ ਵਿਛੜੇ ਸਨ ਉਨ੍ਹਾਂ ਨੂੰ ਉਨ੍ਹਾਂ ਵਲੋਂ ਜਾਂ ਉਨ੍ਹਾਂ ਬਾਰੇ ਕੋਈ ਖਬਰ ਨਹੀਂ ਸੀ ਮਿਲੀ। ਘੜੀ ਮੁੜੀ ਉਨ੍ਹਾਂ ਦਾ ਧਿਆਨ ਆਪਣੀ ਪਤਨੀ ਤੇ ਬੱਚਿਆਂ ਵੱਲ ਚਲਾ ਜਾਂਦਾ। ਉਹ ਮਨ ਦੀਆਂ ਵਾਗਾਂ ਮੋੜ ਮੋੜ ਰੱਖਦੇ। ਜਦ ਪੰਜਾਬ ਭੇਜੇ ਜਾਣ ਦੀ ਗੱਲ ਤੁਰੀ ਤਾਂ ਉਨ੍ਹਾਂ ਦੇ ਮਨ ਵਿਚ ਇਹ ਗੱਲ ਆਈ ਕਿ ਸ਼ਾਇਦ ਪੰਜਾਬ ਸਰਕਾਰ ਉਨ੍ਹਾਂ ਦੇ ਪਰਵਾਰ ਨੂੰ ਮੁਲਾਕਾਤ ਦੀ ਆਗਿਆ ਦੇ ਦੇਵੇ। ਉਹ ਖਿਆਲਾਂ ਹੀ ਖਿਆਲਾਂ ਵਿਚ ਕਰਤਾਰ ਕੌਰ ਨਾਲ ਗੱਲਾਂ ਕਰਨ ਲੱਗ ਪਏ। ਹਰਿਦਿਆਲ ਸਿੰਘ, ਊਧਮ ਕੌਰ ਤੇ ਨਿਰੰਜਨ ਕੌਰ ਨੂੰ ਗੋਦ ਵਿਚ ਬਿਠਾ ਕੇ ਉਨ੍ਹਾਂ ਨਾਲ ਲਾਡ ਪਿਆਰ ਕਰਨ ਲੱਗੇ। ਝੱਟ ਹੀ ਉਨ੍ਹਾਂ ਸਿਰ ਛੰਡ ਕੇ ਆਪਣੇ ਮਨ ਉੱਤੇ ਕਾਬੂ ਪਾਉਣ ਦਾ ਜਤਨ ਕਰਦਿਆਂ ਚੌਂਕੜੀ ਮਾਰ ਕੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ !

ਜਦ ਦਰਸੀ ਨੇ ਭਾਈ ਸਾਹਬ ਦੇ ਬਾਣੀ ਪੜ੍ਹਨ ਦੀ ਅਵਾਜ਼ ਸੁਣੀ ਤਾਂ ਉਹ ਸਮਝ ਗਿਆ ਕਿ ਦੁਪਹਿਰਾਂ ਲਾਗੇ ਬਾਣੀ ਪੜ੍ਹਨ ਦਾ ਮਤਲਬ ਇਹੋ ਹੈ ਕਿ ਭਾਈ ਸਾਹਬ ਦਾ ਮਨ ਆਪਣੇ ਪਰਵਾਰ ਵਲ ਚਲਾ ਗਿਆ ਹੋਵੇਗਾ ਤੇ ਉਹ ਮਨ ਨੂੰ ਕਾਬੂ ਵਿਚ ਰੱਖਣ ਦਾ ਅਸਫਲ ਜਤਨ ਕਰ ਰਹੇ ਹੋਣਗੇ। ਉਸ ਨੇ ਉੱਠ ਕੇ ਕੋਠੀ ਦੀਆਂ ਸੀਖਾਂ ਨੂੰ ਹੱਥ ਪਾ ਕੇ ਏਧਰ ਓਧਰ ਤਕਣ ਪਿਛੋਂ ਕਿਹਾ—"ਪਤਾ ਨਹੀਂ ਮੁੜ ਮੇਲੇ ਹੋਣਗੇ ਜਾਂ ਨਹੀਂ। ਤੁਹਾਡੇ ਨਾਲ ਰਹਿਣ ਕਰਕੇ ਮੇਰਾ ਮਨ ਵੀ ਬਹੁਤ ਪੱਕਾ ਰਿਹੈ। ਅੱਗੋਂ ਪਤਾ ਨਹੀਂ ਕਿਵੇਂ ਗੁਜ਼ਰੇਗੀ ਮੁੜ ਤੁਹਾਡੇ ਦਰਸ਼ਨ ਨਸੀਬ ਹੋਣਗੇ ਜਾਂ ਨਹੀਂ।"

ਭਾਈ ਸਾਹਬ ਬਾਣੀ ਵੀ ਪੜ੍ਹ ਰਹੇ ਸਨ। ਦਰਸੀ ਦੀ ਗੱਲ ਵੀ ਸੁਣ ਰਹੇ ਸਨ ਪਰ ਉਨ੍ਹਾਂ ਦਾ ਮਨ ਉੱਖੜ ਉੱਖੜ ਜਾਂਦਾ ਸੀ। ਹਰ ਖਿਣ ਹਰਿਦਿਆਲ ਸਿੰਘ ਉਨ੍ਹਾਂ ਦੇ ਅੱਗੇ ਆ ਖਲੋਂਦਾ ਸੀ। ਕਰਤਾਰ ਕੌਰ ਦਾ ਉਦਾਸ ਚਿਹਰਾ ਉਨ੍ਹਾਂ ਦੇ ਖਿਆਲ ਵਿਚੋਂ ਨਹੀਂ ਸੀ ਨਿਕਲਦਾ। ਉਨ੍ਹਾਂ ਨੇ ਦੋਵੇਂ ਹੱਥ ਆਪਣੇ ਨੰਗੇ ਪੱਟਾਂ ਉਤੇ ਮਾਰਦਿਆਂ ਕਿਹਾ—"ਦਰਸੀ ! ਉਹੋ ਹੋਏਗਾ ਜੋ ਕਰਤਾਰ ਨੂੰ ਭਾਵੇਗਾ। ਸਾਡੇ ਹੱਥ ਕੁਝ ਨਹੀਂ। ਅਸੀਂ ਤਾਂ ਉਸ ਦੇ ਖਿਡੌਣੇ ਹਾਂ। ਜਿਵੇਂ ਖਿਡਾਂਦੈ ਖੇਡਦੇ ਹਾਂ।"

ਏਨੇ ਨੂੰ ਚੀਫ ਵਾਰਡਰ ਨੇ ਆ ਕੇ ਹੁਕਮ ਸੁਣਾਇਆ—"ਗੱਡੀ ਅੱਠ ਵਜੇ ਚੱਲੇਗੀ। ਤੁਸੀਂ ਛੇ ਵਜੇ ਤੱਕ ਤਿਆਰ ਹੋ ਜਾਓ। ਆਪਣਾ ਸਾਮਾਨ ਸੰਭਾਲ ਲਾਓ।"

ਉਸ ਦਾ ਹੁਕਮ ਸੁਣ ਕੇ ਭਾਈ ਸਾਹਬ ਮੁਸਕਰਾ ਪਏ। ਚੀਫ ਵਾਰਡਰ ਨੇ ਮੁਸਕਰਾਉਣ ਦਾ ਮਤਲਬ ਪੁੱਛਿਆ। ਭਾਈ ਸਾਹਬ ਨੇ ਜੁਆਬ ਦਿਤਾ—"ਕੀ ਮੁਸਕਰਾਉਣਾ ਵੀ ਮਨ੍ਹਾ ਹੈ ?" ਚੀਫ ਵਾਰਡਰ ਘੂਰੀ ਪਾ ਕੇ ਭਾਈ ਸਾਹਬ ਵਲ ਤਕ ਕੇ ਪਿਠ ਦੇ ਕੇ ਮੁੜ ਪਿਆ।

ਅਜੇ ਪੰਜ ਸੱਤ ਮਿੰਟ ਹੀ ਹੋਏ ਸਨ ਕਿ ਉਹ ਫਿਰ ਮੁੜ ਕੇ ਆ ਗਿਆ। ਗੁੱਸੇ ਵਿਚ ਭਰੇ ਹੋਏ ਨੇ ਹੁਕਮ ਦਿੱਤਾ—"ਤਿਆਰ ਹੋ ਜਾਓ।" ਕੋਠੀਆਂ ਖੁਲ੍ਹੀਆਂ। ਭਾਈ ਸਾਹਬ ਤੇ ਹਰਨਾਮ ਸਿੰਘ ਨੂੰ ਇਕੱਠੀ ਹੱਥਕੜੀ ਲਾਈ ਗਈ ਉਨ੍ਹਾਂ ਨੂੰ ਉਸੇ ਵਲੇ ਜਿਹਲਰ ਦੇ ਦਫਤਰ ਵੱਲ ਤੋਰ ਲਿਆ ਗਿਆ। ਉਨ੍ਹਾਂ ਦੋਹਾਂ ਮੁੜ ਕੇ ਪਿੱਛੇ ਤੱਕਿਆ। ਉਨ੍ਹਾਂ ਦਾ ਖਿਆਲ ਸੀ ਕਿ ਸ਼ਿਵਦਿਆਲ ਤੇ ਠਾਕਰ ਸਿੰਘ ਵੀ ਉਨ੍ਹਾਂ ਪਿਛੇ ਪਿਛੇ ਆ ਰਹੇ ਹੋਣਗੇ ਪਰ ਉਨ੍ਹਾਂ ਨੂੰ ਕਿਧਰੇ ਨਾ ਦਿਸੇ। ਦਰਸੀ ਅਜੇ ਵੀ ਕੋਠੜੀ ਵਿਚ ਬੰਦ ਸੀ। ਉਨ੍ਹਾਂ ਪਿਛੇ ਮੁੜ ਕੇ ਦਰਸੀ ਵੱਲ ਹੱਥ ਹਿਲਾਏ। ਉਹ ਲੋਹੇ ਦੀਆਂ ਸੀਖਾਂ ਨੂੰ ਪੱਕੇ ਹੱਥ ਪਾ ਕੇ ਉਦਾਸ ਹੋਇਆ ਉਨ੍ਹਾਂ ਵੱਲ ਤਕ ਰਿਹਾ ਸੀ।

## ਕਾਂਡ 52

ਇਕ ਦਿਨ ਅਚਾਨਕ ਹੀ ਬੀਬੀ ਕਰਤਾਰ ਕੌਰ ਤੇ ਬੱਚਿਆਂ ਨੂੰ ਘਰ ਪਹੁੰਚਿਆਂ ਵੇਖ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਅੱਧੀ ਰਾਤ ਤੱਕ ਗੱਲਾਂ ਹੁੰਦੀਆਂ ਰਹੀਆਂ। ਬੀਬੀ ਦਾ ਖਿਆਲ ਸੀ ਕਿ ਪਿੰਡ ਪਹੁੰਚਣ ਸਾਰ ਉਸ ਨੂੰ ਭਾਈ ਸਾਹਬ ਬਾਰੇ ਪਤਾ ਲਗ ਜਾਏਗਾ। ਜਦ ਉਸ ਨੂੰ ਪਿੰਡ ਪਹੁੰਚ ਕੇ ਵੀ ਕੁਝ ਪਤਾ ਨਾ ਲੱਗਾ ਤਾਂ ਉਹ ਬਹੁਤ ਨਿਢਾਲ ਹੋ ਗਈ। ਮਨ ਦੀ ਅਵਸਥਾ ਦਾ ਅਸਰ ਸਰੀਰ ਉੱਤੇ ਏਨਾ ਪਿਆ ਕਿ ਉਹ ਉਠ ਕੇ ਬੈਠਣ ਜੋਗੀ ਵੀ ਨਾ ਰਹੀ ਅੱਛਰ ਸਿੰਘ ਦੀ ਇਕ ਲੱਤ ਪਿੰਡ ਤੇ ਦੂਜੀ ਲਾਹੌਰ ਹੁੰਦੀ। ਉਹ ਨਿੱਤ ਨਵੇਂ ਗ਼ਦਰੀਆਂ ਦੇ ਲਾਹੌਰ ਜਿਹਲ ਵਿਚ ਪਹੁੰਚਣ ਦੀਆਂ ਖਬਰਾਂ ਸੁਣਦਾ ਪਰ ਭਾਈ ਸਾਹਬ ਬਾਰੇ ਕੋਈ ਸੂਹ ਪਤਾ ਨਾ ਮਿਲਦਾ।

ਪੰਦਰਾਂ ਅਕਤੂਬਰ ਉਨੀ ਸੌ ਸੋਲਾਂ ਦਾ ਦਿਨ ਸੀ। ਅੱਛਰ ਸਿੰਘ ਕਾਲੀ ਲੋਈ ਵਿਚ ਲਪੇਟਿਆ, ਲਾਹੌਰ ਸਟੇਸ਼ਨ ਤੇ ਇਕ ਬੈਂਚ ਉੱਤੇ ਬੈਠਾ ਠੁਰ ਠੁਰ ਕਰ ਰਿਹਾ ਸੀ। ਠੱਕੇ ਦੀ ਹਵਾ ਲਗ ਰਹੀ ਸੀ। ਕੁਝ ਚਿਰ ਉਹ ਅਡੋਲ ਬੈਠਾ ਬੈਠਾ, ਸੋਚਾਂ ਵਿਚ ਪਿਆ ਰਿਹਾ। ਉਸ ਦਾ ਮਨ ਕੀਤਾ ਕਿ ਧੁੱਪੇ ਜਾ ਖਲੋਵੇ ਪਰ ਠੰਢੀ ਹਵਾ ਤੋਂ ਬਚਣ ਲਈ ਉਥੇ ਹੀ ਬੈਠਾ ਰਿਹਾ। ਉਸ ਨੇ ਜਲੰਧਰ ਮੁੜਨਾ ਸੀ। ਉਸ ਦੀ ਗੱਡੀ ਇਕ ਘੰਟਾ ਲੇਟ ਸੀ।

ਏਨੇ ਨੂੰ ਦਿੱਲੀ ਤੋਂ ਪਸ਼ੌਰ ਜਾਣ ਵਾਲੀ ਗੱਡੀ ਸਟੇਸ਼ਨ ਉਤੇ ਆ ਪਹੁੰਚੀ ਇਕ ਡੱਬੇ ਵਿਚ ਕਈ ਪੁਲਸੀਏ ਬੈਠੇ ਵੇਖ ਕੇ, ਅੱਛਰ ਸਿੰਘ ਦਾ ਧਿਆਨ ਉਸ ਪਾਸੇ ਚਲਾ ਗਿਆ। ਉਹ ਉਸੇ ਬੈਂਚ ਉੱਤੇ ਬੈਠਾ ਉਸ ਡੱਬੇ ਵੱਲ ਵੇਖਦਾ ਰਿਹਾ ਗੱਡੀ ਖੜੀ ਹੋਣ ਸਾਰ ਪੁਲਸੀਆਂ ਨੇ ਉਸ ਡੱਬੇ ਦੇ ਨੇੜੇ ਖੜੇ ਸਭ ਲੋਕਾਂ ਨੂੰ ਖਦੇੜ, ਕੈਦੀਆਂ ਨੂੰ ਇਕ ਇਕ ਕਰਕੇ ਡੱਬੇ ਵਿਚੋਂ ਬਾਹਰ ਕੱਢਣਾ ਸ਼ੁਰੂ ਕਰ ਦਿਤਾ। ਸਭ ਕੈਦੀਆਂ ਨੇ ਕਾਲੇ ਕੰਬਲ ਓਹੜੇ ਹੋਏ ਸਨ। ਪੁਲਸ ਦੇ ਹੁਕਮ ਅਨੁਸਾਰ ਸਭ ਕੈਦੀਆਂ ਨੇ ਚਿਹਰੇ ਢੱਕੇ ਹੋਏ ਸਨ ਪਰ ਭਾਈ ਸਾਹਬ ਨੇ ਹੁਕਮ-ਅਦੂਲੀ ਕਰਨ ਲਈ ਚਿਹਰਾ ਨੰਗਾ ਰੱਖਿਆ ਹੋਇਆ ਸੀ। ਅੱਛਰ ਸਿੰਘ ਨੇ ਪਹਿਲੀ ਨਜ਼ਰੇ ਹੀ ਭਾਈ ਸਾਹਬ ਨੂੰ ਪਛਾਣ ਲਿਆ। ਉਹ ਉਠ ਕੇ ਖੜਾ ਹੋ ਗਿਆ। ਉਸ ਨੇ ਵੇਖਿਆ ਕਿ ਇਕ ਹੋਰ ਸਿੱਖ ਕੈਦੀ ਵੀ ਉਨ੍ਹਾਂ ਦੇ ਨਾਲ ਉਤਰਿਆ। ਉਸ ਨੇ ਬੜਾ ਜਤਨ ਕੀਤਾ ਪਰ ਉਹ ਕਿਸੇ ਹੋਰ ਕੈਦੀ ਦੀ ਪਛਾਣ ਨਾ ਕੱਢ ਸਕਿਆ। ਉਸ ਦਾ ਮਨ ਕੀਤਾ ਕਿ ਉਹ ਉਨ੍ਹਾਂ ਦੇ ਪਿੱਛੇ ਪਿਛੇ ਤੁਰ ਕੇ ਸਟੇਸ਼ਨੋਂ ਬਾਹਰ ਨਿਕਲ ਕੇ ਵੇਖੇ। ਜਦ ਉਹ ਕੁਝ ਹੀ ਕਦਮ ਤੁਰਿਆ ਸੀ ਕਿ ਇਕ ਪੁਲਸੀਏ ਨੇ ਉਸ ਨੂੰ ਘੁਰਕੀ ਮਾਰੀ। ਉਹ ਉਥੇ ਹੀ ਰੁਕ ਗਿਆ। ਉਸ ਦਾ ਮਨ ਤਲਮਲਾ ਰਿਹਾ ਸੀ। ਉਹ ਮਜਬੂਰ ਹੋ ਕੇ ਪਲੇਟਫਾਰਮ ਉਤੇ ਟਹਿਲਣ ਲੱਗ ਪਿਆ। ਥੋੜੇ ਮਿੰਟਾਂ ਵਿਚ ਹੀ ਪੁਲਸੀਏ ਤੇ ਕੈਦੀ ਉਸ ਦੀਆਂ ਨਜ਼ਰਾਂ ਤੋਂ ਉਹਲੇ ਹੋ ਗਏ। ਉਸ ਨੂੰ ਯਕੀਨ ਹੋ ਗਿਆ ਕਿ ਭਾਈ ਸਾਹਬ ਤੇ ਉਨ੍ਹਾਂ ਦੇ ਨਾਲ ਦੇ ਕੈਦੀਆਂ ਨੂੰ ਲਾਹੌਰ ਜਿਹਲ ਵਿਚ ਲਿਜਾ ਰਹੇ ਸਨ।

ਉਹ ਆਪਣੀ ਗੱਡੀ ਲਈ ਕਾਹਲਾ ਪੈਣ ਲੱਗ ਪਿਆ। ਜਦ ਉਸ ਨੂੰ ਪਤਾ ਲੱਗਾ ਕਿ ਉਸ ਦੀ ਗੱਡੀ ਪਾਰਲੇ ਪਲੇਟਫਾਰਮ ਉੱਤੇ ਖੜ੍ਹਨੀ ਹੈ ਤਾਂ ਉਹ ਵੱਡੀਆਂ ਵੱਡੀਆਂ ਲਾਂਘਾਂ ਭਰਦਾ ਪੁਲ ਟੱਪ ਗਿਆ। ਉਹ ਉਡ ਕੇ ਪਿੰਡ ਪਹੁੰਚਣਾ ਚਾਹੁੰਦਾ ਸੀ। ਉਸ ਨੇ ਜਲੰਧਰ ਛਾਉਣੀ ਉਤਰ ਕੇ ਸਾਲਮ ਟਾਂਗਾ ਕੀਤਾ ਤੇ ਪਿੰਡ ਪਹੁੰਚ ਗਿਆ। ਭਾਈ ਸਾਹਬ ਦੇ ਲਾਹੌਰ ਪਹੁੰਚਣ ਦੀ ਖਬਰ ਜੰਗਲ ਦੀ ਅੱਗ ਵਾਂਗੂੰ ਸਾਰੇ ਇਲਾਕੇ ਵਿਚ ਫੈਲ ਗਈ।

ਬੀਬੀ ਕਰਤਾਰ ਕੌਰ ਨੇ ਭਾਈ ਸਾਹਬ ਦਾ ਪਤਾ ਕਰਨ ਲਈ ਪੰਜਾਬ ਦੇ ਲਾਟ ਨੂੰ ਚਿੱਠੀ ਭੇਜੀ ਸੀ ਪਰ ਉਤਰ ਕੋਈ ਨਹੀਂ ਸੀ ਆਇਆ। ਉਹ ਦੂਜੀ ਸਵੇਰ ਨੂੰ ਅੱਛਰ ਸਿੰਘ ਤੇ ਫਕੀਰ ਸਿੰਘ ਨੂੰ ਨਾਲ ਲੈ ਕੇ ਲਾਹੌਰ ਪਹੁੰਚ ਗਈ। ਜਿਹਲ ਅਧਿਕਾਰੀਆਂ ਭਾਈ ਸਾਹਬ ਦੇ ਲਾਹੌਰ ਜਿਹਲ ਵਿਚ ਹੋਣ ਦੀ ਤਸਦੀਕ ਤਾਂ ਕਰ ਦਿੱਤੀ ਪਰ ਮੁਲਾਕਾਤ ਕਰਾਉਣ ਤੋਂ ਨਾਂਹ ਕਰ ਦਿੱਤੀ।

ਬੀਬੀ ਤੇ ਉਸ ਦੇ ਸਾਥੀ ਸਾਰਾ ਦਿਨ ਜਿਹਲ ਦੇ ਵੱਡੇ ਗੇਟ ਅੱਗੇ ਖੜੇ ਰਹਿੰਦੇ ਤੇ ਹਨੇਰੇ ਹੋਏ ਡਿਹਰਾ ਸਾਹਿਬ ਜਾ ਟਿਕਦੇ। ਸਵੇਰੇ ਫਿਰ ਜਿਹਲ ਦੇ ਗੇਟ ਅੱਗੇ ਜਾ ਖਲੋਂਦੇ। ਖਹਿੜੇ ਪੈ ਜਾਣ ਕਰਕੇ ਪੰਜਵੇਂ ਦਿਨ ਬੀਬੀ ਨੂੰ ਪੰਜ ਮਿੰਟਾਂ ਦੀ ਮੁਲਾਕਾਤ ਦੀ ਆਗਿਆ ਮਿਲ ਗਈ ਪਰ ਅੱਛਰ ਸਿੰਘ ਤੇ ਫਕੀਰ ਸਿੰਘ ਨੂੰ ਮੁਲਾਕਾਤ ਦੀ ਆਗਿਆ ਨਾ ਮਿਲੀ।

ਜਿਹਲ ਦਾ ਦਰੋਗਾ ਨਵਾਬ ਬੇਗ ਬੜਾ ਕੁਰੱਖਤ ਤੇ ਅੱਖੜ ਬੰਦਾ ਸੀ। ਉਹ ਰਾਜਸੀ ਕੈਦੀਆਂ ਉੱਤੇ ਸਖਤੀਆਂ ਕਰ ਕੇ ਅੰਗਰੇਜ਼ ਹਾਕਮਾਂ ਨੂੰ ਖ਼ੁਸ਼ ਕਰਨ ਦਾ ਆਦੀ ਸੀ। ਦਿੱਲੀ ਨਿਵਾਸੀ ਸੀ ਪਰ ਪੰਜਾਬੀ, ਪੰਜਾਬੀਆਂ ਵਾਂਗੂੰ ਹੀ ਬੋਲ ਲੈਂਦਾ ਸੀ। ਉਸ ਨੇ ਕੁਰੱਖਤ ਅਵਾਜ਼ ਵਿਚ ਬੀਬੀ ਨੂੰ ਵਾਜ ਮਾਰ ਕੇ ਬੁਲਾਇਆ।

ਭਾਈ ਸਾਹਬ ਨੂੰ ਸੂਹ ਮਿਲ ਗਈ ਸੀ। ਉਹ ਬੀਬੀ ਤੇ ਬੱਚਿਆਂ ਨੂੰ ਮਿਲਣ ਲਈ ਕਾਹਲੇ ਪਏ ਹੋਏ ਸਨ। ਉਹ ਇਕੱਲੀ ਬੀਬੀ ਨੂੰ ਦੂਰੋਂ ਵੇਖ ਕੇ ਤੜਪ ਉੱਠੇ। ਉਨ੍ਹਾਂ ਪੁੱਛਿਆ—"ਕਰਤਾਰ ਜੀ ! ਤੁਸੀਂ ਰਾਜੀ ਖੁਸ਼ੀ ਹੋ। ਬੱਚੇ ਰਾਜ਼ੀ ਹਨ ? ਤੁਸੀਂ ਬੱਚਿਆਂ ਨੂੰ ਨਾਲ ਨਹੀਂ ਲਿਆਏ ?"

ਕਰਤਾਰ ਕੌਰ ਦੀ ਘੱਗੀ ਬੱਝੀ ਹੋਈ ਸੀ। ਉਹ ਸਾਰਾ ਜ਼ੋਰ ਲਾਉਣ ਤੇ ਵੀ ਬੋਲ ਨਾ ਸਕੀ। ਭਾਈ ਸਾਹਬ ਨੇ ਪੁੱਛਿਆ—"ਹਰਿਦਿਆਲ ਦਾ ਕੀ ਹਾਲ ਹੈ ? ਊਧਰ ਕੌਰ ਤੇ ਨਿਰੰਜਨ ਕੌਰ ਕਿਵੇਂ ਹਨ ?"

ਕਰਤਾਰ ਕੌਰ ਨੇ ਅੱਖਾਂ ਉੱਤੇ ਹੱਥ ਰਖਦਿਆਂ ਕੰਬਦੀ ਅਵਾਜ਼ ਵਿਚ ਉਤਰ ਦਿਤਾ—"ਸਭ ਠੀਕ ਹਨ ! ਤੁਸੀਂ ਆਪਣੀ ਦੱਸੋ ?"

"ਮੈਂ ਠੀਕ ਹਾਂ ! ਸਭ ਭਾਣੇ ਅੰਦਰ ਹੋ ਰਿਹਾ ਹੈ। ਕਰਤਾਰ ਸਿੰਘ ਦਾ ਕੀ ਹਾਲ ਹੈ ?"

ਕਰਤਾਰ ਕੌਰ ਫਿਸ ਪਈ—"ਬੀਰ ਜੀ ਪਿੰਡ ਛੱਡ ਕੇ ਗਏ। ਉਹਨਾਂ ਨੂੰ ਵੀ ਫਰੰਗੀਆਂ ਫੜ ਲਿਆ ਸੀ। ਪਤਾ ਨਹੀਂ ਕਿੱਥੇ ਹਨ। ਕੋਈ ਉਘ ਸੁੱਘ ਨਹੀਂ ਨਿਕਲੀ। ਬੀਰ ਅੱਛਰ ਸਿੰਘ ਤੇ ਫਕੀਰ ਸਿੰਘ ਆਏ ਹੋਏ ਹਨ ਪਰ ਮੁਲਾਕਾਤ ਨਹੀਂ ਮਿਲੀ।"

"ਸਭ ਨੂੰ ਫਤਹਿ ਗਜਾਣੀ ! ਸਭ ਨੂੰ ਕਹਿਣਾ ਕਿ ਚੜ੍ਹਦੀਆਂ ਕਲਾਂ ਵਿਚ ਰਹਿਣ। ਮੇਰੇ ਹਰਿਦਿਆਲ ਤੇ ਬੱਚੀਆਂ ਨੂੰ ਪਿਆਰ ਦੇਣਾ। ਜੇ ਹੋ ਸਕੇ ਤਾਂ ਦੂਜੀ ਮੁਲਾਕਾਤ ਵੇਲੇ ਉਨ੍ਹਾਂ ਨੂੰ ਵੀ ਨਾਲ ਲਿਔਣਾ। ਘਬਰਾਣਾ ਨਾਹ। ਜੋ ਹੋ ਰਿਹਾ ਹੈ ਭਾਣੇ ਅੰਦਰ ਹੋ ਰਿਹਾ ਹੈ। ਮਨ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣਾ।"

ਲਗਭਗ ਸੱਤ ਮਿੰਟ ਹੋ ਗਏ ਸਨ ਪਰ ਉਨ੍ਹਾਂ ਦੀ ਗੱਲ ਬਾਤ ਵਿਚ ਦਰੋਗੇ ਨੇ ਦਖਲ ਨਹੀਂ ਸੀ ਦਿੱਤਾ। ਭਾਈ ਸਾਹਬ ਤੇ ਬੀਬੀ ਇਕ ਦੂਜੇ ਦੀ ਛੋਹ ਪ੍ਰਾਪਤ ਕਰਨੀ ਚਾਹੁੰਦੇ ਸਨ ਪਰ ਉਨ੍ਹਾਂ ਦੇ ਵਿਚਾਲੇ ਤਿੰਨ ਚਾਰ ਫੁੱਟਾਂ ਦਾ ਫਾਸਲਾ ਸੀ। ਦਰੋਗੇ ਨੇ ਕਿਹਾ—"ਵਕਤ ਖਤਮ।"

ਬੀਬੀ ਫਿਰ ਫਿਸ ਪਈ। ਉਸ ਨੂੰ ਜਾਪਿਆ ਜਿਵੇਂ ਉਸ ਦੇ ਪੈਰਾਂ ਵਿਚ ਬੇੜੀਆਂ ਪੈ ਗਈਆਂ ਹੋਣ। ਉਹ ਬਾਹਰ ਨਿਕਲ ਰਹੀ ਸੀ। ਭਾਈ ਸਾਹਬ ਟਿਕਟਿਕੀ ਲਾ ਕੇ ਉਸ ਵੱਲ ਵੇਖਦੇ ਰਹੇ। ਫਾਟਕ ਬੰਦ ਹੋ ਗਿਆ।

(ਚਲਦਾ)

# ਲਾਤੀਨੀ ਅਮਰੀਕਾ ਭਾਰੀ ਕਰਜ਼ੇ ਹੇਠ

ਲੀਮਾ, (ਤਾਨਜੁਗ ਪੂਲ)—ਲਾਤੀਨੀ ਅਮਰੀਕੀ ਦੇਸ਼ਾਂ ਉਤੇ ਏਨਾ ਕਰਜ਼ਾ ਹੈ ਕਿ ਉਸ ਨੂੰ ਲਾਹੁਣ ਲਈ ਹਰੇਕ ਮੁਲਾਜ਼ਮ ਨੂੰ ਇਕ ਸਾਲ ਬਿਨਾ ਤਨਖਾਹ ਦੇ ਕੰਮ ਕਰਨਾ ਪਏਗਾ.

ਲਾਤੀਨੀ ਅਮਰੀਕਾ ਦੇ ਆਰਥਕ ਸਿਸਟਮ (ਸੇਲਾ) ਦੇ ਜਨਰਲ ਸਕੱਤਰ ਸੇਬਾਸਟੀਅਨ ਐਲੇਗਰੇਟ ਮੁਤਾਬਕ 340 ਅਰਬ ਡਾਲਰ ਦੇ ਥਲੇ ਲੱਗਿਆ ਹੋਇਆ ਮਹਾਂਦੀਪ ਕਰਜਾ ਮੋੜਨ ਦੀ ਸਥਿਤੀ ਵਿਚ ਨਹੀਂ.

ਉਹਨਾਂ ਇਹ ਗਲ ਪਹਿਲੀ ਲਾਤੀਨੀ ਅਮਰੀਕੀ ਆਰਥਕ ਕਾਨਫਰੰਸ, ਜਿਹੜੀ ਕੁਈਟੋ (ਇਕੂਏਡੋਰ) ਵਿਚ ਸ਼ੁਰੂ ਹੋ ਰਹੀ ਹੈ, ਦੇ ਮੌਕੇ ਕਹੀ. ਇਸ ਕਾਨ-ਫਰੰਸ ਵਿਚ 33 ਲਾਤੀਨੀ ਅਮਰੀਕੀ ਤੇ ਕੈਰੇਬੀਅਨ ਦੇਸ਼ ।" ਹਿਸਾ ਲੈ ਰਹੇ ਹਨ.

# ਪਾਕਿ 'ਚ ਆਰਥਕ ਔਕੜਾਂ ਦੇ ਹੱਲ ਲਈ ਮਾਰਸ਼ਲ ਲਾਅ ਦੇ ਖਾਤਮੇ ਦੀ ਮੰਗ

ਲਾਹੌਰ, (ਰਾਇਟਰ)—ਪਾਕਿਸਤਾਨ ਵਿਚ "ਜਮਹੂਰੀਅਤ ਦੀ ਬਹਾਲੀ ਲਈ ਲਹਿਰ" (ਐਮ.ਆਰ.ਡੀ.) ਦੇ ਐਕਟਿੰਗ ਸਕਤਰ ਜਨਰਲ ਮਲਿਕ ਮੁਹੰਮਦ ਕਾਸਿਮ ਨੇ ਦੇਸ਼ ਨੂੰ ਆਰਥਕ ਸਮਸਿਆਵਾਂ ਤੋਂ ਨਿਜਾਤ ਦਿਵਾਉਣ ਲਈ ਮਾਰਸ਼ਲ ਲਾਅ ਦੇ ਖਾਤਮੇ ਦੀ ਮੰਗ ਕੀਤੀ ਹੈ.

ਇਥੇ ਇਕ ਰਾਜਨੀਤਕ ਮੀਟਿੰਗ ਵਿਚ ਬੋਲਦਿਆਂ ਉਹਨਾਂ ਕਿਹਾ ਕਿ ਦੇਸ਼ ਵਿਚ ਉਚੀਆਂ ਕੀਮਤਾਂ ਅਤੇ ਹੋਰ ਆਰਥਕ ਮੁਸ਼ਕਲਾਂ ਲਈ ਜਨਰਲ ਜ਼ਿਆ ਉਲ ਹੱਕ ਦੀ ਸਾਢੇ ਛੇ ਸਾਲ ਪੁਰਾਣੀ ਹਕੂਮਤ ਜ਼ਿੰਮੇਵਾਰ ਹੈ.


## 'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ--------------------------------
--------------------------------------
--------------------------------------
--------------------------------------
ਨਵਾਂ ਪਤਾ ਸਟਰੀਟ/ਐਵੇਨਿਊ-----------------
ਟਾਊਨ-----------------------------------
ਸਟੇਟ-----------------------------------
ਪੋਸਟਲ ਕੋਡ------------------------------
ਫੋਨ ਨੰਬਰ-------------------------------

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone 321-6360

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress :

Name.................................................
Address..............................................
City.................................................
Province.............................................
Postal code..........................................
PHONE.

One Year .............................20 dollars
Two Year .............................35 dollars
Three year ...........................50 dollars
Life membership.......................200 dollars
ASIA..................................80 dollars(a year)
U.S.A. ...............................25 dollars(a year)
Europe ...............................80 dollars(a year)
Africa ...............................80 dollars(a year)

# ਖੇਡ ਦਰਪਣ

## ਟੁੱਟਿਆ ਇਕ ਤਾਰਾ ਹੋਰ

— ਸਰਵਣ ਸਿੰਘ —



ਮਹਿਕਦੇ ਪਲ : ਸੁਰਜੀਤ ਤੇ ਚੰਚਲ

ਖੇਡ ਜਗਤ 'ਤੇ ਇਹ ਕੇਹੇ ਚੰਦਰੇ ਦਿਨ ਆਏ ਹਨ। ਪਹਿਲਾਂ ਪ੍ਰਿਥੀਪਾਲ ਸਿੰਘ ਅਣਿਆਈ ਮੌਤ ਤੁਰ ਗਿਆ ਤੇ ਹੁਣ ਸੁਰਜੀਤ ਸਿੰਘ। ਦੋਵੇਂ ਹਾਕੀ ਦੀ ਖੇਡ ਦੇ ਲਾਸਾਨੀ ਫੁੱਲਬੈਕ ਖਿਡਾਰੀ ਸਨ। ਸੱਠਵਿਆਂ ਵਿਚ ਪ੍ਰਿਥੀਪਾਲ ਸਿੰਘ ਪੈਨਲਟੀ ਕਾਰਨਰ ਲਾਉਣ ਦਾ ਬਾਦਸ਼ਾਹ ਸੀ ਤੇ ਸੱਤਰਵਿਆਂ ਵਿਚ ਸੁਰਜੀਤ ਸਿੰਘ। ਦੋਵਾਂ ਨੂੰ ਦੁਨੀਆਂ ਦੇ ਬਿਹਤਰੀਨ ਫੁੱਲਬੈਕ ਖਿਡਾਰੀ ਤੇ ਪੈਨਲਟੀ ਕਾਰਨਰ ਦੇ ਮਾਹਿਰ ਮੰਨਿਆ ਗਿਆ ਸੀ। ਦੋਵੇਂ ਖੇਡਦੇ ਬੜੇ ਠਰ੍ਹੰਮੇ ਨਾਲ ਸਨ ਪਰ ਉੱਚੀ-ਨੀਵੀਂ ਗੱਲ ਦੋਹਾਂ ਤੋਂ ਹੀ ਬਰਦਾਸ਼ਤ ਨਹੀਂ ਸੀ ਹੁੰਦੀ। ਇਹੋ ਕਾਰਨ ਹੈ ਕਿ ਦੋਹਾਂ ਦੀ ਆਪੋ ਆਪਣੇ ਸਮੇਂ ਦੇ ਖੇਡ ਅਧਿਕਾਰੀਆਂ ਨਾਲ ਟੱਕਰ ਹੋਈ ਤੇ ਦੋਹਾਂ ਨੂੰ ਹੀ ਟੀਮਾਂ 'ਚੋਂ ਬਾਹਰ ਰੱਖ ਕੇ ਮੁੜ ਟੀਮਾਂ ਵਿਚ ਪਾਉਣ ਲਈ ਮਜਬੂਰ ਹੋਣਾ ਪਿਆ। ਇਹ ਕੇਹਾ ਮੰਦਭਾਗਾ ਸਬੱਬ ਹੈ ਕਿ ਦੋਵੇਂ ਹੀ ਪੂਰੀ ਉਮਰ ਤੋਂ ਪਹਿਲਾਂ ਇਸ ਵਸਦੇ ਰਸਦੇ ਜਹਾਨ ਤੋਂ ਰੁਖਸਤ ਹੋ ਗਏ।

ਦਿੱਲੀ ਦੀਆਂ ਏਸ਼ਿਆਈ ਖੇਡਾਂ ਸਮੇਂ ਪ੍ਰਿਥੀਪਾਲ ਸਿੰਘ ਦੇ ਬਾਰੇ ਪਾਕਿਸਤਾਨੀ ਹਾਕੀ ਖਿਡਾਰੀ ਗੁਲਾਮ ਰਸੂਲ ਨੇ 'ਪ੍ਰਿਥੀਪਾਲ ਸਿੰਘ ਬੈਨੀਫਿਟ ਮੈਚ' ਦੀ ਗੱਲ ਤੋਰੀ ਸੀ ਪਰ ਉਹ ਸਿਰੇ ਨਹੀਂ ਸੀ ਚੜ੍ਹੀ। ਤੇ ਸੁਰਜੀਤ ਸਿੰਘ ਦੇ ਬਾਰੇ ਪਾਕਿਸਤਾਨੀ ਟੀਮ ਦੇ ਸਾਬਕਾ ਕਪਤਾਨ ਇਸਲਾਹੁਦੀਨ ਨੇ 'ਸੁਰਜੀਤ ਸਿੰਘ ਬੈਨੀਫਿਟ ਮੈਚ' ਦੀ ਗੱਲ ਸਿਰੇ ਚੜ੍ਹਵਾ ਦਿਤੀ ਸੀ। ਇਹ ਮੈਚ ਪਹਿਲਾਂ ਚਾਰ ਜਨਵਰੀ ਨੂੰ ਹੋਣਾ ਨੀਯਤ ਹੋਇਆ ਸੀ ਪਰ ਪਾਕਿਸਤਾਨੀ ਖਿਡਾਰੀਆਂ ਦੀ ਸਹੂਲਤ ਨੂੰ ਮੁਖ ਰੱਖਦਿਆਂ ਇਕ ਫਰਵਰੀ ਉਤੇ ਪਾਇਆ ਗਿਆ। ਕਿਸੇ ਭਾਰਤੀ ਹਾਕੀ ਖਿਡਾਰੀ ਦੀ ਆਰਥਿਕ ਸਹਾਇਤਾ ਲਈ ਇਹ ਪਹਿਲਾ ਮੈਚ ਹੈ ਜਿਹੜਾ ਸੰਬੰਧਤ ਖਿਡਾਰੀ ਲਈ ਵੇਖ ਸਕਣਾ ਨਸੀਬਾਂ ਵਿਚ ਨਾ ਰਿਹਾ।

ਇਸੇ ਮੈਚ ਦੇ ਸਬੰਧ ਵਿਚ ਸੁਰਜੀਤ ਸਿੰਘ ਅੰਮ੍ਰਿਤਸਰ ਤੋਂ ਜਲੰਧਰ ਪਰਤ ਰਿਹਾ ਸੀ ਕਿ ਉਨ੍ਹਾਂ ਦੀ ਕਾਰ ਟਾਈਰਾਡ ਖੁੱਲ੍ਹ ਜਾਣ ਕਰਕੇ ਦਰਖਤ ਵਿਚ ਵੱਜ ਕੇ ਉਲਟ ਗਈ ਤੇ ਉਹ ਆਪਣੇ ਇਕ ਸਾਥੀ ਪ੍ਰਿਤਮ ਪਾਂਦੇ ਸਮੇਤ ਸਦਾ ਲਈ ਸਾਥੋਂ ਵਿਛੜ ਗਿਆ। ਸੱਚੀ ਗੱਲ ਹੈ ਮੌਤ ਅੱਗੇ ਕਿਸੇ ਦਾ ਜ਼ੋਰ ਨਹੀਂ। ਤੁਰਨ ਵਾਲੇ ਤਾਂ ਤੁਰ ਜਾਂਦੇ ਹਨ ਪਰ ਮੌਤ ਦੇ ਸੱਲ ਪਿਛੇ ਜਿਉਂਦਿਆਂ ਨੂੰ ਸਹਿਣੇ ਪੈਂਦੇ ਹਨ। ਇਸ ਸਥਿਤੀ ਵਿਚ ਤੁਰ ਗਏ ਦੀਆਂ ਗੱਲਾਂ ਕਰਕੇ ਗ਼ਮ ਹੌਲਾ ਕਰਨ ਬਿਨਾਂ ਹੋਰ ਕੋਈ ਚਾਰਾ ਵੀ ਤਾਂ ਨਹੀਂ।

ਬਾਰਾਂ ਤੇਰਾਂ ਸਾਲ ਹੋਏ ਮੈਂ ਸੁਰਜੀਤ ਸਿੰਘ ਨੂੰ ਪਹਿਲੀ ਵਾਰ ਪਟਿਆਲੇ ਐਨ. ਆਈ. ਐਸ. ਵਿਚ ਵੇਖਿਆ ਸੀ। ਨਿੱਗਰ ਜੁੱਸਾ, ਮੇਖਲਾ ਰੰਗ ਤੇ ਨੱਕ ਰਤਾ ਵੱਡਾ। ਉਹ ਹੌਲੀ ਹੌਲੀ ਸੰਗਦਾ ਜਿਹਾ ਗੱਲਾਂ ਕਰਦਾ ਸੀ। ਉਦੋਂ ਉਹ ਭਾਰਤੀ ਯੂਨੀਵਰਸਿਟੀਆਂ ਦੀ ਸਾਂਝੀ ਟੀਮ ਦਾ ਮੈਂਬਰ ਬਣ ਕੇ ਆਸਟਰੇਲੀਆ ਦੇ ਦੌਰੇ 'ਤੇ ਜਾਣ ਵਾਲਾ ਸੀ। ਫਿਰ ਮੈਂ ਉਹਨੂੰ ਇਕੱਲਿਆਂ ਕੋਚ ਬਾਲ ਕਿਸ਼ਨ ਸਿੰਘ ਕੋਲੋਂ ਪੈਨਲਟੀ ਕਾਰਨਰ ਦੀ ਸਿਖਿਆ ਲੈਂਦੇ ਵੇਖਿਆ। ਉਹ ਗੰਭੀਰ ਸੀ ਤੇ ਉਹਦੇ ਵਿਚ ਲਗਨ ਸੀ। ਲਗਨ ਤੇ ਮਿਹਨਤ ਸਦਕਾ ਹੀ ਉਹ ਹਾਕੀ ਦਾ ਮਹਾਨ ਖਿਡਾਰੀ ਬਣਿਆ।

ਸੁਰਜੀਤ ਸਿੰਘ ਦਾ ਜਨਮ ਪਿੰਡ ਦਾਖਲਾ, ਜ਼ਿਲਾ ਗੁਰਦਾਸਪੁਰ 'ਚ 8 ਅਕਤੂਬਰ 1951 ਨੂੰ ਹੋਇਆ ਸੀ। ਪਹਿਲਾਂ ਉਹ ਖਾਲਸਾ ਸਕੂਲ ਬਟਾਲਾ ਵਿਚ ਪੜ੍ਹਿਆ ਤੇ ਪਿੱਛੋਂ ਸਪੋਰਟਸ ਕਾਲਜ ਜਲੰਧਰ ਦਾਖਲ ਹੋ ਗਿਆ। 1967 ਵਿਚ ਉਹਨੇ ਸਕੂਲਾਂ ਦੀਆਂ ਨੈਸ਼ਨਲ ਖੇਡਾਂ ਵਿਚ ਪੰਜਾਬ ਵਲੋਂ ਹਿੱਸਾ ਲਿਆ ਤੇ 1968 ਵਿਚ ਉਹ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦਾ ਮੈਂਬਰ ਬਣਿਆ। ਅਗਲੇ ਸਾਲ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਖੇਡਿਆ ਤੇ 1971 ਵਿਚ ਉਹਨੇ ਕੰਬਾਈਂਡ ਯੂਨੀਵਰਸਿਟੀਜ਼ ਦੀ ਟੀਮ ਦਾ ਮੈਂਬਰ ਬਣ ਕੇ ਆਸਟਰੇਲੀਆ ਦਾ ਦੌਰਾ ਕੀਤਾ।

ਹਾਕੀ ਦੇ ਸਿਰ 'ਤੇ ਉਹਨੂੰ ਭਾਰਤੀ ਰੇਲਵੇ ਦੀ ਨੌਕਰੀ ਮਿਲ ਗਈ ਤੇ ਉਹ ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਸੈਂਟਰਲ ਰੇਲਵੇ 'ਚ ਕਮਰਸ਼ਲ ਇੰਸਪੈਕਟਰ ਲੱਗ ਗਿਆ। ਬਾਈ ਸਾਲ ਦੀ ਉਮਰ ਵਿਚ ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਬਣ ਕੇ ਦੂਜਾ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਖੇਡਣ ਗਿਆ। ਐਮਸਟਰਡਮ ਵਿਚ ਫਾਈਨਲ ਮੈਚ ਸਥਾਨਕ ਟੀਮ ਹਾਲੈਂਡ ਤੇ ਭਾਰਤ ਵਿਚਕਾਰ ਹੋਇਆ। ਪਹਿਲੇ ਪੰਜ-ਛੇ ਮਿੰਟਾਂ ਵਿਚ ਹੀ ਸੁਰਜੀਤ ਸਿੰਘ ਨੇ ਪੈਨਲਟੀ ਕਾਰਨਰ ਤੋਂ ਉੱਤੋੜ੍ਹਤੀ ਦੋ ਗੋਲ ਦਾਗ਼ ਦਿਤੇ। ਪਿੱਛੇ ਦੇਸ਼ ਵਿਚ ਕੁਮੈਂਟਰੀ ਸੁਣਦੇ ਹਾਕੀ ਪ੍ਰੇਮੀਆਂ ਦਾ ਸੇਰ-ਸੇਰ ਲਹੂ ਵਧ ਗਿਆ। ਇਸ ਪ੍ਰਾਪਤੀ ਨੇ ਸੁਰਜੀਤ ਸਿੰਘ ਦਾ ਨਾਂ ਕੁਲ ਦੁਨੀਆਂ ਵਿਚ ਧੁਮਾ ਦਿਤਾ ਪਰ ਬਦਕਿਸਮਤੀ ਭਾਰਤ ਦੀ ਕਿ ਸੁਰਜੀਤ ਸਿੰਘ ਦੇ ਸ਼ਾਨਦਾਰ ਗੋਲਾਂ ਦੇ ਬਾਵਜੂਦ ਭਾਰਤੀ ਟੀਮ ਉਸ ਸਾਲ ਵਿਸ਼ਵ ਕੱਪ ਜਿੱਤ ਨਾ ਸਕੀ।

1974 ਵਿਚ ਤਹਿਰਾਨ ਦੀਆਂ ਏਸ਼ਿਆਈ ਖੇਡਾਂ ਸਮੇਂ ਉਹ ਫਿਰ ਭਾਰਤ ਵਲੋਂ ਖੇਡਿਆ। ਉਥੇ ਉਹ ਯੋਰਪ ਵਿਰੁਧ ਖੇਡਣ ਲਈ ਏਸ਼ੀਅਨ ਆਲ ਸਟਾਰ ਟੀਮ ਵਿਚ ਵੀ ਚੁਣਿਆ ਗਿਆ। ਏਸ਼ੀਆ ਦੀ ਟੀਮ ਦਾ ਮੈਂਬਰ ਬਣ ਕੇ ਉਹਨੇ ਪਾਕਿਸਤਾਨ ਤੇ ਭਾਰਤ ਵਿਚ ਕਈ ਮੈਚ ਖੇਡੇ। 1975 ਵਿਚ ਉਹ ਕੁਆਲਾਲੰਪੁਰ ਦਾ ਵਿਸ਼ਵ ਹਾਕੀ ਕੱਪ ਖੇਡਿਆ ਤੇ ਭਾਰਤੀ ਟੀਮ ਨੂੰ ਜਿੱਤ ਨਸੀਬ ਹੋਈ। 1976 ਦੀਆਂ ਓਲੰਪਿਕ ਖੇਡਾਂ ਲਈ ਪਟਿਆਲੇ ਕੈਂਪ ਲੱਗਾ ਤਾਂ ਮੈਂ ਖਿਡਾਰੀਆਂ ਨੂੰ ਮਿਲਣ ਗਿਆ। ਸੁਰਜੀਤ ਸਿੰਘ ਗਿੱਟਾ ਬੰਨ੍ਹੀ ਹਾਕੀ ਦੀ ਤਕੜੀ ਖਿਡਾਰਨ ਚੰਚਲ ਕੋਹਲੀ ਕੋਲ ਬੈਠਾ ਸੀ। ਬਾਅਦ ਵਿਚ ਉਨ੍ਹਾਂ ਦਾ ਵਿਆਹ ਹੋ ਗਿਆ। ਉਥੇ ਮੈਂ ਉਹਨੂੰ ਪੈਨਲਟੀ ਕਾਰਨਰ ਲਾਉਂਦਿਆਂ ਨੀਝ ਨਾਲ ਵੇਖਿਆ। ਅਜੀਤਪਾਲ ਸਿੰਘ ਗੇਂਦ ਰੋਕਦਾ ਸੀ ਤੇ ਉਹ ਇਕ ਕਦਮ ਦਾ ਪੈਂਤਰਾ ਲੈ ਕੇ ਟੱਲਾ ਮਾਰਦਾ ਸੀ। ਉਹਦੀ ਗੇਂਦ ਆਮ ਕਰਕੇ ਗੋਲ ਦੇ ਖੂੰਜੇ ਨੂੰ ਜਾਂਦੀ ਸੀ। ਗੱਲਾਂ-ਬਾਤਾਂ ਹੋਈਆਂ ਤਾਂ ਉਸ ਨੇ ਦੱਸਿਆ, "ਇਹ ਤਾਂ ਮੇਰੀ ਗੁੱਡ ਲੱਕ ਸੀ ਕਿ ਮੈਂ ਐਮਸਟਰਡਮ ਵਰਲਡ ਕੱਪ ਠੀਕ ਖੇਡ ਗਿਆ। ਵਰਨਾ ਬਾਹਰ ਖੇਡਣ ਲਈ ਤਜਰਬੇ ਦੀ ਬੜੀ ਲੋੜ ਹੁੰਦੀ ਆ। ਤਹਿਰਾਨ ਦੀਆਂ ਏਸ਼ੀਅਨ ਗੇਮਜ਼ ਵਿਚ ਮੈਂ ਟਾਪ ਸਕੋਰਰ ਸਾਂ। ਸੀਲੋਨ ਵਿਰੁਧ ਮੈਂ ਹੈਟ ਟ੍ਰਿਕ ਮਾਰਿਆ ਸੀ। 1975 'ਚ ਨਿਊਜ਼ੀਲੈਂਡ ਦਾ ਟੂਰ ਕਰਦਿਆਂ ਮੈਂ ਸਤਾਰਾਂ ਗੋਲ ਕੀਤੇ। ਵਧੀਆ ਖਿਡਾਰੀ ਬਣਨ ਲਈ ਮਿਹਨਤ ਦੀ ਬੜੀ ਲੋੜ ਆ। ਮਿਹਨਤ ਕਰਨ ਵਾਲੇ ਨੂੰ ਚਾਨਸ ਜ਼ਰੂਰ ਮਿਲਦਾ। ਇਹ ਵੱਖਰੀ ਗੱਲ ਐ ਕਿ ਉਹ ਮਿਲੇ ਜਾਂ ਨਾ।"

ਸੁਰਜੀਤ ਸਿੰਘ ਅਣਖ ਵਾਲਾ ਖਿਡਾਰੀ ਸੀ। ਇਹੋ ਕਾਰਨ ਹੈ ਕਿ ਬਿਊਨਸ ਏਅਰਜ਼ ਵਿਸ਼ਵ ਕੱਪ ਦੀ ਤਿਆਰੀ ਸਮੇਂ ਉਹ ਬਲਦੇਵ ਸਿੰਘ ਤੇ ਵਰਿੰਦਰ ਸਿੰਘ ਸਮੇਤ ਪਟਿਆਲਾ ਕੈਂਪ 'ਚੋਂ ਬੋਰੀਆਂ-ਬਿਸਤਰਾ ਚੁੱਕ ਲਿਆਇਆ ਸੀ। ਉਨ੍ਹੀਂ ਦਿਨੀਂ ਇਸ ਖੇਡ-ਧਮਾਕੇ ਦੀਆਂ ਬਥੇਰੀਆਂ ਵੱਡੀਆਂ ਖਬਰਾਂ ਲੱਗੀਆਂ ਸਨ ਤੇ ਗੱਲ ਕੇਂਦਰੀ ਵਜ਼ੀਰਾਂ ਤਕ ਚਲੀ ਗਈ ਸੀ। ਇਕ ਚੋਣਕਾਰ ਦੇ ਸਰਦਾਰਾਂ ਬਾਰੇ ਕਹੇ ਲਫ਼ਜ਼ ਸੁਰਜੀਤ ਸਿੰਘ ਹੋਰਾਂ ਨੇ ਨਹੀਂ ਸੀ ਸਹਾਰੇ ਤੇ ਉਹ ਰੋਸ ਵਜੋਂ ਕੈਂਪ ਵਿਚੋਂ ਵਾਕਆਊਟ ਕਰ ਗਏ ਸਨ। ਸਿੱਟੇ ਵਜੋਂ ਅਧਿਕਾਰੀਆਂ ਨੇ ਸੁਰਜੀਤ ਸਿੰਘ ਨੂੰ ਟੀਮ ਤੋਂ ਬਾਹਰ ਰੱਖਿਆ ਤੇ ਭਾਰਤੀ ਟੀਮ ਬਿਊਨਸ ਏਅਰਜ਼ ਵਿਚ ਬੁਰੀ ਤਰ੍ਹਾਂ ਹਾਰੀ।

'ਜਬੈ ਬਾਣ ਲਾਗੋ ਤਬੈ ਰੋਸ ਜਾਗੋ' ਦੇ ਕਥਨ ਅਨੁਸਾਰ ਸੁਰਜੀਤ ਸਿੰਘ ਨੇ ਹਾਕੀ ਅਧਿਕਾਰੀਆਂ ਦਾ ਵਾਰ ਦਿਲ ਗੁਰਦੇ ਨਾਲ ਝੱਲਦਿਆਂ ਹਾਕੀ ਦੀ ਖੇਡ ਨੂੰ ਹੋਰ ਸ਼ਿੱਦਤ ਨਾਲ ਅਪਣਾਇਆ। ਉਹਨੇ ਆਮ ਖਿਡਾਰੀਆਂ ਵਾਂਗ ਦਿਲ ਛੱਡਣ ਦੀ ਥਾਂ ਸਗੋਂ ਹੋਰ ਦਿਲ ਜਾਨ ਨਾਲ ਆਪਣੀ ਖੇਡ ਖੇਡੀ ਤੇ ਭਾਰਤ ਦੇ ਹਾਕੀ ਅਧਿਕਾਰੀਆਂ ਨੂੰ 1978 ਦੀਆਂ ਬੈਂਕਾਕ ਵਿਚਲੀਆਂ ਏਸ਼ਿਆਈ ਖੇਡਾਂ ਲਈ ਉਹਨੂੰ ਮੁੜ ਟੀਮ ਵਿਚ ਪਾਉਣ ਲਈ ਮਜਬੂਰ ਹੋਣਾ ਪਿਆ। ਫਾਈਨਲ ਮੈਚ ਸਮੇਂ ਸੁਰਜੀਤ ਸਿੰਘ ਨੇ ਪਾਕਿਸਤਾਨ ਵਿਰੁਧ ਏਨੀ ਵਧੀਆ ਖੇਡ ਵਿਖਾਈ ਕਿ ਇਕ ਵਾਰ ਕੁਮੈਂਟਰੀ ਕਰਨ ਵਾਲੇ ਨੂੰ ਕਹਿਣਾ ਪਿਆ, 'ਸਰਜੀਤ ਸਿੰਘ ਇਕੱਲਾ ਹੀ ਸਾਰੇ ਪਾਕਿਸਤਾਨ ਨੂੰ ਡੱਕੀ ਖਲੋਤਾ ਹੈ।'

ਬੈਂਕਾਕ ਖੇਡਣ ਪਿੱਛੋਂ ਉਹ ਆਸਟਰੇਲੀਆ ਵਿਚ ਪਰਥ ਦਾ ਇਕ ਹੋਰ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡਣ ਗਿਆ। ਉਥੇ ਵੀ ਉਹਨੇ ਸ਼ਾਨਦਾਰ ਖੇਡ ਖੇਡੀ। ਉਸ ਪਿੱਛੋਂ ਉਹਨੂੰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾ ਦਿਤਾ ਗਿਆ। ਉਹਦੀ ਕਪਤਾਨੀ ਵਿਚ ਭਾਰਤੀ ਟੀਮ ਨੇ ਰੂਸੀ ਟੀਮ ਵਿਰੁਧ ਟੈਸਟ ਮੈਚ ਖੇਡੇ। ਫਿਰ ਉਸ ਦੀ ਅਗਵਾਈ ਵਿਚ ਹੀ ਭਾਰਤੀ ਟੀਮ ਮਾਸਕੋ ਦਾ ਪ੍ਰੀ-ਓਲੰਪਿਕ ਹਾਕੀ ਟੂਰਨਾਮੈਂਟ ਖੇਡਣ ਗਈ। 1980 ਦੇ ਆਰੰਭ 'ਚ ਸੁਰਜੀਤ ਸਿੰਘ ਨੂੰ ਫਿਰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸ ਟੀਮ ਨੇ ਪਾਕਿਸਤਾਨ ਵਿਰੁਧ ਚੈਂਪੀਅਨਜ਼ ਕੱਪ ਟੂਰਨਾਮੈਂਟ ਖੇਡਿਆ। ਮਾਸਕੋ ਦੀਆਂ ਓਲੰਪਿਕ ਖੇਡਾਂ ਸਮੇਂ ਫਿਰ 'ਗੜਬੜ' ਹੋ ਗਈ ਤੇ ਸੁਰਜੀਤ ਸਿੰਘ ਨੂੰ ਟੀਮ ਵਿਚ ਨਾ ਪਾਇਆ ਗਿਆ।

1981 ਵਿਚ ਬੰਬਈ ਦਾ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਖੇਡਣ ਲਈ ਸੁਰਜੀਤ ਸਿੰਘ ਨੂੰ ਮੁੜ ਭਾਰਤੀ ਟੀਮ ਦਾ ਕਪਤਾਨ ਬਣਾਉਣਾ ਪਿਆ। ਤਦ ਤਕ ਉਹ ਭਾਰਤੀ ਰੇਲਵੇ ਤੇ ਇੰਡੀਅਨ ਏਅਰ ਲਾਈਨਜ਼ ਦੀ ਨੌਕਰੀ ਕਰਦਾ ਕਰਦਾ ਪੰਜਾਬ ਪੁਲੀਸ ਵਿਚ ਇੰਸਪੈਕਟਰ ਆ ਲੱਗਾ ਸੀ। ਮੈਂ ਜਲੰਧਰ ਕੈਂਪ ਵਿਚ ਗਿਆ ਤਾਂ ਵੇਖਿਆ ਸਾਰੇ ਖਿਡਾਰੀ ਉਹਨੂੰ 'ਭਾਅ ਜੀ' 'ਭਾਅ ਜੀ' ਕਹਿ ਕੇ ਆਦਰ ਦੇ ਰਹੇ ਸਨ। ਇਕੋ ਪਿਆਲੇ ਵਿਚੋਂ ਸੁਰਜੀਤ, ਟਾਜਿੰਦਰ, ਸੋਢੀ ਤੇ ਗੁਰਮੇਲ ਚਾਹ ਦੀਆਂ ਸਾਂਝੀਆਂ ਘੁੱਟਾਂ ਭਰ ਰਹੇ ਸਨ। ਉਹ ਬੰਬਈ ਬੜੀਆਂ ਆਸਾਂ ਉਮੀਦਾਂ ਨਾਲ ਗਏ। ਇਕ ਦਿਨ ਆਸਟਰੇਲੀਆ, ਹਾਲੈਂਡ, ਪਾਕਿਸਤਾਨ ਤੇ ਭਾਰਤ ਦੇ ਚਾਰੇ ਕਪਤਾਨ ਜੁੜੇ ਹੋਏ ਸਨ। ਹਾਸਾ ਖੇਡਾਂ ਚੱਲ ਰਿਹਾ ਸੀ। ਪਾਕਿਸਤਾਨੀ ਟੀਮ ਦਾ ਕਪਤਾਨ ਲਾਇਲਪੁਰੀਆ ਅਖਤਰ ਰਸੂਲ ਸੁਰਜੀਤ ਨੂੰ ਪੰਜਾਬੀ 'ਚ ਕਹਿਣ ਲੱਗਾ, "ਸੁਰਜੀਤ, ਜੇ ਆਪਾਂ ਨੂੰ ਖੂੰਜੇ ਲਾਇਆ ਤਾਂ ਪਾਲ ਲਿਤਜਨ ਦੇ ਪੈਨਲਟੀ ਕਾਰਨਰ ਲਾਉਣਗੇ।" ਸੁਰਜੀਤ ਨੇ ਕਿਹਾ, "ਕੋਈ ਨਹੀਂ ਭਾਅ, ਆਪਾਂ ਕਿਹੜਾ ਰੱਬ ਦੇ ਮਾਂਹ ਮਾਰੇ ਨੇ?"

ਰੂਸ ਤੇ ਆਸਟਰੇਲੀਆ ਦਾ ਮੈਚ ਹੋਣ ਲੱਗਾ ਤਾਂ ਮੈਂ ਸੁਰਜੀਤ ਸਿੰਘ ਹੋਰਾਂ ਕੋਲ ਹੀ ਬੈਠਾ ਸਾਂ। ਇਸਲਾਹੁਦੀਨ ਵੀ ਉਥੇ ਸੀ ਤੇ ਵਰਿੰਦਰ, ਬਲਦੇਵ ਹੋਰੀਂ ਵੀ। ਸੁਰਜੀਤ ਸਿੰਘ ਦੀ ਕੁਮੈਂਟਰੀ ਸੁਣਨ ਵਾਲੀ ਸੀ। ਉਹ ਮਝੈਲ ਲਹਿਜੇ 'ਚ ਕਿਸੇ ਖਿਡਾਰੀ ਨੂੰ ਆਖਦਾ, "ਉਹ ਪਲੇਅਰ ਬੜਾ ਭੈੜਾ ਈ।" ਤੇ ਕਿਸੇ ਨੂੰ, "ਉਹ ਬੜਾ ਜ਼ਹਿਰੀ ਈ।" ਉਹ ਖਿਡਾਰੀਆਂ ਦੀ ਢੋਲੀ ਵਿਚ ਉਨ੍ਹਾਂ ਨੂੰ ਬੜੇ ਵੱਡੇ ਖਿਤਾਬ ਬਖਸ਼ੀ ਜਾ ਰਿਹਾ ਸੀ।

ਇਕ ਲੜਕਾ ਇਸਲਾਹ ਦੇ ਆਟੋਗਰਾਫ ਲੈਣ ਆਇਆ। ਇਸਲਾਹ ਨੇ ਕੁਝ ਝਿਜਕ ਵਿਖਾਈ ਪਰ ਸੁਰਜੀਤ ਕਹਿਣ ਲੱਗਾ, "ਮਾਰ ਦੇ ਘੁੱਗੀ ਯਾਰਾ, ਇਹ ਵੀ ਕੋਈ ਕੰਮ ਆ?"

1982 'ਚ ਉਹ ਫਿਰ ਭਾਰਤੀ ਟੀਮ ਦਾ ਕਪਤਾਨ ਬਣ ਕੇ ਕਰਾਚੀ ਦਾ ਪਹਿਲਾ ਏਸ਼ਿਆਈ ਕੱਪ ਹਾਕੀ ਟੂਰਨਾਮੈਂਟ ਖੇਡਿਆ। ਦਿੱਲੀ ਦੀਆਂ ਏਸ਼ਿਆਈ ਖੇਡਾਂ ਸਮੇਂ ਉਹਨੂੰ ਫਿਰ ਭਾਰਤੀ ਟੀਮ ਵਿਚ ਨਾ ਪਾਇਆ ਗਿਆ ਤੇ ਭਾਰਤੀ ਟੀਮ ਪਾਕਿਸਤਾਨ ਤੋਂ ਅੱਧੀ ਦਰਜਨ ਗੋਲਾਂ ਨਾਲ ਹਾਰੀ। ਟੀਮ ਭਾਰਤ ਦੀ ਹਾਰੀ ਸੀ, ਮੈਂ ਕੋਲੋਂ ਵੇਖਿਆ ਹੰਝੂ ਸੁਰਜੀਤ ਦੀਆਂ ਅੱਖਾਂ ਵਿਚ ਸਨ ਤੇ ਅਜ ਉਹ ਹੰਝੂ ਸਾਡੀਆਂ ਅੱਖਾਂ ਵਿਚ ਹਨ।

ਸੁਰਜੀਤ ਸਿੰਘ ਅਣਖ ਵਾਲਾ ਖਿਡਾਰੀ ਸੀ। ਇਹੋ ਕਾਰਨ ਹੈ ਕਿ ਬਿਊਨਸ ਏਅਰਜ਼ ਵਿਸ਼ਵ ਕੱਪ ਦੀ ਤਿਆਰੀ ਸਮੇਂ ਉਹ ਬਲਦੇਵ ਸਿੰਘ ਤੇ ਵਰਿੰਦਰ ਸਿੰਘ ਸਮੇਤ ਪਟਿਆਲਾ ਕੈਂਪ 'ਚੋਂ ਬੋਰੀਆ-ਬਿਸਤਰਾ ਚੁੱਕ ਲਿਆਇਆ ਸੀ। ਉਨ੍ਹੀਂ ਦਿਨੀਂ ਇਸ ਖੇਡ-ਧਮਾਕੇ ਦੀਆਂ ਬਥੇਰੀਆਂ ਵੱਡੀਆਂ ਖਬਰਾਂ ਲੱਗੀਆਂ ਸਨ ਤੇ ਗੱਲ ਕੇਂਦਰੀ ਵਜ਼ੀਰਾਂ ਤਕ ਚਲੀ ਗਈ ਸੀ। ਇਕ ਚੋਣਕਾਰ ਦੇ ਸਰਦਾਰਾਂ ਬਾਰੇ ਕਹੇ ਲਫ਼ਜ਼ ਸੁਰਜੀਤ ਸਿੰਘ ਹੋਰਾਂ ਨੇ ਨਹੀਂ ਸੀ ਸਹਾਰੇ ਤੇ ਉਹ ਰੋਸ ਵਜੋਂ ਕੈਂਪ ਵਿਚੋਂ ਵਾਕਆਊਟ ਕਰ ਗਏ ਸਨ। ਸਿੱਟੇ ਵਜੋਂ ਅਧਿਕਾਰੀਆਂ ਨੇ ਸੁਰਜੀਤ ਸਿੰਘ ਨੂੰ ਟੀਮ ਤੋਂ ਬਾਹਰ ਰੱਖਿਆ ਤੇ ਭਾਰਤੀ ਟੀਮ ਬਿਊਨਸ ਏਅਰਜ਼ ਵਿਚ ਬੁਰੀ ਤਰ੍ਹਾਂ ਹਾਰੀ। 'ਜਬੈ ਬਾਣ ਲਾਗੋ ਤਬੈ ਰੋਸ ਜਾਗੋ' ਦੇ ਕਥਨ ਅਨੁਸਾਰ ਸੁਰਜੀਤ ਸਿੰਘ ਨੇ ਹਾਕੀ ਅਧਿਕਾਰੀਆਂ ਦਾ ਵਾਰ ਦਿਲ ਗੁਰਦੇ ਨਾਲ ਝੱਲਦਿਆਂ ਹਾਕੀ ਦੀ ਖੇਡ ਨੂੰ ਹੋਰ ਸ਼ਿੱਦਤ ਨਾਲ ਅਪਣਾਇਆ।



ਸੁਰਜੀਤ ਦੀ ਸਾਢੇ ਚਾਰ ਸਾਲ ਦੀ ਬੱਚੀ(ਸੱਜੇ) ਅਤੇ ਖੱਬੇ ਢਾਈ ਸਾਲ ਦਾ ਲੜਕਾ ਹੌਬੀ

## ਮੁਹੱਬਤਨਾਮੇ

ਪਿਆਰੇ ਵੀਰ,

ਸਤਿ ਸ੍ਰੀ ਅਕਾਲ।

ਮੈਂ 'ਕੈਨੇਡਾ ਦਰਪਣ' ਲਈ 1984 ਦਾ ਚੰਦਾ ਭੇਜ ਰਿਹਾ ਹਾਂ।

ਸੁਰਜੀਤ ਦੀ ਮੌਤ ਦੀ ਖਬਰ ਪੜ੍ਹਕੇ ਦਿਲ ਨੂੰ ਗਹਿਰਾ ਸਦਮਾ ਪੁਜਾ ਹੈ ਚੰਗੇ ਖਿਡਾਰੀ ਦੇਸ਼ ਤੇ ਕੌਮ ਦੀ ਸ਼ਾਨ ਹੁੰਦੇ ਹਨ। ਸੁਰਜੀਤ ਤਾਂ ਲੱਖਾਂ, ਕਰੋੜਾਂ ਦਰਸ਼ਕਾਂ ਦੇ ਦਿਲ ਦੀ ਧੜਕਣ ਸੀ। ਸੁਰਜੀਤ ਦੀ ਮੌਤ ਨਾਲ ਭਾਰਤ ਨੂੰ ਅਕਿਹ ਨੁਕਸਾਨ ਪੁਜਾ ਹੈ। ਮੇਰੀ ਪ੍ਰਮਾਤਮਾ ਅਗੇ ਅਰਦਾਸ ਹੈ ਕਿ ਇਸ ਮਹਾਨ ਖਿਡਾਰੀ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

ਹਾਕੀ ਤੇ ਕ੍ਰਿਕਟ ਮੇਰੀਆਂ ਹਰਮਨ ਪਿਆਰੀਆਂ ਖੇਡਾਂ ਹਨ। ਮੈਂ ਸੱਠਵੇਂ ਦਹਾਕੇ ਦੇ ਹਰੇਕ ਪ੍ਰਸਿਧ ਹਾਕੀ ਖਿਡਾਰੀ ਨੂੰ ਬਿਲਕੁਲ ਨੇੜਿਓਂ ਤੱਕਿਆ ਹੈ। ਬਾਹਰਲੇ ਦੇਸ਼ ਤੋਂ ਆਈ ਹਰੇਕ ਹਾਕੀ ਟੀਮ ਨਾਲ ਭਾਰਤੀ ਹਾਕੀ ਟੀਮ ਦਾ ਇਕ ਟੈਸਟ ਮੈਚ PAP ਜਲੰਧਰ ਛਾਉਣੀ ਜ਼ਰੂਰੀ ਹੁੰਦਾ ਸੀ। ਮੈਂ ਕਿਉਂਕਿ ਉਸ ਵਕਤ ਦੋਆਬਾ ਖਾਲਸਾ ਹਾਇਰ ਸੈਕੰਡਰੀ ਸਕੂਲ, ਜਲੰਧਰ ਤੇ ਮਗਰੋਂ ਪ੍ਰੀ-ਇੰਜਨੀਅਰਿੰਗ ਵਿਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪੜ੍ਹਦਾ ਸੀ ਇਸ ਕਰਕੇ ਮੈਨੂੰ ਹਾਕੀ ਦੇ ਇਹ ਸਾਰੇ ਅੰਤਰ-ਰਾਸ਼ਟਰੀ ਮੈਚ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਹੈ। ਪ੍ਰਸਿਧ ਫੁਟਬਾਲ ਖਿਡਾਰੀ ਜਰਨੈਲ ਸਿੰਘ ਨੂੰ ਵੀ ਮੈਂ ਬਿਲਕੁਲ ਨੇੜਿਓਂ ਤੱਕਿਆ ਹੈ।

ਇਥੇ ਮੈਨੂੰ ਇਹ ਦੱਸਦਿਆਂ ਵੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਗੁਰਬਖਸ਼ ਸਿੰਘ ਸੈਣੀ ਜੋ ਵਿਲੀਅਮਜ਼ ਲੇਕ ਵਿਚ 6 ਸਾਲ ਐਲਡਰਮੈਨ ਰਹਿ ਚੁਕੇ ਹਨ ਤੇ ਪਿਛਲੇ ਸਾਲ ਮੇਅਰ ਦੀ ਇਲੈਕਸ਼ਨ ਲਈ ਖੜੇ ਸਨ, ਉਹ ਦੋਆਬਾ ਖਾਲਸਾ ਹਾਇਰ ਸੈਕੰਡਰੀ ਸਕੂਲ ਜਲੰਧਰ ਵਿਚ ਮੇਰੇ ਹਮ-ਜਮਾਤੀ ਸਨ।

ਮੈਨੂੰ ਇਹ ਸਮਝ ਨਹੀਂ ਪਈ ਕਿ 'ਸੁਰਜੀਤ ਬੈਨੀਫਿਟ ਮੈਚ' ਕਿਸ ਮਕਸਦ ਲਈ ਖੇਡੇ ਜਾ ਰਹੇ ਹਨ।

ਅਜੀਤ ਧਨੋਆ

(ਪੰਨਾ 10 ਦੀ ਬਾਕੀ)

ਇਸ ਵੇਲੇ ਤਕ ਗਦਰ ਪਾਰਟੀ ਸੋਸ਼ਲਿਜ਼ਮ ਵਲ ਪੱਕੀ ਹੋ ਚੁੱਕੀ ਸੀ। ਭਾਰਤ ਵਿਚ ਗਦਰ ਪਾਰਟੀ ਦੇ ਬੰਦੇ ਕਿਰਤੀ ਪਾਰਟੀ ਦੇ ਨਾਂ ਥੱਲੇ ਕੰਮ ਕਰਦੇ ਸਨ। ਕਮਿਊਨਿਸਟ ਪਾਰਟੀ ਵਿਚ ਇਨ੍ਹਾਂ ਗ਼ਦਰੀ ਬਾਬਿਆਂ ਨੂੰ ਕਿਰਤੀ ਗਰੁਪ ਦੇ ਤੌਰ ਤੇ ਯਾਦ ਕੀਤਾ ਜਾਂਦਾ ਸੀ।

## ਬਾਬਾ ਜੀ ਭਾਰਤ ਦੇਸ ਵਿਚ 1942-1964 ਤਕ

ਬਾਬਾ ਜੀ 1942 ਵਿਚ ਪੰਜ ਸਾਥੀਆਂ ਸਮੇਤ ਮਾਸਕੋ ਤੋਂ ਹਿਂਦੁਸਤਾਨ ਪੁਜੇ। ਇਹ ਪਹਿਲਾ ਜੱਥਾ ਸੀ ਜੋ ਪਾਸਪੋਰਟ ਬਣਵਾ ਕੇ ਰੂਸ ਤੋਂ ਹਿੰਦੁਸਤਾਨ ਵਲ ਤੁਰਿਆ ਸੀ। ਬਾਬਾ ਜੀ ਨਿਰੰਜਨ ਸਿੰਘ ਨਾਲ ਬਾਬਾ ਨਿਧਾਨ ਸਿੰਘ ਮਹੇਸਰੀ, ਰਾਜਾ ਸਿੰਘ ਖੜੌਦੀ ਤੇ ਦੋ ਹੋਰ ਸੱਜਣ ਸਨ।

ਦੁਨੀਆਂ ਦੀ ਦੂਜੀ ਵੱਡੀ ਲੜਾਈ ਵਿਚ ਰੂਸ ਤੇ ਅੰਗਰੇਜ਼ ਭਾਈਵਾਲ ਹੋਣ ਕਰਕੇ ਅੰਗਰੇਜ਼ ਨੇ ਰੂਸ ਸਰਕਾਰ ਦੇ ਆਖੇ ਇਨ੍ਹਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਤਾਂ ਦੇ ਦਿੱਤੀ ਪਰ ਕੌਇਟੇ ਦੀ ਪੁਲੀਸ ਨੇ ਬੱਸ ਤੋਂ ਉਤਰਦਿਆਂ ਨੂੰ ਹੀ ਘੇਰ ਲਿਆ। ਅੰਗਰੇਜ਼ ਨੂੰ ਇਹ ਪਤਾ ਸੀ ਕਿ ਇਹ ਆਪਣੇ ਦੇਸ਼ ਨੂੰ ਉਨ੍ਹਾਂ ਤੋਂ ਆਜ਼ਾਦ ਕਰਾਉਣ ਦੀ ਇਨਕਲਾਬੀ ਵਿਦਿਆ ਰੂਸ ਤੋਂ ਲੈ ਕੇ ਆਏ ਹਨ ਤੇ ਗਦਰ ਪਾਰਟੀ ਦੇ ਬੰਦੇ ਹਨ। ਪੁਲਸ ਨੇ ਇਕ ਹਫਤਾ ਇਨ੍ਹਾਂ ਤੋਂ ਕੌਇਟੇ ਹੀ ਪੁਛ ਗਿਛ ਕੀਤੀ ਪਰ ਇਨ੍ਹਾਂ ਨੇ ਕੁਝ ਨਹੀਂ ਦਸਿਆ। ਫਿਰ ਪੁਲਸ ਦੀ ਨਿਗਰਾਨੀ ਹੇਠ ਲਾਹੌਰ ਲਿਜਾ ਕੇ ਕਿਲੇ ਵਿਚ ਡੱਕ ਦਿੱਤੇ। ਉਥੇ ਕਿਲ੍ਹੇ ਵਿਚ ਬਹੁਤ ਸਖਤੀ ਕੀਤੀ ਗਈ, ਤਸੀਹੇ ਦਿੱਤੇ ਗਏ ਪਰ ਪੁਲਸ ਦੇ ਪੱਲੇ ਕੁਝ ਨਾ ਪਿਆ।

ਕਿਲ੍ਹੇ ਵਿਚੋਂ ਰਿਹਾ ਹੋ ਕੇ ਸਿਧੇ ਕਮਿਊਨਿਸਟ ਪਾਰਟੀ ਦੇ ਹੈਡਕੁਆਟਰ ਲਾਹੌਰ ਪੁਜੇ। ਤੇਜਾ ਸਿੰਘ ਸੁਤੰਤਰ ਤੇ ਸੋਹਣ ਸਿੰਘ ਜੋਸ਼ ਨੇ ਸਾਥੀਆਂ ਦਾ ਸੁਆਗਤ ਕੀਤਾ। ਉਥੇ ਪਾਰਟੀ ਦਾ ਹੁਕਮ ਲੈ ਕੇ ਬਾਬਾ ਜੀ ਪਿੰਡ ਆਏ ਤੇ ਇਨ੍ਹਾਂ ਦੀ ਡਿਊਟੀ ਆਪਣੇ ਜ਼ਿਲੇ ਵਿਚ ਕੰਮ ਕਰਨ ਦੀ ਲਗ ਗਈ। ਕੁਛ ਦੇਰ ਬਾਅਦ ਬਾਬਾ ਜੀ ਜ਼ਿਲਾ ਹੁਸ਼ਿਆਰਪੁਰ ਦੀ ਕਿਸਾਨ ਸਭਾ ਦੇ ਪ੍ਰਧਾਨ ਚੁਣੇ ਗਏ। ਪਰ ਹਰ ਵੇਲੇ ਇਕ ਪੁਲਸੀਆ ਇਨ੍ਹਾਂ ਦੀ ਨਿਗਰਾਨੀ ਲਈ ਇਨ੍ਹਾਂ ਦਾ ਪਰਛਾਵੇਂ ਵਾਂਗ ਪਿਛਾ ਕਰਦਾ ਰਹਿੰਦਾ ਸੀ। ਇਨ੍ਹਾਂ ਦੀ ਹਰ ਗੱਲ ਦੀ ਡਾਇਰੀ ਸਰਕਾਰ ਪਾਸ ਪੁਜਦੀ ਸੀ।

1947 ਵਿਚ ਦੇਸ਼ ਆਜ਼ਾਦ ਹੋ ਗਿਆ। ਪਰ ਗਦਰੀ ਬਾਬੇ ਤਾਂ ਦੇਸ਼ ਵਿਚ ਆਜ਼ਾਦੀ ਦੇ ਨਾਲ ਸਮਾਜਵਾਦ ਭੀ ਲੋੜਦੇ ਸਨ। ਉਹ ਚਾਹੁੰਦੇ ਸਨ

"ਆਸਾ ਭਰੀ ਜ਼ਰਾ ਗਰਦੀ ਆਵੇ
ਝੂਲਣ ਉਹ ਹਵਾਵਾਂ
ਮਿਹਨਤ ਦੀ ਗਰਮੀ ਸਾਂਝੀ ਹੋਵੇ
ਟੁਟ ਜਾਣ ਕੈਦਾਂ ਹਦ ਬੰਦੀਆਂ
ਵੰਡ ਰਹੇ ਨਾ ਕਾਣੀ
ਹਰ ਇਕ ਬੰਦਾ ਸ਼ਾਹ ਦੁਨੀਆਂ ਦਾ
ਹਰ ਇਕ ਤੀਵੀਂ ਰਾਣੀ" — - ਸੁਫੀਰ

ਅੰਗਰੇਜ਼ ਤਾਂ ਚਲਾ ਗਿਆ, ਦੇਸ਼ ਦੀ ਵੰਡ ਕਰ ਗਿਆ, ਉਸ ਵੇਲੇ ਦੇ ਕਾਂਗਰਸੀ ਤੇ ਮੁਸਲਮ ਲੀਗ ਦੇ ਲੀਡਰਾਂ ਨਾਲ ਆਜ਼ਾਦੀ ਦਾ ਸੌਦਾ ਕਰਕੇ ਆਪਣਾ ਸਰਮਾਏਦਾਰੀ ਤੇ ਸ਼ਾਮਰਾਜੀ ਰਸੂਖ ਪਿਛੇ ਛਡ ਗਿਆ। ਇਸ ਕਰਕੇ ਗਦਰੀਆਂ ਲਈ ਸੰਘਰਸ਼ ਮੁਕਾ ਨਹੀਂ ਸੀ। ਕਿਰਤੀ ਗਰੁਪ ਲਾਲਾ ਕਮਿਊਨਿਸਟ ਪਾਰਟੀ ਦੇ ਨਾਂ ਥੱਲੇ ਕੰਮ ਕਰਨ ਲਗ ਪਿਆ। ਸਰਕਾਰ ਨੇ ਲਾਲ ਪਾਰਟੀ ਨੂੰ ਗੈਰ ਕਾਨੂੰਨੀ ਕਰਾਰ ਦੇ ਕੇ ਸਾਰਿਆਂ ਦੇ ਲੀਡਰਾਂ ਦੇ ਵਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ। ਬਾਬਾ ਜੀ, ਤੇਜਾ ਸਿੰਘ ਸੁਤੰਤਰ, ਡਾ: ਭਾਗ ਸਿੰਘ, ਬਾਬਾ ਕਰਮ ਸਿੰਘ ਚੀਮਾ ਤੇ ਹੋਰ ਲੀਡਰਾਂ ਦੇ ਸਮੇਤ ਰੂਪੋਸ਼ ਹੋ ਗਏ।

ਇਨ੍ਹਾਂ ਸੱਤਰਾਂ ਦੇ ਲਿਖਾਰੀ ਨੂੰ ਪਹਿਲੀ ਵਾਰ ਬਾਬਾ ਜੀ ਦੇ ਦਰਸ਼ਨ ਉਨ੍ਹਾਂ ਦੀ ਰੂਪੋਸ਼ੀ ਦੇ ਜ਼ਮਾਨੇ ਵਿਚ ਸਕਰੂਲਵੀ ਵਾਲੇ ਕਾਮਰੇਡ ਜਗਤ ਸਿੰਘ ਦੀ ਚੂਬੇ ਵਾਲੀ ਛੰਨ ਵਿਚ ਹੋਏ ਸਨ।

ਕਾਮਰੇਡ ਜਗਤ ਸਿੰਘ ਮਹਾਤਮਾ ਗਾਂਧੀ ਦੀ ਨਾ ਮਿਲਵਰਤਨ ਲਈ ਚਲਾਈ ਲਹਿਰ ਵਿਚ ਤਿੰਨ ਸਾਲ ਕੈਦ ਕੱਟ ਚੁੱਕਾ ਸੀ। ਜੇਲ੍ਹ ਵਿਚ ਹੀ ਉਸ ਨੂੰ ਸਮਾਜਵਾਦ ਲਿਆਉਣ ਦੀ ਚਟਕ ਲਗ ਗਈ ਸੀ। ਜੇਲ੍ਹ ਤੋਂ ਬਾਹਰ ਆ ਕੇ ਉਹ ਕਮਿਊਨਿਸਟ ਪਾਰਟੀ ਦਾ ਇਕ ਭਰੋਸੇ ਯੋਗ ਪਾਤਰ ਬਣ ਚੁਕਾ ਸੀ। ਇਸ ਕਰਕੇ ਲਾਲ ਕਮਿਊਨਿਸਟ ਪਾਰਟੀ ਦੇ ਵੇਲੇ ਸਕਰੂਲੀ ਪਾਰਟ ਦਾ ਰੂਪੋਸ਼ ਵਰਕਰਾਂ ਤੇ ਲੀਡਰਾਂ ਲਈ ਪੱਕਾ ਅੱਡਾ ਬਣ ਚੁਕਾ ਸੀ। ਉਸ ਜ਼ਮਾਨੇ ਵਿਚ ਇਨ੍ਹਾਂ ਸੱਤਰਾਂ ਦੇ ਲਿਖਾਰੀ ਨੂੰ ਬਾਬਾ ਜੀ ਦੀ ਅਗਵਾਈ ਹੇਠ ਛੋਟੇ ਮੋਟੇ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੀ ਸਖਸ਼ੀਅਤ ਬਹੁਤ ਮਹਾਨ ਸੀ।

ਉਨ੍ਹਾਂ ਦੇ ਉਸ ਵੇਲੇ ਜਿਥੇ ਪਾਰਟੀ ਦੇ ਸਿਪਾਹੀ ਦੇ ਤੌਰ ਤੇ ਬਹੁਤ ਕੰਮ ਕੀਤਾ ਉਥੇ ਪਾਰਟੀ ਨੂੰ ਇਕ ਮੁਠ ਕਰਨ ਲਈ ਉਨ੍ਹਾਂ ਦਾ ਕੰਮ ਸ਼ਲਾਘਾਯੋਗ ਸੀ। ਉਨ੍ਹਾਂ ਨੇ ਪਾਰਟੀ ਦੇ ਕੰਮ ਦੇ ਨਾਲ ਸਮਾਜਕ ਕੰਮ ਭੀ ਕੀਤੇ ਤੇ ਆਪਣੇ ਪਿੰਡ ਦੀ ਹਰ ਚੰਗੇ ਕੰਮ ਵਿਚ ਅਗਵਾਈ ਕੀਤੀ। 1964 ਵਿਚ ਆਪਣੇ ਪੁਤਰ ਤੇ ਪੋਤਿਆਂ ਦੇ ਬਹੁਤ ਕਹਿਣ ਤੇ ਉਹ ਵੈਨਕੂਵਰ ਆ ਗਏ। ਉਨ੍ਹਾਂ ਦੀ ਸਿਹਤ ਫਿਰ ਤੁਰ ਕੇ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ ਦਿੰਦੀ।

## ਬਾਬਾ ਜੀ 1964 ਤੋਂ 21-7-1971 ਤਕ ਵੈਨਕੂਵਰ

1964 ਵਿਚ ਬਾਬਾ ਜੀ ਵੈਨਕੂਵਰ ਆਪਣੇ ਪਰਵਾਰ ਦੇ ਪਾਸ ਪੁਜ ਗਏ। ਉਨ੍ਹਾਂ ਦੇ ਪਰਵਾਰ ਨੇ ਬਾਬਾ ਜੀ ਦੀ ਬਹੁਤ ਸੇਵਾ ਕੀਤੀ। ਬਹੁਤ ਸਾਰੇ ਸੱਜਣ ਉਨ੍ਹਾਂ ਦੀ ਅਗਵਾਈ ਤੇ ਪਰੇਰਨਾ ਲੈਣ ਉਨ੍ਹਾਂ ਦੇ ਪਾਸ ਆਉਂਦੇ ਸਨ।

ਆਖਰਕਾਰ ਸਦਾ ਇਨਕਲਾਬੀ ਪਰੇਰਨਾ ਦੇਣ ਵਾਲਾ ਬਾਬਾ ਨਿਰੰਜਨ ਸਿੰਘ 21-7-1971 ਨੂੰ ਅਕਾਲ ਚਲਾਣਾ ਕਰ ਗਏ।

ਉਨ੍ਹਾਂ ਦਾ ਜੀਵਨ ਇਨਕਲਾਬੀ ਸੀ। ਦੇਸ਼ ਦੀ ਆਜ਼ਾਦੀ ਲਿਆਉਣ ਲਈ ਉਨ੍ਹਾਂ ਦਾ ਯੋਗਦਾਨ ਨਾ ਭੁਲਣ ਵਾਲਾ ਹੈ। ਬਿਰਧ ਉਮਰ ਵਿਚ ਭੀ ਉਨ੍ਹਾਂ ਦਾ ਸਵਾਸ ਸਵਾਸ ਮਜ਼ਦੂਰ ਕਿਸਾਨ ਲਹਿਰ ਤੇ ਪਾਰਟੀ ਦੇ ਲੇਖੇ ਲੱਗਾ ਉਨ੍ਹਾਂ ਦੀ ਆਖਰੀ ਖਾਹਿਸ਼ ਦੇਸ਼ ਦੀ ਕਮਿਊਨਿਸਟ ਪਾਰਟੀ ਨੂੰ ਇਕ ਮੁਠ ਦੇਖਣਾ ਸੀ। ਉਹ ਦੁਫੇੜ ਦੇ ਖਿਲਾਫ ਸਨ। ਏਕੇ ਦੇ ਹਾਮੀ ਸਨ। ਅਸੀਂ ਉਨ੍ਹਾਂ ਦੀ ਘਾਲਣਾ ਨੂੰ ਪਰਨਾਮ ਕਰਦੇ ਹਾਂ। ਉਨ੍ਹਾਂ ਗਦਰੀਆਂ ਦੇ ਜੀਵਨ ਦੀ ਕਹਾਣੀ ਸਦਾ ਲੋਕਾਂ ਨੂੰ ਰੋਸ਼ਨੀ ਵੰਡਦੀ ਰਹੇਗੀ।

---


## Interested Business Partner Required

Indian settled abroad with financial resources interested to participate in a 2.3 CRORE chemical project in a joint sector at Naya Nangal. May write to Mrs. S. Sandhu 10-IV Sector - 4 Naya Nangal - 140126 Punjab, India.

C/o CANADA DARPAN
P.O. BOX 67344 STN. 'O'
VANCOUVER, B.C.

## ਸਰੀ ਵਿਚ

ਭਾਰਤੀ ਗਰੌਸਰੀ ਸਟੋਰ ਜਾਂ ਦਫਤਰ
ਕਿਰਾਏ ਉਤੇ ਲੈਣ ਲਈ

## ਕਮਾਲ ਦੀ ਬਿਲਡਿੰਗ

ਸ਼ਾਨਦਾਰ ਠਿਕਾਣਾ, ਕਿੰਗਜਾਰਜ ਹਾਈਵੇ ਅਤੇ 108 ਐਵੇਨਿਊ ਦੇ ਨੇੜੇ ਨਵੀਂ ਏਅਰ ਕੰਡੀਸ਼ੰਨਡ ਬਿਲਡਿੰਗ, ਚੋਖੀ ਪਾਰਕਿੰਗ, ਤੁਰਤ ਕਬਜ਼ਾ

ਹਰ ਕਿਸਮ ਦੇ ਸਟੋਰਾਂ ਵਾਸਤੇ ਜਾਂ ਡਾਕਟਰਾਂ ਵਕੀਲਾਂ, ਅਕਾਉਂਟੈਂਟਾਂ, ਡੈਂਟਿਸਟਾਂ ਆਦਿਕ ਦੇ ਦਫਤਰਾਂ ਲਈ ਬਹੁਤ ਹੀ ਢੁਕਵੀਂ ਥਾਂ

ਕਿਰਪਾ ਕਰਕੇ ਹੋਰ ਜਾਣਕਾਰੀ ਲਈ ਫੋਨ ਕਰੋ

**271-2862 ਜਾਂ**
**271-5954**


## ਹਾਸ ਵਿਅੰਗ

ਇਕ ਵਿਅਕਤੀ ਮਰਨ ਉਪਰੰਤ ਨਰਕ ਦੇ ਬੂਹੇ ਤੇ ਖਲੋਤਾ ਸੀ। ਕੀ ਦੇਖਦਾ ਹੈ ਕਿ ਬਹੁਤ ਸਾਰੀਆਂ ਹੂਰਾਂ ਉਸਦੇ ਸੁਆਗਤ ਲਈ ਖਲੋਤੀਆਂ ਸਨ। ਸ਼ਾਨਦਾਰ ਪਕਵਾਨ ਪੱਕ ਰਹੇ ਸਨ। ਬੜਾ ਹੀ ਸ਼ਾਨਦਾਰ ਦਰਿਸ਼ ਸੀ। ਇਸ ਦਰਿਸ਼ ਤੋਂ ਪ੍ਰੇਰਿਤ ਉਹ ਵਿਅਕਤੀ ਨਰਕ ਦੇ ਬੂਹੇ ਅੰਦਰ ਦਾਖਲ ਹੋ ਗਿਆ। ਅਗਲੀ ਭਲਕ ਕੀ ਵੇਖਦਾ ਹੈ ਕਿ ਜੱਲਾਦ ਵੱਡੇ ਵੱਡੇ ਛੁਰੇ ਲਈ ਉਸਦਾ ਲਖਾ ਜੋਖਾ ਲੈਣ ਲਈ ਖਲੋਤੇ ਹਨ।

ਉਸਨੇ ਹੈਰਾਨੀ ਨਾਲ ਯਮ ਕੋਲੋਂ ਪੁਛਿਆ ਕਿ ਕਲ੍ਹ ਤਾਂ ਸੁਆਗਤ ਲਈ ਕੁਝ ਹੋਰ ਹੀ ਦਰਿਸ਼ ਸੀ, ਅੱਜ ਇਹ ਕੀ?

ਯਮ ਨੇ ਜੁਆਬ ਦਿਤਾ — "ਉਹ ਸਾਡਾ ਪਬਲੀਸਿਟੀ (ਮਸ਼ਹੂਰੀ) ਡਿਪਾਰਟਮੈਂਟ ਹੈ।"

0 0 0

ਇਕ ਮੁਕਦਮੇ ਵਿਚ ਪੁਲਿਸ ਅਤੇ ਗਵਾਹਾਂ ਦੇ ਬਿਆਨ ਸੁਨਣ ਬਾਅਦ ਜੱਜ ਨੇ ਅਪਰਾਧੀ ਦੇ ਵਕੀਲ ਨੂੰ ਕਿਹਾ ਕਿ ਉਹ ਜ਼ਰੂਰੀ ਸਮਝੇ ਤਾਂ ਅਪਰਾਧੀ ਨੂੰ ਅਲੱਗ ਲਿਜਾਕੇ ਅਗਲੀ ਕਾਰਵਾਈ ਲਈ ਸਲਾਹ ਦੇ ਸਕਦਾ ਹੈ। ਇਹ ਸੁਣਕੇ ਵਕੀਲ ਅਪਰਾਧੀ ਨਾਲ ਇਕ ਪਾਸੇ ਚਲਿਆ ਗਿਆ। ਕੁਝ ਦੇਰ ਬਾਅਦ ਉਹ ਇਕੱਲਾ ਵਾਪਸ ਆਇਆ ਤਾਂ ਜੱਜ ਨੇ ਪੁਛਿਆ — 'ਅਪਰਾਧੀ ਕਿਥੇ ਹੈ?'

0 0 0

ਸਿਪਾਹੀ ਨੇ ਇਕ ਵਿਅਕਤੀ ਨੂੰ ਮੈਜਿਸਟ੍ਰੇਟ ਦੇ ਸਾਮ੍ਹਣੇ ਪੇਸ਼ ਕੀਤਾ ਅਤੇ ਕਿਹਾ ਕਿ ਇਹ ਵਿਅਕਤੀ ਨਸ਼ੇ ਵਿਚ ਧੁੱਤ ਹੈ।

ਉਸ ਵਿਅਕਤੀ ਨੇ ਕਿਹਾ — 'ਮੈਂ ਬਿਲਕੁਲ ਹੋਸ਼ ਵਿਚ ਹਾਂ।'

ਸਿਪਾਹੀ ਬੋਲਿਆ — "ਇਹ ਬਸ ਡਰਾਇਵਰ ਨਾਲ ਇਤਨੀ ਬੁਰੀ ਤਰ੍ਹਾਂ ਲੜ ਰਿਹਾ ਸੀ ਕਿ ਜੇ ਮੈਂ ਨਾ ਪੁਜਦਾ ਤਾਂ ਇਹ ਸ਼ਾਇਦ ਉਸਨੂੰ ਮਾਰ ਹੀ ਸੁੱਟਦਾ।"

ਮੈਜਿਸਟ੍ਰੇਟ ਨੇ ਕਿਹਾ— "ਪਰ ਇਹ ਗੱਲ ਸਾਬਤ ਨਹੀਂ ਕਰਦੀ ਕਿ ਇਹ ਸ਼ਰਾਬ ਦੇ ਨਸ਼ੇ ਵਿਚ ਸੀ।'

ਸਿਪਾਹੀ ਬੋਲਿਆ—"ਪਰ ਹਜ਼ੂਰ! ਓਥੇ ਨ ਕੋਈ ਬਸ ਸੀ ਅਤੇ ਨਾ ਹੀ ਕੋਈ ਬਸ ਡਰਾਇਵਰ।"

ਇਕ ਪ੍ਰਸਿਧ ਖਿਲਾੜੀ ਬਮਾਰ ਹੋਣ ਕਾਰਨ ਹਸਪਤਾਲ ਵਿਚ ਪਿਆ ਸੀ। ਇਕ ਦਿਨ ਡਾਕਟਰ ਨੇ ਮੁਆਇਨਾ ਕਰਨ ਬਾਅਦ ਕਿਹਾ — 'ਤੁਹਾਡਾ ਟੈਂਪਰੇਚਰ 104 ਤਕ ਪਹੁੰਚ ਗਿਆ ਹੈ।

ਖਿਲਾੜੀ ਨੇ ਉਮੀਦ ਭਰੇ ਲਹਿਜੇ ਵਿਚ ਪੁਛਿਆ — 'ਕੀ ਇਹ ਵਿਸ਼ਵ ਰੀਕਾਰਡ ਹੈ?'


# CLASSIFIED

## ਟਰੱਕ ਡਰਾਈਵਰ ਦੀ ਲੋੜ

ਇਕ ਫਰਮ ਨੂੰ ਤਜਰਬੇਕਾਰ ਕਲਾਸ ਵੱਨ (Class 1) ਡਰਾਈਵਰ ਦੀ ਲੋੜ ਹੈ। ਇਹ ਨੌਕਰੀ ਲੋਕਲ Trucking Service ਲਈ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :—

**ਫੋਨ :— 872-6950**

## ਕਿਰਾਏ ਲਈ ਖਾਲੀ

ਸਰੀ ਵਿਚ ਦੋ ਬੈੱਡਰੂਮ ਸਵੀਟ ਖਾਲੀ ਹੈ। ਜਿਸ ਵਿਚ ਫਰਿਜ਼, ਸਟੋਵ ਹਨ। ਪਰਦੇ ਅਤੇ ਰਗ ਵੀ ਹੈ। ਇਹ ਬੱਸ ਸਟਾਪ, ਸਕੂਲ ਅਤੇ ਸ਼ਾਪਿੰਗ ਸੈਂਟਰ ਦੇ ਨੇੜੇ ਹੈ। ਇਹ ਬੇਸਮਿੰਟ 1 ਫਰਵਰੀ ਤੋਂ ਕਿਰਾਏ ਲਈ ਖਾਲੀ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :—

**ਫੋਨ : 585-2974**

## ਕਿਰਾਏ ਲਈ ਖਾਲੀ

ਦੋ ਬੈੱਡ ਰੂਮ ਦੀ ਬੇਸਮਿੰਟ ਸਵੀਟ ਨੋਊਵੈਸਟ ਮਨਿਸਟਰ ਵਿਚ ਕਿਰਾਏ ਲਈ ਖਾਲੀ ਹੈ। ਫਰਿਜ, ਸਟੋਵ, ਵਾਸ਼ਰ ਤੇ ਡਰਾਇਰ ਵੀ ਵਿਚ ਹਨ। ਕਿਰਾਇਆ 300 ਡਾਲਰ। ਹੋਰ ਜਾਣਕਾਰੀ ਲਈ ਫੋਨ ਕਰੋ :—

**ਫੋਨ : 524-3585**

## ਕਿਰਾਏ ਲਈ ਖਾਲੀ

ਰਿਚਮੰਡ ਵਿਚ ਗਰਾਊਂਡ ਲੇਵਲ ਬੇਸਮਿੰਟ ਦੋ ਬੈੱਡ ਰੂਮ ਕਿਰਾਏ ਲਈ ਖਾਲੀ ਹੈ। ਫਰਿਜ਼, ਸਟੋਵ ਵਿਚ ਹਨ। ਕਿਰਾਇਆ 375 ਡਾਲਰ। ਹੋਰ ਜਾਣਕਾਰੀ ਲਈ ਫੋਨ ਕਰੋ :

**270-3295**

## ਜਗਦੀਸ਼ ਸਿੰਘ ਨੋਟਰੀ ਪਬਲਿਕ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

## ਅਤੇ ਇੰਮੀਗਰੇਸ਼ਨ

ਦੇ ਆਮ ਮਸਲੇ ਤੇ ਇੰਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears)
Burnaby, B.C. V5H 2C8

**PHONE—Off. 433-8366**
**Res. 324-4160**

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)

# ਚਰਚਾ

## ਸਾਡੀਆਂ ਲੋੜਾਂ

**ਰਾਮ ਸਿੰਘ ਢਿੱਲੋਂ(ਗੋਰਾਇਆ)ਸਰੀ, ਬੀ.ਸੀ.**

ਸ. ਕੇਸਰ ਸਿੰਘ ਜੀ ਨਾਵਲਿਸਟ ਜਿਹੜੇ ਸਾਡੇ ਬੜੇ ਉਘੇ ਲਿਖਾਰੀ, ਵਿਦਿਅਕ ਪਖੋਂ ਸੰਪੂਰਨ ਤੇ ਜਿਨ੍ਹਾਂ ਨੂੰ ਜ਼ਿੰਦਗੀ ਦਾ ਬੜਾ ਵਿਸ਼ਾਲ ਤਜਰਬਾ ਹੈ, ਨੇ, ਉਪਰੋਕਤ ਸਿਰਲੇਖ-ਸੰਪਾਦਕੀ, ਦਵਾਰਾ, ਕੌਮ ਨੂੰ ਅਜੋਕੇ, ਅਤ-ਲੋੜੀਂਦੇ ਸਮੇਂ ਹੇਠ ਲਿਖਿਆ ਬੜਾ ਸੋਹਣਾ ਤੇ ਢੁਕਵਾਂ ਸੁਝਾਓ ਦਿਤਾ ਹੈ ਕਿ :— ਗੁਰਦੁਆਰਾ-ਕਮੇਟੀਆਂ ਦੀ ਚੋਣ, ਖਰਚ ਬਚਾਉਣ ਖਾਤਰ, ਹਰ ਦੋ ਸਾਲ ਪਿਛੋਂ ਹੋਵੇ; ਹਰ ਕਮੇਟੀ ਵਿਚੋਂ ਇਕ ਦੋ, ਪ੍ਰਤੀਨਿਧ ਲੈ ਕੇ. ਸਾਰੇ ਬੀ. ਸੀ. ਦੀ ਗੁਰਦੁਆਰਾ ਪ੍ਰਤੀਨਿਧ ਕਮੇਟੀ ਬਣਾਈ ਜਾਵੇ ਜਿਹੜੀ ਅਗੋਂ ਚੰਗੇ ਪੜ੍ਹੇ ਲਿਖੇ ਗਭਰੂਆਂ ਦੀ ਇਕ ਸਬ ਕਮੇਟੀ ਬਣਾਏ ਤੇ ਅਗੋਂ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਕਨਫੀਡੈਂਸ 'ਚ ਲੈ ਕੇ, ਉਨ੍ਹਾਂ ਨੂੰ ਖੇਡਾਂ, ਹੋਰ ਸਾਂਝੇ ਕੰਮ ਜਿਵੇਂ ਕਿ ਲੰਗਰ ਦੀ ਸੇਵਾ ਆਦਿ ਲਈ ਉਤਸ਼ਾਹਤ ਕਰੇ, ਤਾਂ ਕਿ ਬੱਚੇ, ਜਿਨਾਂ ਸਾਡੀ ਐਥੇ ਵਸਦੀ ਨਸਲ ਦੀ ਅਸਲ ਅਗਵਾਈ ਕਰਨੀ ਹੈ ਉਹ ਕੌਮ ਦੇ ਸਾਂਝੇ ਕੰਮਾਂ ਵਲ ਪ੍ਰੇਰਤ ਹੋ ਖਿਚੇ ਆਉਣ, ਆਦਿ ਆਦਿ।

ਏਸੇ ਤਰ੍ਹਾਂ ਓਸੇ ਸੰਪਾਦਕੀ ਪੰਨੇ ਉਪਰ ਸ. ਸ. ਸੁਰਿੰਦਰ ਸੰਘਾ, ਜਿਹੜੇ ਸਾਡੇ ਬੜੇ ਪੜ੍ਹੇ-ਲਿਖੇ, ਤਜਰਬਾਕਾਰ ਲਿਖਾਰੀ ਤੇ ਸਪੀਕਰ ਅਥਵਾ ਸਟੇਜ ਦੇ ਧਨੀ ਹਨ, ਦੀ ਦਿਉਲ ਸਾਹਬ ਨਾਲ ਸਵਾਲ-ਜਵਾਬ ਭੇਂਟ ਹੈ, ਜਿਸ ਵਿਚ ਸੰਘਾ ਜੀ ਨੇ 1970 ਤੋਂ ਲੈ ਕੇ ਅੱਜ ਤੱਕ ਦਾ ਆਪਣਾ ਐਥੋਂ ਦੀ ਆਪਣੀ ਕੌਮੀ-ਸਿਆਸਤ ਦਾ ਨਿੱਜੀ ਤਜਰਬਾ ਜਿਸ ਵਿਚ ਉਹ ਹਮੇਸ਼ਾਂ ਭਖਦੇ-ਮਧ ਵਿਚ ਪੇਸ਼ 2 ਰਹੇ ਹਨ, ਦਿਤਾ ਹੈ ਕਿ :— ਸਾਡੀ ਮੂਲ ਸਿਖ-ਸੰਸਥਾ, ਜਿਸ ਦੇ ਧੁਰੇ ਦੁਆਲੇ ਸਾਡੀ ਐਥੋਂ ਦੀ ਆਜ਼ਾਦੀ ਦੀ ਲਹਿਰ ਘੁੰਮਦੀ ਰਹੀ ਤੇ ਜਿਨ੍ਹਾਂ ਓਸ ਆਜ਼ਾਦੀ ਘੋਲ ਵਿਚ ਬੜਾ ਤਕੜਾ ਹਿਸਾ ਪਾਇਆ, ਖਾ: ਦੀਵਾਨ ਸੁਸਾਇਟੀ, ਵੈਨਕੂਵਰ ਜਿਹਦੇ ਸਿਰ ਬੇਸ਼ੱਕ ਕਾਫੀ ਕਰਜ਼ਾ ਭਾਰ ਵੀ ਹੈ, ਪਰ ਜਿਨ੍ਹਾਂ ਸਕੂਲ, ਬੁਢ੍ਹਾ-ਘਰ ਆਦਿ ਬਣਾਉਣ ਦਾ ਪਰੋਗਰਾਮ ਵੀ ਉਲੀਕਿਆ ਹੋਇਆ ਹੈ ਅਤੇ ਸੰਘਾ ਜੀ ਨੇ ਯੂਨੀਵਰਸਿਟੀ ਪਧਰ ਤੇ ਸਿਖ ਇਤਿਹਾਸ ਪੜ੍ਹਾਉਣਾ, ਇਮੀਗਰੇਸ਼ਨ ਬਾਰੇ ਘੋਲ ਆਦਿ ਦੱਸਦੇ ਹੋਏ ਉਨ੍ਹਾਂ ਵੀ ਹਰ ਸਾਲ ਦੀ ਬਜਾਏ, ਦੋ ਤਿੰਨ ਸਾਲ ਬਾਦ ਚੋਣਾਂ ਦਾ ਕਰਨਾ(ਤਾਂਕਿ ਹਰ ਸਾਲ ਦੇ ਹਜ਼ਾਰਾਂ ਡਾਲਰਾਂ ਦੇ ਖਰਚੇ ਤੋਂ ਬਚਿਆ ਜਾ ਸਕੇ) ਆਪਸੀ ਝਗੜਿਆਂ ਤੋਂ ਕਿਨਾਰਾ-ਕਸ਼ੀ ਅਤੇ ਨਿਰਪੱਖ ਚੋਣ ਕਮੇਟੀ ਦੀ ਨਿਯੁਕਤੀ ਆਦਿ ਕੌਮ ਨੂੰ ਪਰੋਗਰਾਮ ਦਿਤਾ ਹੈ।

ਮੈਂ ਉਪਰੋਕਤ ਦੋਵਾਂ ਮਾਣਨੀਯ ਸਜਣਾ ਦੇ ਸੁਝਾਵਾਂ ਦੀ ਦਾਦ ਦਿੰਦਾ ਹਾਂ ਅਤੇ ਆਸ ਰਖਦਾ ਹਾਂ, ਕੌਮ ਦੇ ਭਵਿਖ ਦੀ ਬੇਹਤਰੀ ਲਈ ਹੋਰ ਵੀ ਸੱਜਣ ਆਪਣਾ ਆਪਣਾ ਸੁਝਾਓ ਦੇਣਗੇ।

ਮਨ ਨੂੰ ਬੜਾ ਦੁੱਖ ਹੁੰਦਾ ਹੈ ਜਦ ਅਸੀਂ ਦੇਖਦੇ ਹਾਂ :— ਈਲੈਕਸ਼ਨਾਂ ਕਾਰਨ ਧਰਮ-ਅਸਥਾਨਾਂ ਵਿਚ ਲੜਾਈਆਂ ਤੇ ਅਮਨ ਕਾਇਮ ਰਖਣ ਆਏ ਪੁਲਸ-ਅਫਸਰਾਂ ਦੀ ਕੁਟ ਮਾਰ, ਗੁਰਦੁਆਰਾ ਈਲੈਕਸ਼ਨਾਂ ਵਿਚ ਨਾਜਾਇਜ਼ ਤੇ ਘਟੀਆ ਹਰਬਿਆਂ ਦਾ ਇਸਤੇਮਾਲ(ਗੈਰਹਾਜ਼ਰ ਵੋਟਰਾਂ ਦੀ ਥਾਂ ਕਿਸੇ ਹੋਰ ਨੂੰ ਭੁਗਤਾਉਣਾ ਆਦਿ) ਜੇ ਹੋਇਆ ਤਾਂ ਇਹ ਬੜੀ ਕਲੰਕਤ ਗਲ ਹੈ; ਮਨੋਰੰਜਨ ਦਾ ਪਰੋਗਰਾਮ ਪ੍ਰਵਾਰ ਸਮੇਤ, ਸਵਾਦ ਮਾਨਣ ਗਏ ਤੇ ਇੰਡੀਆ ਤੋਂ ਆਏ ਉਘੇ ਕਲਾਕਾਰਾਂ ਸਾਹਵੇਂ ਥੀਏਟਰਾਂ ਵਿਚ ਲੜਾਈਆਂ, ਸਾਧਾਰਨ ਗੱਲਾਂ ਬਾਤਾਂ ਦੌਰਾਨ ਗਰਮ-ਜੋਸ਼ੀ ਵਿਚ ਆ ਕੇ ਕਿਸੇ ਨੂੰ ਮਾਰ ਦੇਣਾ, ਕਿਸੇ ਵਿਆਹ ਪਾਰਟੀ ਤੇ ਐਵੇਂ ਬਿਨਾਂ ਵਜ੍ਹਾ ਕਿਸੇ ਦੇ ਚਾਕੂ ਖੋਭ ਦੇਣਾ, ਪਿਛੇ ਦੇਸ਼ ਵਿਚ ਬਿਨਾ ਵਜ੍ਹਾ ਅਛਪਛਾਤਿਆਂ ਦੇ ਕਤਲ. ਡਾਕੇ. ਧਰਮ-ਅਸਥਾਨਾਂ ਵਿਚ ਆਪਸੀ ਕਤਲੋਗਾਰਤ ਦੇ ਕਾਲੇ ਬੱਦਲ ਤੇ ਝੱਖੜਾਂ ਦਾ ਕਿਵੇਂ ਕਿਵੇਂ ਆਰਜ਼ੀ ਤੌਰ ਤੇ ਟਲ ਜਾਣਾ, ਬੇਸ਼ੱਕ ਸਥਿਤੀ ਹਾਲੇ ਵੀ ਭਿਅਕਰ ਹੀ ਦੱਸੀ ਜਾਂਦੀ ਹੈ ; ਧਰਮ-ਅਸਥਾਨਾਂ ਨੇੜਿਓਂ ਗੰਦੇ ਨਾਲਿਆਂ ਵਿਚੋਂ ਅਣਪਛਾਤੀਆਂ ਲਾਸ਼ਾਂ ਦਾ ਲੱਭਣਾ, ਧਰਮ ਅਸਥਾਨਾਂ ਉਪਰ ਇਕ ਧਿਰ ਦੇ ਕਬਜ਼ੇ ਨੂੰ ਬਜਾਏ ਆਕਿਲਾਨਾਂ ਗੱਲ-ਬਾਤ ਢੰਗ ਦੇ ਲਾਠੀ ਦੇ ਜ਼ੋਰ ਹਥਿਆਉਣਾ ਤੇ ਹਰ ਕਿਸੇ ਦਾ ਦੂਜੀ ਧਿਰ ਨੂੰ ਊਜਾਂ-ਤੋਹਮਤਾਂ ਲਾ ਕੇ ਉਹਨੂੰ ਭੰਡਣਾ ਤੇ ਕਸੂਰਵਾਰ ਠਹਿਰਾਉਣਾ, ਆਪਣੀ ਚੁਣੀ ਹੋਈ ਸਰਕਾਰਾਂ ਨੂੰ ਪਾਰਟੀਆਂ ਨੇ ਤੇ ਸਰਕਾਰਾਂ ਦਾ ਪਾਰਟੀਆਂ ਨੂੰ ਹਰ ਔਕੜ ਤੇ ਹਰ ਊਣਤਾਈ ਲਈ ਕਸੂਰਵਾਰ ਆਖਣਾ, ਅੰਤਰਰਾਸ਼ਟਰੀ ਪੱਧਰ ਤੇ ਸ਼ਕਤੀਸ਼ਾਲੀ ਮੁਖ ਸਰਕਾਰ ਦਾ ਧਰਤੀ ਦੇ ਹਰ ਹਿਸੇ ਤੇ ਅਟੇ ਸਟੇ ਅੱਧਾ ਲਖ ਟਿਕਾਣਿਆਂ ਉਪਰ ਕਰੂਜ਼ ਅਤੇ ਪਰਸਿਂਗ 2 ਦਾ ਫਿਟ ਕਰਨਾ ਤੇ ਪ੍ਰਮਾਣੂ ਜੰਗ ਨੂੰ ਬੁਲਾਵਾ ਦੇਣਾ, ਧਰਤੀ ਦੇ ਹਰ ਹਿਸੇ ਉਪਰ ਸ਼ਕਤੀ ਸ਼ਾਲੀ ਸਰਕਾਰਾਂ ਦਾ ਲੜਾਈਆਂ ਛੇੜੀ ਰੱਖਣਾ ਤੇ ਛੇੜੀ ਜਾਣ ਆਦਿ ਬੜੇ ਗੰਭੀਰ-ਡਰਾਉਣੇ ਦ੍ਰਿਸ਼ ਤੇ ਪ੍ਰਮਾਣ ਹਨ।

ਅਜ ਸਾਡਾ ਟਰੂਡੋ ਅਮਨ ਦਾ ਝੰਡਾ ਫੜੀ ਦੇਸ਼-ਦੇਸ਼ਾਂਤਰੀ ਘੁੰਮ ਰਿਹਾ ਹੈ, ਤਾਂ ਕਿ ਪ੍ਰਮਾਣੂ ਭਿਅਕਰ ਜੰਗ ਤੋਂ ਇਨਸਾਨੀਅਤ ਨੂੰ ਪਾੜਖਤੀ ਮਿਲ ਸਕੇ ਤੇ ਏਸੇ ਉਚੱਯ ਨਿਸ਼ਾਨੇ ਨੂੰ(ਅਮਨ-ਸ਼ਾਂਤੀ) ਮੁਖ ਰਖਦੇ, ਜਾਨ ਪੋਪ ਪਾਲ ਆਪਣੇ ਕਾਤਿਲ ਮੇਹਮਤ ਅਲੀ ਆਗਾ ਨੂੰ ਰੋਮ ਜੇਹਲ ਵਿਚ, ਉਹਨੂੰ ਆਪ ਜਾ ਕੇ ਐਡੇ ਉਪਦੱਰ ਤੋਂ ਮਾਫ ਕਰਦਾ ਹੈ।

ਮਰਨ ਦਾ ਦੁਖ ਮਰਨ ਵਾਲੇ ਨੂੰ ਨਹੀਂ ਬਲਕਿ ਉਹਦੇ ਸੰਬੰਧਤ ਪਿਆਰਿਆਂ ਨੂੰ ਹੋਇਆ ਕਰਦਾ ਹੈ, ਕਿਉਂ ਜੋ ਆਪਣੇ ਸੁਖਾਂ ਦਾ ਖੁਸ ਜਾਣਾ ਹੀ ਤੇ ਦੁਖ ਹੈ, ਸੋ ਉਹਦੇ ਮਰਨ ਕਾਰਨ ਜਿਹੜੀ ਘਾਟ ਤੇ ਖੱਪਾ ਪੈ ਜਾਂਦਾ ਹੈ, ਉਹਦਾ ਪੂਰੇ ਨਾ ਹੋਣ ਸਕਣ ਦਾ ਹੀ ਤੇ ਹੀਆ-ਕਲਾਪ ਹੈ। ਮੇਰੇ ਖਿਆਲ ਵਿਚ ਪ੍ਰਮਾਣੂ ਜੰਗ ਜੇ ਛਿੜ ਪਈ ਤੇ ਪ੍ਰਮਾਣੂ ਹਥਿਆਰਾਂ ਦੀ ਸ਼ਕਤੀ ਸ਼ਾਲੀ ਹਨ੍ਹੇਰੀ ਕਾਰਨ, ਇਨਸਾਨੀਅਤ ਦਾ ਖਾਤਮਾ, ਬਨਾਸਪਤੀ ਦਾ ਸੁਆਹ ਹੋ ਜਾਣਾ, ਪ੍ਰਿੰਦਿਆਂ ਤੇ ਦਰਿੰਦਿਆਂ ਸਭ ਦਾ ਹੀ ਇਕ-ਵਾਢਿਓਂ ਨਾਸ਼, ਗੋਇਆ ਏਸ ਧਰਤੀ ਦੇ ਗੋਲੇ ਉਪਰ ਸਵਾਏ ਅਗ-ਵਰ੍ਹਦੀ ਹਨ੍ਹੇਰੀ ਦੇ, ਕਿਸੇ ਇਨਸਾਨ ਤਾਂ ਕੀ ਕਿਸੇ ਹਿੱਲਦੀ ਚੀਜ਼ ਜਾਂ ਹਰਿਆਈ ਆਦਿ ਦਾ ਨਾਮੋ-ਨਿਸ਼ਾਨ ਹੀ ਮਿਟ ਜਾਵੇਗਾ। ਉਸ ਤਬਾਹੀ ਤੋਂ ਉਪਰੰਤ ਪਤਾ ਨਹੀਂ ਕਿੰਨੇ ਹਜ਼ਾਰਾਂ-ਲਖਾਂ ਸਾਲ ਬਾਦ ਮੁੜ ਹਰਿਆਈ ਤੇ ਇਨਸਾਨ ਦਾ ਮੁੱਢ ਬੱਝੇ ? ਬੱਝੇ ਵੀ ਜਾਂ ਨਾ ? ਜੇ ਬੱਝੇ ਤਾਂ ਉਹ ਇਨਸਾਨ ਪੂਛ ਵਾਲਾ, ਪਰਾਂ ਵਾਲਾ, ਲੰਮੀ ਲੰਮੀ ਜੱਤ ਵਾਲਾ, ਦੋ ਪੈਰਾਂ ਭਾਰ ਤੁਰਦਾ ਜਾਂ ਚੌਂਹ ਭਾਰ, ਲੰਮੀ ਚੁੰਜ ਜਾਂ ਲਮਕਦੇ ਬੁਲ੍ਹ ਤੇ ਵਡੇ ਵਡੇ ਛੋਟੇ ਬੜੇ ਡੇਲਿਆਂ ਵਾਲਾ, ਬੋਲਣ ਵਾਲਾ ਜਾਂ ਨਿਰਾ ਗੁਰਰ ਗੁਰਰ ਕਰਨ ਵਾਲਾ ਅਣਘੜਤ ਜੇਹਾ ਬਣ-ਪਸ਼ੂ ਹੋਵੇਗਾ ? ਕੁਝ ਨਹੀਂ ਆਖਿਆ ਜਾ ਸਕਦਾ। ਸੋ ਇਹ ਕਿਆਸੀ ਪ੍ਰਮਾਣੂ ਜੰਗ ਬਿਲਕੁਲ ਹੀ ਦੁਖਦਾਇਕ ਨਹੀਂ ਹੋਵੇਗੀ ਕਿਉਂ ਜੋ ਦੁਖ ਸੁਨਣ-ਦੱਸਣ ਵਾਲਾ ਹੀ ਕੋਈ ਨਹੀਂ ਹੋਵੇਗਾ, ਨਾ ਰਹੇ ਬਾਂਸ ਤੇ ਨਾ ਵੱਜੇ ਬਾਂਸਰੀ।

ਛੋਟੀਆਂ ਜਥੇਬੰਦੀਆਂ ਤੋਂ ਲੈ ਕੇ ਵੱਡੀਆਂ ਸਰਕਾਰਾਂ ਤਕ ਲੜਾਈ, ਈਰਖਾ, ਕੁਰਸੀ ਦੇ ਝਗੜੇ ਆਦਿ ਬੜੇ ਹੀ ਖੌਫਨਾਕ ਮਾਹੌਲ ਦਿਖਾਈ ਦੇ ਰਹੇ ਹਨ ਤੇ ਜਾਪਦਾ ਹਰ ਕੋਈ ਏਸ ਦੌੜ ਵਿਚ ਬਾਜ਼ੀ ਲੈ ਜਾਣ ਦਾ ਇੱਛਕ ਹੈ ਤੇ ਸਾਰੇ ਆਪਨੜੇ ਗਰੇਬਾਂਨ ਮੇਂ ਸਿਰ ਨੀਵਾਂ ਕਰ ਦੇਖਣਾ ਭੁਲ ਚੁਕੇ ਹੈਨ। ਗੁਰੂ ਨਾਨਕ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਲ ਘਟ ਤੇ ਚੰਡੀ ਦੀਆਂ ਵਾਰਾਂ ਵਲ ਜ਼ਿਆਦਾ ਤਵੱਜੋ ਦਿੰਦੇ ਜਾਪ ਰਹੇ ਹਨ।

ਅਰਦਾਸ ਹੈ ਹਾਂ ਕਿ ਸਾਡੀਆਂ ਪ੍ਰਬੰਧ ਕਮੇਟੀਆਂ ਵਾਤਾਵਰਨ ਨੂੰ ਸੁਖਾਵਾਂ ਤੇ ਅਮਨ ਭਰਪੂਰ ਬਣਾਉਣ ਲਈ ਤੇ ਆਪਣੀਆਂ ਕੁਰਸੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਉਪਰੋਕਤ ਸੁਝਾਵਾਂ ਨੂੰ ਜੀ ਆਇਆਂ ਆਖ ਨਵਾਂ ਪੈਂਤੜਾ ਅਪਨਾਉਣ ਦਾ ਉਪਰਾਲਾ ਕਰਨਗੀਆਂ।

## ਦੱਖਣੀ ਅਫਰੀਕਾ ਦੀਆਂ ਨਸਲੀ ਫੌਜਾਂ ਭੱਜ ਨਿਕਲੀਆਂ—ਜੰਗਬੰਦੀ ਲਈ ਤਰਲੇ

ਜੋਹਨਸਬਰਗ—ਅੰਗੋਲਾ ਦੀਆਂ ਫੌਜਾਂ ਵਲੋਂ ਕੀਤੀ ਗਈ ਕਾਰਵਾਈ ਕਾਰਨ ਦੱਖਣੀ ਅਫਰੀਕਾ ਦੀਆਂ ਫੌਜਾ ਨੇ ਦੱਖਣੀ ਅੰਗੋਲਾ ਵਿਚੋਂ ਪਿਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਪਿਛੇ ਹਟਣ ਦਾ ਐਲਾਨ ਕਰਦੇ ਹੋਏ ਦੱਖਣੀ ਅਫਰੀਕਾ ਦੀ ਨਸਲੀ ਸਰਕਾਰ ਦੇ ਬਦੇਸ਼ ਮੰਤਰੀ ਪਿਕ ਬੋਥਾ ਨੇ ਕਿਹਾ ਹੈ ਕਿ ਉਹ ਨਮੀਬੀਆ ਦੀ ਆਜ਼ਾਦੀ ਲਈ ਲੜ ਰਹੀ ਸਵਾਪੋ ਜਥੇਬੰਦੀ ਨਾਲ ਸਿਧੀ ਗੱਲਬਾਤ ਕਰਨ ਲਈ ਤਿਆਰ ਹਨ।

ਰਖਿਆ ਮੰਤਰੀ ਨੇ ਪਿਛੇ ਹਟਣ ਦਾ ਐਲਾਨ ਕਰਦੇ ਹੋਏ ਫੜ੍ਹ ਮਾਰੀ ਹੈ ਕਿ ਜੇ ਜ਼ਰੂਰੀ ਹੋਇਆ ਤਾਂ ਉਹ ਮੁੜ ਹਮਲਾ ਕਰਨਗੇ। ਦਸਿਆ ਗਿਆ ਹੈ ਕਿ ਤਿੰਨ ਦਿਨ ਤਕ ਚਲੀ ਇਸ ਘਮਸਾਨ ਲੜਾਈ ਵਿਚ ਦੱਖਣੀ ਅਫਰੀਕਾ ਦੀ ਨਸਲੀ ਸਰਕਾਰ ਨੂੰ ਭਾਰੀ ਨੁਕਸਾਨ ਪੁਜਾ ਜਦੋਂ ਕਿ ਨਮੀਬੀਆ ਦੀ ਆਜ਼ਾਦੀ ਲਈ ਲੜ ਰਹੇ 324 ਵਿਅਕਤੀ ਸ਼ਹੀਦ ਹੋ ਗਏ।

## "ਚੇਤਕ" ਹਿੰਦ ਦਾ ਮੁਖ ਲੜਾਕੂ ਟੈਂਕ ਹੋਵੇਗਾ

ਅਹਿਮਦਾਬਾਦ — ਭਾਰਤ ਵਿਚ ਹੀ ਬਣਿਆ 'ਚੇਤਕ' ਟੈਂਕ ਭਾਰਤੀ ਮਾਹੌਲ ਲਈ ਦੁਨੀਆਂ ਦੇ ਸਭ ਤੋਂ ਉਤਮ ਟੈਂਕਾਂ ਵਿਚੋਂ ਇਕ ਹੋਵੇਗਾ। ਇਹ ਗਲ ਹਥਿਆਰਬੰਦ ਕੋਰ ਸੈਂਟਰ ਅਤੇ ਸਕੂਲ ਦੇ ਜੈਨਰਲ ਕਮਾਂਡਿੰਗ ਮੇਜਰ ਜਨਰਲ ਐਮ. ਮਾਇਆ ਦਾਸ ਨੇ ਦਸੀ। ਉਹਨਾਂ ਬੰਬਈ ਤੋਂ ਇਸ ਸੰਸਥਾ ਨੂੰ ਦੇਖਣ ਆਏ ਪਤਰਕਾਰਾਂ ਦੀ ਇਕ ਟੋਲੀ ਨੂੰ ਦਸਿਆ ਕਿ ਇਸ ਟੈਂਕ ਦਾ ਨਮੂਨਾ ਰਖਿਆ ਮੰਤਰਾਲੇ ਦੇ ਖੋਜ ਅਤੇ ਵਿਕਾਸ ਵਿੰਗ ਨੇ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ 'ਚੇਤਕ' ਨੂੰ ਪਰਖਿਆ ਜਾ ਰਿਹਾ ਹੈ ਅਤੇ ਭਵਿਖ ਵਿਚ ਇਹ ਦੇਸ਼ ਦਾ ਮੁੱਖ ਲੜਾਕੂ ਟੈਂਕ ਹੋਵੇਗਾ ਪਰ ਇਸ ਦਾ ਉਤਪਾਦਨ ਹਾਲੇ ਸ਼ੁਰੂ ਨਹੀਂ ਹੋਇਆ।

ਉਨ੍ਹਾਂ ਕਿਹਾ ਕਿ ਹਿੰਦ ਪਾਕ ਜੰਗ ਦੌਰਾਨ ਭਾਰਤ 'ਚ ਬਣੇ ਪਹਿਲੇ ਟੈਂਕ 'ਵਿਜੈਂਤਾ' ਦੀ ਕਾਮਯਾਬੀ ਨਾਲ ਹਿੰਦ ਨੇ ਲੜਾਕੂ ਟੈਂਕ ਤਿਆਰ ਕਰਨ ਵਿਚ ਆਪਣੀ ਅਹਿਮ ਥਾਂ ਬਣਾ ਲਈ ਹੈ। ਵਿਜੈਤਾ ਟੈਂਕ ਸੋਵੀਅਤ ਯੂਨੀਅਨ ਵਿਚ ਬਣੇ ਟੀ 542 ਟੀ 55 ਅਤੇ ਟੀ 72 ਦੇ ਨਾਲ ਨਾਲ ਭਾਰਤੀ ਹਥਿਆਰਬੰਦ ਕੋਰਜ਼ ਵਿਚ ਇਕ ਪ੍ਰਮੁਖ ਰੋਲ ਅਦਾ ਕਰ ਰਿਹਾ ਹੈ।

ਯਾਦ ਰਹੇ ਮਹਾਰਾਣਾ ਪਰਤਾਪ ਦੇ ਬਹਾਦਰ ਘੋੜੇ ਦਾ ਨਾਉਂ "ਚੇਤਕ" ਸੀ ਅਤੇ ਇਸੇ ਦੇ ਆਧਾਰ ਤੇ ਨਵੇਂ ਟੈਂਕ ਨੂੰ ਇਹ ਨਾਉਂ ਦਿਤਾ ਪਰਤੀਤ ਹੁੰਦਾ ਹੈ।

## ਖੱਬੇ ਪੱਖੀ ਚੋਣਾਂ ਲੜਨਗੇ

ਵੈਨਕੂਵਰ—ਕਮਿਊਨਿਸਟ ਪਾਰਟੀ ਆਫ ਕੈਨੇਡਾ ਆਉਂਦੀਆਂ ਫੈਡਰਲ ਚੋਣਾਂ ਵਿਚ ਦਸ ਤੋਂ ਬਾਰਾਂ ਉਮੀਦਵਾਰ ਬੀ. ਸੀ. ਵਿਚ ਖੜ੍ਹੇ ਕਰੇਗੀ।

ਬੀ. ਸੀ. ਪਾਰਟੀ ਦੇ ਆਗੂ ਮੌਰਿਸ ਰਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੱਤ ਉਮੀਦਵਾਰਾਂ ਦੀ ਚੋਣ ਲੜਨ ਲਈ ਚੋਣ ਕਰ ਲਈ ਗਈ ਹੈ। ਇਨ੍ਹਾਂ ਵਿਚ ਤਿੰਨ ਆਈਲੈਂਡ ਤੇ ਚਾਰ ਲੋਅਰ ਮੇਨਲੈਂਡ ਤੋਂ ਚੋਣ ਲੜਨਗੇ।

ਅਗਲੇ ਦਸਾਂ ਦਿਨਾਂ ਵਿਚ ਵੈਨਕੂਵਰ ਈਸਟ, ਨਾਰਥ - 11 ਵੈਨਕੂਵਰ-ਬਰਨਬੀ ਅਤੇ ਰਿਚਮੰਡ-ਸਾਊਥ ਡੈਲਟਾ ਲਈ ਵੀ ਉਮੀਦਵਾਰਾਂ ਦੀ ਚੋਣ ਦਾ ਕੰਮ ਮੁਕੰਮਲ ਹੋ ਜਾਵੇਗਾ।

**'ਕੈਨੇਡਾ ਦਰਪਣ', ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪ੍ਰੇਰੋ।**


# ਨਾਇਬ ਸਿੰਘ ਬਰਾੜ R.I.(B.C)

# ਨੋਟਰੀ ਪਬਲਿਕ

- ਘਰ ਜਾਂ ਕਿਸੇ ਤਰਾਂ ਦੀ ਜਾਇਦਾਦ ਵੇਚਣ ਦੇ ਜਾਂ ਖ੍ਰੀਦਣ ਦੇ ਕਾਗਜ਼ ਤਿਆਰ ਕਰਨੇ
- ਮਾਰਗੇਜ਼ ਲੈਣੀ ਜਾਂ ਕੈਂਸਲ ਕਰਨੀ
- ਐਫੀਡੇਵਿਟ ਤੇ ਡੇਕਲਾਰੇਸ਼ਨ
- ਨਾਮ ਦੀ ਤਬਦੀਲੀ
- ਬਾਹਰੋਂ ਆਉਣ ਵਾਲੇ ਰਿਸ਼ਤੇਦਾਰਾਂ ਲਈ ਰਾਹਦਾਰੀ ਆਦਿ
- ਵਸੀਅਤ (Last Will)
- ਫੋਟੋ ਕਾਪੀਇੰਗ
- ਪਾਸਪੋਰਟ ਦੇ ਕਾਗਜ਼ਾਤ ਤਿਆਰ ਕਰਨੇ

**Ph. 321-2911**


### ਸ਼ੌਹਰ ਕੇ ਸਿਵਾ

ਰਾਜ ਕੁਮਾਰ ਜੈਨ

ਕਲਕੱਤੇ ਦੀ ਮਸ਼ਹੂਰ ਵੇਸਵਾ ਗੌਹਰ ਜਾਨ, ਇਕ ਵਾਰ ਮਸ਼ਹੂਰ ਜ਼ਮਾਨਾ ਸ਼ਾਇਰ ਅਕਬਰ ਅੱਲਾਹ ਬਾਦੀ ਨੂੰ ਮਿਲਣ ਆਈ। ਥੋੜੀ ਦੇਰ ਗੱਲ-ਬਾਤ ਕਰਨ ਤੋਂ ਪਿਛੋਂ ਗੌਹਰ ਨੇ ਅਕਬਰ ਸਾਹਿਬ ਨੂੰ ਕੋਈ ਸ਼ਿਅਰ ਸੁਣਾਉਣ ਲਈ ਅਨੁਰੋਧ ਕੀਤਾ। ਪਹਿਲਾਂ ਤਾਂ ਅਕਬਰ ਸਾਹਿਬ ਨੇ ਟਾਲਣਾ ਚਾਹਿਆ ਪਰ ਗੌਹਰ ਜਾਨ ਦੇ ਵਾਰ ਵਾਰ ਕਹਿਣ ਤੇ ਅਕਬਰ ਸਾਹਿਬ ਨੇ ਇਹ ਸ਼ਿਅਰ ਸੁਣਾਇਆ :

"ਹੈ ਕੌਣ ਖ਼ੁਸ਼ਕਿਸਮਤ ਯਹਾਂ ਪਰ ਆਜ ਗੌਹਰ ਕੇ ਸਿਵਾ।
ਸਭ ਕੁਛ ਖ਼ੁਦਾ ਨੇ ਦੇ ਰੱਖਾ ਹੈ; ਏਕ ਸ਼ੌਹਰ ਕੇ ਸਿਵਾ।"

ਗੌਹਰ ਜਾਨ ਸ਼ਰਮ ਦੀ ਮਾਰੀ ਕੰਨਾਂ ਤੋਂ ਗੱਲ੍ਹਾਂ ਤਕ ਸੂਹੀ ਹੋ ਗਈ।

ਅਨੁ: ਮਹਿੰਦਰ ਸਾਥੀ


**Harcharan S. Sanghera**

**B.A.,(Hons.)B.T.**

We wish to let everybody know, that Harry, top salesman has rejoined our firm, and is eager to help in matters of real estate.

**Call (403)274-9586**

**COMMISSIONER FOR OATHS**

**HEIN** REAL ESTATE CORPORATION 272-3382



ਹਰਚਰਨ ਸਿੰਘ ਸੰਘੇੜਾ

**ਐਬਟਸਫੋਰਡ ਬੇਰੀ ਫਾਰਮ, ਜਾਂ ਮਕਾਨ ਖ੍ਰੀਦਣਾ ਹੋਵੇ ਤਾਂ ਮਿਲੋ—**

**TOP SALESMAN Since 1978**

**PAUL GILL**

**Farms for Sale :-**

1. 15 Acres for $98000
2. 37 Acres for $220000
3. 25 Acres, BARNS and HOUSE in ALDERGROVE asking $155000
4. Chicken Farm 123 Case Egg quota

and more farms in 2,8,9,20,30,80 Acre parcel

**TRY TRADES**



**Res. 853-0493 Off. 853-6411 Or 524-2215**

**BLOCK BROS. REALTY Ltd.**

**32641 South Fraserway Abbotsford, B.C.**

# ਫ਼ਿਲਮ ਦਰਪਣ

## ਆਉਣ ਵਾਲੀ ਫ਼ਿਲਮ ਦਾ ਤਰਾਮਾ

# ਖੰਡਰ



ਸ਼ਹਿਰ ਦੀ ਰੁਝੇਵੇਂ ਭਰੀ ਅਤੇ ਸ਼ੋਰ-ਸ਼ਰਾਬੇ ਵਾਲੀ ਜ਼ਿੰਦਗੀ ਤੋਂ ਦੂਰ ਸਕੂਨ ਦੀ ਤਲਾਸ਼ ਵਿਚ ਤਿੰਨ ਦੋਸਤ ਕਿਤੇ ਦੂਰ ਜਾਣ ਦੀ ਸਲਾਹ ਕਰਦੇ ਹਨ। ਉਹ ਸਮਝਦੇ ਹਨ ਕਿ ਕਿਧਰੇ ਦੂਰ ਜਾ ਕੇ ਹਲਕਾਪਨ ਮਹਿਸੂਸ ਕਰੀਏ। ਉਹਨਾਂ ਦਾ ਇਕ ਦੋਸਤ ਆਪਣੀ ਰਿਸ਼ਤੇਦਾਰੀ ਚੋਂ ਲਗਦੀ ਇਕ ਭੈਣ ਦੇ ਪਿੰਡ ਚੱਲਣ ਦੀ ਸਲਾਹ ਦਿੰਦਾ ਹੈ। ਤਿੰਨੇ ਬੈਲ-ਗੱਡੀ ਤੇ ਚੱਲ ਪੈਂਦੇ ਹਨ ਅਤੇ ਜਿਉਂ ਜਿਉਂ ਉਹ ਤੁਰਦੇ ਜਾਂਦੇ ਹਨ, ਉਹਨਾਂ ਨੂੰ ਸੰਸਾਰਿਕ ਸਮੱਸਿਆਵਾਂ ਵਿਚ ਜਕੜੀ ਜ਼ਿੰਦਗੀ ਦਾ ਅਹਿਸਾਸ ਦਬੋਚਦਾ ਚਲਾ ਆਉਂਦਾ ਹੈ।

ਓਹ ਜਿਸ ਥਾਂ ਪਹੁੰਚਦੇ ਹਨ, ਉਥੇ ਸਿਰਫ ਸੁੰਨੇ ਖੰਡਰ ਹੀ ਨਜ਼ਰ ਆਉਂਦੇ ਹਨ। ਪਤਾ ਲਗਦਾ ਹੈ ਕਿ ਕਿਸੇ ਮਹਾਂਮਾਰੀ ਦੇ ਡਰ ਨਾਲ ਲੋਕ ਇਹ ਥਾਂ ਛੱਡ ਕੇ ਜਾ ਚੁਕੇ ਸਨ। ਉਹਨਾਂ ਸੁੰਨਸਾਨ ਖੰਡਰਾਂ ਵਿਚ ਇਕ ਲੜਕੀ ਯਾਮਿਨੀ (ਸ਼ਬਾਨਾ ਆਜ਼ਮੀ) ਰਹਿੰਦੀ ਹੈ ਜੋ ਇਸ ਲਈ ਨਹੀਂ ਜਾ ਸਕੀ ਕਿਉਂਕਿ ਉਸ ਦੀ ਮਾਂ (ਗੀਤਾ ਸੇਨ) ਅਪਾਹਜ ਹੈ। ਉਹ ਬਿਸਤਰੇ ਤੇ ਬੈਠ ਵੀ ਨਹੀਂ ਸਕਦੀ। ਯਾਮਿਨੀ ਨੂੰ ਆਪਣੀ ਮਾਂ ਨਾਲ ਬਹੁਤ ਪਿਆਰ ਹੈ। ਉਮ ਦਿਨ ਰਾਤ ਮਾਂ ਦੀ ਸੇਵਾ ਕਰਦੀ ਰਹਿੰਦੀ ਹੈ। ਤਿੰਨੇ ਦੋਸਤ (ਨਸੀਰੂਦੀਨ ਸ਼ਾਹ, ਪੰਕਜ ਕਪੂਰ ਅਤੇ ਅਨੂ ਕਪੂਰ) ਉਥੇ ਵਖ ਵਖ ਘਰ ਵਿਚ ਰਹਿੰਦੇ ਹਨ ਜਿਥੇ ਉਹਨਾਂ ਦੀ ਸੇਵਾ ਕਰਨ ਵਾਲੀ ਲੜਕੀ (ਸ਼ੀਲਾ ਮਜੂਮਦਾਰ) ਹੁੰਦੀ ਹੈ।

ਉਹਨਾਂ ਦੋਸਤਾਂ ਵਿਚੋਂ ਸੁਭਾਸ਼ (ਨਸੀਰੂ) ਇਕ ਫੋਟੋਗਰਾਫਰ ਹੈ। ਉਹ ਆਪਣਾ ਕੈਮਰਾ ਲੈ ਕੇ ਉਹਨਾਂ ਖੰਡਰਾਂ ਵਿਚ ਨਿਕਲ ਜਾਂਦਾ ਹੈ ਅਤੇ ਜੀ ਭਰ ਕੇ ਫੋਟੋਗ੍ਰਾਫੀ ਕਰਦਾ ਰਹਿੰਦਾ ਹੈ। ਜਦ ਉਹ ਇਕ ਦੀਵਾਰ ਤੇ ਚੜ੍ਹਕੇ ਅੱਗੇ ਵਧਣਾ ਚਾਹੁੰਦਾ ਤਾਂ ਉਸ ਦਾ ਦੂਸਰਾ ਦੋਸਤ ਕਹਿੰਦਾ ਹੈ ਕਿ ਉਹ ਪੈਰ ਸੰਭਾਲਕੇ ਰੱਖੇ ਕਿਉਂਕ ਇਮਾਰਤ ਦੀ ਕੋਈ ਵੀ ਦੀਵਾਰ ਕਦੇ ਵੀ ਡਿਗ ਸਕਦੀ ਹੈ। ਜਿਥੇ ਉਹ ਖੜ੍ਹੇ ਹਨ, ਬੈਠੇ ਹਨ—ਉਹ ਸਭ ਢੱਠੇ ਹੋਏ ਖੰਡਰਾਂ ਦੀ ਰਹਿੰਦ-ਖੂੰਹਦ ਹੈ।

ਯਾਮਿਨੀ ਅੰਦਰੋ ਅੰਦਰ ਹੀ ਘੁਲਦੀ ਹੋਈ ਲੜਕੀ ਹੈ। ਉਸ ਦੀ ਵਿਥਿਆ ਸੁਣਨ ਵਾਲਾ ਕੋਈ ਨਹੀਂ ਹੈ। ਨਾ ਹੀ ਕੋਈ ਅਜਿਹਾ ਹੈ ਜੋ ਉਸ ਦਾ ਕੋਈ ਦੁਖ-ਸੁਖ ਵੰਡਾ ਸਕੇ। ਕੋਈ ਵੀ ਉਸ ਨਾਲ ਇਸ ਲਈ ਹਮਦਰਦੀ ਨਹੀਂ ਰੱਖਦਾ ਕਿਉਂਕਿ ਹਰ ਕੋਈ ਉਸ ਦੀ ਅਪਾਹਜ ਮਾਂ ਦਾ ਭਾਰ ਉਠਾਉਣ ਤੋਂ ਕੰਨੀ ਕਤਰਾਉਂਦਾ ਹੈ।

ਯਾਮਿਨੀ ਦੇ ਦਿਮਾਗ਼ ਵਿਚ ਇਕ ਨਿਰੰਜਨ ਦੀ ਕਲਪਨਾ ਹੈ। ਕੋਈ ਨਿਰੰਜਨ ਹੈ ਜੋ ਕਦੇ ਉਸ ਦਾ ਪ੍ਰੇਮੀ ਰਿਹਾ ਪਰ ਉਹ ਵੀ ਉਸ ਨੂੰ ਛੱਡ ਕੇ ਚਲਾ ਗਿਆ। ਉਸ ਦੀ ਮਾਂ ਜਾਣਦੀ ਹੈ ਕਿ ਯਾਮਿਨੀ ਅਤੇ ਨਿਰੰਜਨ ਇਕ ਦੂਜੇ ਨੂੰ ਚਾਹੁੰਦੇ ਹਨ ਪਰ ਉਸ ਨੂੰ ਪਤਾ ਨਹੀਂ ਕਿ ਦੂਜਿਆਂ ਵਾਂਗ ਨਿਰੰਜਨ ਵੀ ਉਸ ਨੂੰ ਛੱਡ ਕੇ ਜਾ ਚੁਕਿਆ ਹੈ। ਮਾਂ ਕਹਿੰਦੀ ਹੈ ਕਿ ਯਾਮਿਨੀ ਨਿਰੰਜਨ ਨੂੰ ਘਰ ਲੈ ਆਵੇ। ਜੋ ਕੁਝ ਰੁੱਖਾ-ਸੁੱਕਾ ਹੈ ਉਸ ਨਾਲ ਹੀ ਉਸ ਦਾ ਸਤਿਕਾਰ ਕਰੇ। ਪਰ ਯਾਮਿਨੀ ਕੋਈ ਜਵਾਬ ਨਹੀਂ ਦਿੰਦੀ। ਉਹ ਸਿਰਫ ਅੰਦਰੋ-ਅੰਦਰ ਹੀ ਕ੍ਰਿਝਦੀ ਰਹਿੰਦੀ ਹੈ।

ਇਕ ਦਿਨ ਮੰਦਰ ਜਾਂਦੇ ਸਮੇਂ ਸੁਭਾਸ਼ ਫੋਟੋ ਖਿਚਦਾ ਹੋਇਆ ਮਿਲ ਜਾਂਦਾ ਹੈ। ਯਾਮਿਨੀ ਸੁਭਾਸ਼ ਨੂੰ ਵੇਖਦੀ ਹੈ। ਭਾਵੁਕ ਹੋ ਕੇ ਨਿਰੰਜਨ ਦੀ ਹੋਂਦ ਮਹਿਸੂਸ ਕਰਦੀ ਹੈ। ਸੁਭਾਸ਼ ਵੀ ਦੇਖਦਾ ਹੈ। ਯਾਮਿਨੀ ਉਸ ਨੂੰ ਅੱਛੀ ਲਗਦੀ ਹੈ। 'ਤੁਸੀਂ ਨਿਰੰਜਨ ਹੋ ਨਾ?' ਯਾਮਿਨੀ ਉਸ ਨੂੰ ਪੁਛਦੀ ਹੈ। ਸੁਭਾਸ਼ ਹਾਂ ਵਿਚ ਜਵਾਬ ਦੇ ਦਿੰਦਾ ਹੈ। ਬਸ ਫਿਰ ਦੋਹਾਂ ਵਿਚਕਾਰ ਇਕ ਖਿੱਚ ਜਿਹੀ ਪੈਦਾ ਹੋ ਜਾਂਦੀ ਹੈ।

ਸੁਭਾਸ਼ ਆਪਣੇ ਦੋਸਤਾਂ ਨੂੰ ਦੱਸਦਾ ਹੈ ਕਿ ਉਹ ਮਿਲੀ ਸੀ। ਉਹਨਾਂ ਨੂੰ ਹੈਰਾਨੀ ਹੁੰਦੀ ਹੈ। ਰਿਸ਼ਤੇ ਚੋਂ ਯਾਮਿਨੀ ਦਾ ਭਰਾ ਲੱਗਣ ਵਾਲਾ ਦੋਸਤ ਉਸ ਨੂੰ ਕਹਿੰਦਾ ਹੈ ਕਿ ਉਹ ਕਿਸ਼ ਬਾਰੇ ਸੋਚਣ ਲਗ ਪਿਆ ਹੈ। ਅਸਲੀਅਤ ਸੁਭਾਸ਼ ਦੀ ਚਾਹਤ ਨੂੰ ਅੱਗੇ ਨਹੀਂ ਵਧਣ ਦਿੰਦੀ। ਸੁਭਾਸ਼ ਵਿਚ ਨਿਰੰਜਨ ਦਾ ਰੂਪ ਵੇਖ ਕੇ ਯਾਮਿਨੀ ਜੀਣ ਦਾ ਸਹਾਰਾ ਮਹਿਸੂਸ ਕਰਦੀ ਹੈ। ਫਿਰ ਸੁਪਨੇ ਟੁਟ ਜਾਂਦੇ ਹਨ ਜਦ ਅਸਲੀਅਤ ਦਾ ਪਤਾ ਲਗਦਾ ਹੈ। ਜਦ ਯਾਮਿਨੀ ਦੀ ਮਾਂ ਉਸੇ ਨਿਰੰਜਨ ਨੂੰ ਘਰ ਲੈ ਜਾਣ ਲਈ ਕਹਿੰਦੀ ਹੈ ਤਾਂ ਯਾਮਿਨੀ ਬਿਫਰ ਪੈਂਦੀ ਹੈ। ਫਿਰ ਮਾਂ ਨੂੰ ਲਿਪਟਕੇ ਰੋਣ ਲਗ ਪੈਂਦੀ ਹੈ। ਕਹਿੰਦੀ ਹੈ :'ਮਾਂ ਮੈਨੂੰ ਸਮਝਣ ਦੀ ਕੋਸ਼ਿਸ਼ ਕਰੋ।' ਪਰ ਅਪਾਹਜ ਮਾਂ ਬੇਟੀ ਦੀਆਂ ਅੰਦਰਲੀਆਂ ਭਾਵਨਾਵਾਂ ਨੂੰ ਨਹੀਂ ਸਮਝ ਸਕਦੀ ਅਤੇ ਚੁਪ ਰਹਿ ਜਾਂਦੀ ਹੈ।

ਸੁਭਾਸ਼ ਦੇ ਦੋਸਤ ਵਾਪਸ ਜਾ ਰਹੇ ਹਨ। ਬੈਲ-ਗੱਡੀ ਤੇ ਸਮਾਨ ਲੱਦਿਆ ਜਾ ਚੁਕਿਆ ਹੈ। ਸੁਭਾਸ਼ ਕੈਮਰਾ ਲੈ ਕੇ ਅੰਤਿਮ ਛਣਾਂ ਵਿਚ ਭੱਜਦਾ ਹੈ। ਦੇਖਦਾ ਹੈ ਕਿ ਉਸ ਦੇ ਕੈਮਰੇ ਵਿਚ ਯਾਮਿਨੀ ਦੀ ਤਸਵੀਰ ਬੰਦ ਹੁੰਦੀ ਚਲੀ ਜਾਂਦੀ ਹੈ। ਉਹ ਧੰਨਵਾਦ ਕਹਿ ਵਾਪਸ ਚਲਾ ਜਾਂਦਾ ਹੈ। ਯਾਮਿਨੀ ਸਿਰਫ ਵੇਖਦੀ ਚਲੀ ਜਾਂਦੀ ਹੈ—ਭਰੀਆਂ ਭਰੀਆਂ ਅੱਖਾਂ ਨਾਲ।

ਸੁਭਾਸ਼ ਵਾਪਸ ਸ਼ਹਿਰ ਪਹੁੰਚ ਕੇ ਇਕ ਲੜਕੀ ਦੀ ਤਸਵੀਰ ਖਿੱਚ ਰਿਹਾ ਹੁੰਦਾ ਹੈ। ਉਸ ਨੂੰ ਉਸ ਲੜਕੀ ਵਿਚੋਂ ਯਾਮਿਨੀ ਹੀ ਯਾਮਿਨੀ ਨਜ਼ਰ ਆਉਂਦੀ ਹੈ। ਪਰ ਉਹ ਫਿਰ ਵੀ ਖੁਦ ਨੂੰ ਯਾਮਿਨੀ ਨੂੰ ਅਪਣਾਉਣ ਲਈ ਤਿਆਰ ਨਹੀਂ ਕਰ ਸਕਦਾ ਕਿਉਂਕਿ ਯਥਾਰਥ ਸੋਚਾਂ ਤੇ ਭਾਰੀ ਪੈ ਜਾਂਦਾ ਹੈ। □

ਵਿਨੋਦ ਖੰਨਾ ਤੇ ਰੀਨਾ ਰਾਏ ਫਿਲਮ 'ਇਨਸਾਨ' ਵਿਚ



ਰਾਤੀਂ ਪਰਦਿਆਂ ਪਿੱਛੇ ਜੋ ਕੁਝ ਵਾਪਰਿਆ ਸੀ
ਯਾਦ ਸਵੇਰੇ ਕਰ ਕਰ ਕੇ ਸ਼ਰਮਾਏ ਪਰਦੇ।

ਗੁਲਜ਼ਾਰ ਸਾਹਬ ਨੇ ਦੋਸ਼ ਲਾਇਆ ਹੈ ਕਿ ਸਵਰਗੀ ਮੀਨਾ ਕੁਮਾਰੀ ਨੂੰ ਉਸ ਦੀ ਭੈਣ ਖੁਰਸ਼ੀਦ ਨੇ ਵਿਸਕੀ ਵਿਚ ਠੱਰ੍ਹਾ ਦੇ ਕੇ ਮਾਰਿਆ ਸੀ। ਇਸ ਲਈ ਮੀਨਾ ਕੁਮਾਰੀ ਦੇ ਸਕੇ-ਸੰਬੰਧੀਆਂ ਨੂੰ ਨਾ ਉਸ ਨਾਲ ਕੋਈ ਮੁਹੱਬਤ ਸੀ ਤੇ ਨਾ ਹੀ ਮੀਨਾ ਦੀਆਂ ਪਿਛੇ ਰਹਿ ਗਈਆਂ ਚੀਜ਼ਾਂ ਤੇ ਉਹਨਾਂ ਦਾ ਕੋਈ ਹੱਕ ਹੈ।
ਅਸੀਂ ਗੁਲਜ਼ਾਰ ਸਾਹਿਬ ਨੂੰ ਪੁਛਣਾ ਚਾਹੁੰਦੇ ਹਾਂ ਕਿ ਜੇ ਮੀਨਾ ਕੁਮਾਰੀ ਦੀ ਮੌਤ ਕੁਦਰਤੀ ਨਹੀਂ ਸੀ ਅਰਥਾਤ ਉਸ ਦੀ ਮੌਤ ਉਸ ਦੀ ਭੈਣ ਖੁਰਸ਼ੀਦ ਵਲੋਂ ਵਿਸਕੀ ਵਿਚ ਦਿਤੇ ਠਰ੍ਹੇ ਕਾਰਨ ਹੋਈ ਹੈ ਤਾਂ ਫਿਰ ਏਨੀ ਦੇਰ 'ਸੱਚ' ਨੂੰ ਉਜਾਗਰ ਕਰਨ ਵਾਲਾ ਲਿਖਾਰੀ ਚੁਪ ਕਿਉਂ ਬੈਠਾ ਰਿਹਾ?
ਉਸ ਨੂੰ ਸੱਚਾਈ ਦਾ ਇਹ ਭਾਂਡਾ ਤੁਰੰਤ ਖੁਰਸ਼ੀਦ ਦੇ ਮੂੰਹ ਅੱਗੇ ਭੰਨ ਦੇਣਾ ਚਾਹੀਦਾ ਸੀ ਪਰ......।

× ×

ਪੰਜਾਬ ਦੀ ਮੌਜੂਦਾ ਤਨਾਅ-ਪੂਰਨ ਸਥਿਤੀ ਦੇਖ ਕੇ ਫਿਲਮ 'ਸੋਹਣੀ ਮਹੀਵਾਲ' ਦੇ ਨਿਰਮਾਤਾ ਨੇ ਫਿਲਮ ਦੀ ਜਿਹੜੀ ਸ਼ੂਟਿੰਗ ਪੰਜਾਬ ਵਿਚ ਕਰਨੀ ਸੀ, ਉਹ ਹੁਣ ਬੰਬਈ ਵਿਚ ਹੀ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਫਿਲਮ ਵਿਚ ਸੰਨੀ ਦਿਓਲ ਨਾਲ ਪੂਨਮ ਢਿਲੋਂ ਹੀਰੋਇਨ ਹੈ।

ਸ੍ਰੀ ਦੇਵੀ ਤੇ ਕੁਨਾਲ ਗੋਸਵਾਮੀ 'ਕਲਾਕਾਰ' ਫਿਲਮ ਵਿਚ ਹੀਰੋ-ਹੀਰੋਇਨ ਨਹੀਂ ਆ ਰਹੇ ਸਗੋਂ ਹੋਰ ਵੀ ਕਈ ਫਿਲਮਾਂ ਵਿਚ ਇਕੱਠੇ ਆ ਰਹੇ ਹਨ। ਇਸ ਲਈ ਅੱਜ ਕਲ੍ਹ 'ਲਾਲ' ਦੀਆਂ ਬਹੁਤੀਆਂ ਸ਼ਾਮਾਂ ਸ੍ਰੀ ਦੇਵੀ ਦੇ ਕਮਰੇ ਵਿਚ ਹੀ 'ਪਟਕਥਾ' ਬਾਰੇ 'ਡਿਸਕਸ' ਕਰਦਿਆਂ ਬੀਤਦੀਆਂ।


# ਮਾਨ ਮਿਊਜ਼ਿਕ ਵੀਡੀਓ ਐਂਡ ਫ਼ੋਟੋ ਸਟੂਡੀਓ

**6512 ਮੇਨ ਸਟਰੀਟ 49th Ave.**
**(ਪੰਜਾਬ ਮਾਰਕਿਟ ਵਿਚ)**

Mail Order Accepted

LOVE SONGS ਦੀਆਂ 8 ਟੇਪਾਂ (90 ਮਿੰਟਾਂ) ਮਾਨ ਮਿਊਜ਼ਿਕ ਤੋਂ ਖਰੀਦੋ, ਜਿੰਨ੍ਹਾਂ ਵਿਚ 1980 ਤੋਂ ਲੈ ਕੇ 1983 ਤੱਕ ਦੇ ਸਾਰੇ ਸੁਪਰ ਹਿਟ ਹਿੰਦੀ ਗਾਣੇ ਹਨ।



15 ਨੰਬਰ ਧਾਰਮਿਕ ਗਾਣਿਆਂ ਦੀ ਟੇਪ ਜਿਸ ਵਿਚ ਨਰਿੰਦਰ ਬੀਬਾ ਦੇ ਧਾਰਮਿਕ ਗਾਣੇ ਹਨ(ਭਗਤ ਰਵੀਦਾਸ ਦੇ)
ਇਸ ਤੋਂ ਇਲਾਵਾ 14 ਹੋਰ ਧਾਰਮਿਕ ਟੇਪਾਂ ਹਨ ਜਿੰਨ੍ਹਾਂ ਵਿਚ ਸਿਰਫ ਧਾਰਮਿਕ ਗੀਤ ਹਨ ਵੱਖ ਵੱਖ ਸਿੰਗਰਾਂ ਦੇ

**ਸ਼ਬਦਾਂ ਦੀਆਂ ਟੇਪਾਂ ਵੱਖ ਵੱਖ ਕੀਰਤਨੀਏ ਜੱਥੇ :**

ਜਿਵੇਂ ਭਾਈ ਗੋਪਾਲ ਸਿੰਘ ਰਾਗੀ
ਭਾਈ ਹਰਬੰਸ ਸਿੰਘ ਜਗਾਧਰੀ ਵਾਲੇ
ਭਾਈ ਦਰਸ਼ਨ ਸਿੰਘ ਜੀ(11VOL), ਭਾਈ ਬਖਸ਼ੀਸ਼ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਦਵਿੰਦਰ ਸਿੰਘ ਤੇ ਸੰਤ ਸਿੰਘ ਮਸਕੀਨ ਹੋਰਾਂ ਦੀਆਂ ਕੁਲ 25 ਟੇਪਾਂ ਦਾ ਸੈੱਟ

**ਪੰਜਾਬੀ ਫਿਲਮ, ਲੌਂਗ ਦਾ ਲਿਸ਼ਕਾਰਾ ਬਹੁਤ ਜਲਦ ਰੀਲੀਜ਼ ਹੋ ਰਹੀ ਹੈ**

ਇੰਡੀਆਂ ਦੀ ਬਿਜਲੀ ਤੇ ਚਲਣ ਵਾਲਾ 4 Band Radio ਨਾਲ 4 ਸਪੀਕਰ
SANYO COMPANY ਦਾ 110-220

**SANYO**



**Electric Iron 220 V Blender 220 V Available**

**ਪਾਸਪੋਰਟ ਜਾਂ ਸਿਟੀਜਨਸ਼ਿਪ ਦੀ ਫੋਟੋ ਸਿਰਫ 5 ਮਿੰਟ ਵਿਚ ਖਿਚਵਾਓ**

**ਵਿਆਹ ਦੀ ਵੀਡੀਓ ਮੂਵੀ ਬਨਾਉਣ ਲਈ ਜਾਂ ਫੋਟੋਆਂ ਖਿਚਵਾਉਣ ਲਈ**

**Proffessonal Service ਲਈ ਗੁਰਪਾਲ ਮਾਨ ਨੂੰ**

**ਫੋਨ ਕਰੋ : (604)321-6667**

**ਹੋਰ ਜਾਣਕਾਰੀ ਲਈ : ਸੰਗੀਤ ਸੰਸਾਰ**

**ਹਰ ਐਤਵਾਰ 12.25 - 1.00 P.M.**
**8.05 - 9.00 P.M.**

**800 AM. C.J.J.C. LANGLEY**
**(Live From Punjabi Market)**

# ਧਾਰਮਿਕ ਦਰਪਣ

ਦਸ ਕਿਸ਼ਤਾਂ ਵਿਚ ਪੂਰਾ ਹੋਣ ਵਾਲਾ ਵਿਸ਼ੇਸ਼ ਦਾਰਸ਼ਨਿਕ ਲੇਖ :—

## ਮੂਲ ਮੰਤ੍ਰ

ਕਿਸ਼ਤ ਪਹਿਲੀ

## ਜਾਣ ਪਛਾਣ

ਹਰਚੰਦ ਸਿੰਘ (ਮੈਨੀਟੋਬਾ)

ਭਾਰਤ ਦੇਸ਼ ਵਿਚ 'ਮੰਤ੍ਰ' ਇਕ ਸਰਬ-ਪ੍ਰਿਯ ਪਦ ਹੈ। ਆਮ ਲੋਕਾਂ ਦੇ ਵਿਚਾਰ ਵਿਚ, ਮੰਤ੍ਰ ਉਹ ਸ਼ਬਦ-ਸਮੂਹ ਹੈ, ਜਿਸਦੇ ਇਕ ਖਾਸ ਗਿਣਤੀ ਵਿਚ ਜਾਪ ਕਰ ਲੈਣ ਨਾਲ, ਜੀਵ ਆਪਣੇ ਮਨ ਦੀ ਵੱਡੀ ਤੋਂ ਵੱਡੀ ਮੁਰਾਦ ਪੂਰੀ ਕਰ ਲੈਂਦਾ ਹੈ। ਮੰਤ੍ਰ ਦਾ ਜਾਪੁ ਗਰੀਬ ਨੂੰ ਧੰਨ, ਬੀਮਾਰ ਨੂੰ ਸੇਹਤ, ਕੰਵਾਰੇ ਨੂੰ ਪਤਨੀ ਅਤੇ ਬੇ-ਔਲਾਦ ਵਿਅਕਤੀ ਨੂੰ ਬੱਚੇ ਦੇਣ ਦੀ ਸਮਰੱਥਾ ਰੱਖਦਾ ਹੈ।

ਮੰਤ੍ਰ (ਮੰਤ੍ਰ ਜਾਂ ਮੰਤੜਾ) ਪਦ ਉਸ ਧਾਤੂ ਤੋਂ ਬਣਿਆ ਹੈ ਜਿਸਦੇ ਅਰਥ ਹਨ, ਵਿਚਾਰ ਕਰਨਾ, ਬਲਾਉਣਾ ਜਾਂ ਸਲਾਹ ਕਰਨਾ। ਭਾਰਤੀ ਧਾਰਮਿਕ ਸਾਹਿਤ ਵਿਚ ਇਹ ਪਦ ਵੱਖ ਵੱਖ ਅਰਥਾਂ ਵਿਚ ਵਰਤਿਆ ਹੋਇਆ ਵੇਖਿਆ ਜਾਂਦਾ ਹੈ :—

1. ਵਿਚਾਰ, ਚਿੰਤਨ ਜਾਂ ਅਭਿਯਾਸ ਕਰਨ ਯੋਗ ਪਦ ਜਾਂ ਵਾਕ।
2. ਵਿਚਾਰ ਪੇਸ਼ ਕਰਨ ਦਾ ਸਾਧਨ।
3. ਵੇਦਾਂ ਦਾ ਮੂਲ ਪਾਠ।

ਹਰ ਵੇਦ ਦੇ ਦੋ ਭਾਗ ਹਨ, ਮੰਤ੍ਰ ਅਤੇ ਬ੍ਰਾਹਮਣ। ਮੰਤ੍ਰ ਭਾਗ ਕਵਿਤਾ ਦੇ ਰੂਪ ਵਿਚ ਦਿੱਤੀ ਗਈ ਪ੍ਰਾਰਥਨਾ ਅਤੇ ਉਸਤਤੀ ਤੋਂ ਬਣਦਾ ਹੈ। ਵੇਦ ਦਾ ਵਾਰਤਕ ਭਾਗ, ਜਿਸ ਵਿਚ ਕਰਮ ਕਾਂਡਾਂ ਅਤੇ ਧਾਰਮਿਕ ਸੰਸਕਾਰਾਂ ਦੀ ਵਿਆਖਿਆ ਕੀਤੀ ਹੋਈ ਹੁੰਦੀ ਹੈ, ਨੂੰ ਬ੍ਰਾਹਮਣ ਆਖਿਆ ਜਾਂਦਾ ਹੈ।

4. ਹਿੰਦੂ ਮਤ ਅਨੁਸਾਰ, ਕਿਸੇ ਦੇਵਤਾ ਦੀ ਖੁਸ਼ੀ ਪ੍ਰਾਪਤ ਕਰਨ ਲਈ ਜਾਂ ਕਿਸੇ ਹੋਰ ਕਾਰਜ ਦੀ ਸਿਧੀ ਲਈ ਜਪਣ ਯੋਗ, ਸ਼ਬਦ, ਤੁਕ ਜਾਂ ਵਾਕ।
5. ਸਿਖ ਧਰਮ ਅਨੁਸਾਰ, ਅਕਾਲ ਪੁਰਖ ਦੇ ਲੱਛਣ ਵਰਨਣ ਕਰਨ ਵਾਲਾ ਕੋਈ ਪਦ, ਤੁਕ ਜਾਂ ਵਾਕ।

'ਮੂਲ' ਪਦ ਦੇ ਅਰਥ ਹਨ, ਜੜ, ਮੁੱਢ ਅਤੇ ਅਸਲ।

ਇਸ ਤਰ੍ਹਾਂ 'ਮੂਲ ਮੰਤ੍ਰ' ਦਾ ਅਰਥ ਹੋਇਆ, ਸਾਰੇ ਮੰਤ੍ਰਾਂ ਦੀ ਜੜ੍ਹ, ਸਭ ਤੋਂ ਮੁੱਢਲਾ ਜਾਂ ਬੁਨਿਆਦੀ ਮੰਤ੍ਰ।

'ਮੰਤ੍ਰ' ਭਾਰਤ ਦੇ ਕਈ ਮਜ਼੍ਹਬਾਂ ਦਾ ਸਾਂਝਾ ਸ਼ਬਦ ਹੈ, ਪਰ 'ਮੂਲ ਮੰਤ੍ਰ' ਖਾਸ ਕਰਕੇ ਸਿਖ ਮਤ ਦਾ ਹੀ ਵਾਕਾਂਸ਼ ਹੈ। ਸਿਖ ਮਤ ਦੀ ਧਰਮ ਪੁਸਤਕ ਇਸ ਤਰ੍ਹਾਂ ਆਰੰਭ ਹੁੰਦੀ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

'੧' ਤੋਂ ਲੈ ਕੇ 'ਪ੍ਰਸਾਦਿ' ਤਾਈਂ, ਦੇ ਇਕ ਅੰਕ, ਇਕ ਵਰਣ ਅਤੇ ਬਾਰ੍ਹਾਂ ਪਦਾ ਦੇ ਸਮੂਹ ਨੂੰ, ਸਿਖ ਧਰਮ ਦਾ ਮੂਲ ਮੰਤ੍ਰ ਜਾਂ ਬੁਨਿਆਦੀ ਫਾਰਮੂਲਾ ਕਿਹਾ ਜਾਂਦਾ ਹੈ। ਅਸਲ ਵਿਚ, ਇਹ ਮੰਤ੍ਰ ਉਹ ਨੀਂਹ-ਪੱਥਰ ਹੈ ਜਿਸ ਉੱਪਰ ਸਿਖੀ ਦੇ ਵਿਸ਼ਾਲ ਭਵਨ ਦੀ ਚਿਣਾਈ ਕੀਤੀ ਗਈ ਹੈ। ਇਸ ਮੰਤ੍ਰ ਦੇ ਥੋੜੇ ਜੇਹੇ ਅੱਖਰਾਂ ਵਿਚ ਉਹ ਮੂਲ ਧਾਰਮਿਕ ਸਿਧਾਂਤ ਛੁਪੇ ਹੋਏ ਹਨ ਜਿਨ੍ਹਾਂ ਦੇ ਆਧਾਰ ਤੇ ਸਿਖ ਧਰਮ ਦਾ ਸਾਰਾ ਸੁੰਦਰ ਸਦਨ ਖੜਾ ਹੋਇਆ ਹੈ।

ਮੂਲ ਮੰਤ੍ਰ ਦੇ ਅਰਥ ਇਸ ਪ੍ਰਕਾਰ ਹਨ :

### ੴ

ਓਅੰਕਾਰ ਉਹ ਸਰਵ-ਪ੍ਰਧਾਨ ਹੋਂਦ(ਹਸਤੀ ਜਾਂ ਸੱਚ) ਹੈ ਜੋ ਇਕ ਹੈ, ਅਤੇ ਆਪਣੇ ਅਸਲ ਤੱਤ ਵਿਚ ਨਿਰ-ਆਕਾਰ ਹੈ।

### ਸਤਿ ਨਾਮੁ

ਜਿਸਦਾ ਨਾਮ ਸਦਾ ਰਹਿਣ ਵਾਲਾ(ਅਮਰ) ਹੈ।

### ਕਰਤਾ

ਜੋ ਸ੍ਰਿਸ਼ਟੀ ਦਾ ਰਚਣਹਾਰ ਹੈ।

### ਪੁਰਖੁ

ਜੋ ਬੁੱਧੀ, ਭਾਵ ਅਤੇ ਇੱਛਾ ਸ਼ਕਤੀ ਰੱਖਣ ਵਾਲੀ ਜਿਉਂਦੀ ਜਾਗਦੀ ਹਸਤੀ ਹੈ।

### ਨਿਰਭਉ ਨਿਰਵੈਰੁ

ਉਹ ਹਰ ਪ੍ਰਕਾਰ ਦੇ ਡਰ ਤੋਂ ਰਹਿਤ ਅਤੇ ਵੈਰ-ਵਿਰੋਧ ਦੇ ਅੰਸ਼ ਤੋਂ ਮੁਕਤ ਹੈ।

### ਅਕਾਲ ਮੂਰਤਿ

ਉਸ ਦਾ ਸਰੂਪ ਸਮੇਂ ਦੇ ਅਦਲ-ਬਦਲ ਤੋਂ ਉੱਪਰ ਅਤੇ ਮੌਤ ਦੇ ਗੇੜ ਤੋਂ ਸੁਤੰਤਰ ਹੈ।

### ਅਜੂਨੀ

ਉਸ ਸਰਵ-ਪ੍ਰਧਾਨ ਪੁਰਖ ਨੂੰ ਹੋਂਦ ਵਿਚ ਆਉਣ ਲਈ (ਮਨੁੱਖ ਵਾਂਗ) ਇਸਤਰੀ ਦੇ ਗਰਭ ਵਿਚ ਪੈਣ ਦੀ ਲੋੜ ਨਹੀਂ ਪਈ।

(ਫੇਰ ਉਹ ਕਿਸ ਤਰਾਂ ਹੋਂਦ ਵਿਚ ਆਇਆ ?)

### ਸੈਭੰ

ਉਹ ਆਪਣੇ ਆਪ ਤੋਂ ਉਪਜੀ ਹੋਈ (self caused) ਹਸਤੀ ਹੈ, ਅਤੇ

### ਗੁਰ ਪ੍ਰਸਾਦਿ।

(ਉਸ ਵਚਿੱਤਰ ਪੁਰਖ ਨੂੰ) ਕੇਵਲ ਗੁਰੂ ਦੀ ਕ੍ਰਿਪਾ (ਦੁਆਰਾ ਦਿੱਤੇ ਹੋਏ ਉਪਦੇਸ਼) ਰਾਹੀਂ (ਜਾਣਿਆ ਅਤੇ ਪ੍ਰਾਪਤ ਕੀਤਾ ਜਾ ਸਕਦਾ ਹੈ)।

ਇਹ ਮੰਤਰ ਜੋ ਜਪੁ, ਆਸਾ ਦੀ ਵਾਰ, ਸਲੋਕ ਸਹਸਕ੍ਰਿਤੀ ਅਤੇ ਹੋਰ ਸ਼ਬਦ-ਸੰਗ੍ਰਹਾਂ ਦੇ ਆਰੰਭ ਵਿਚ ਮੁਖਬੰਧ (prologue) ਦੇ ਰੂਪ ਵਿਚ ਆਉਂਦਾ ਹੈ, ਆਪਣੇ ਪੂਰੇ ਜਾਂ ਛੋਟੇ ਰੂਪ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 568 ਵਾਰ ਵਰਤਿਆ ਗਿਆ ਹੈ। ਗੁਰਬਾਣੀ ਅੰਦਰ ਇਸ ਦੀ ਬਹੁ-ਵਰਤੋਂ ਇਸ ਦੇ ਮਹਾਨ ਮਹੱਤਵ ਦੀ ਪ੍ਰਤੀਕ ਹੈ। ਸਿਖ ਸ਼ਾਤਰਾਂ ਦੇ ਮਨ ਅਤੇ ਚੇਤਨਾ ਅੱਗੇ, ਇਸ ਮੰਤ੍ਰ ਨੂੰ ਵਾਰ ਵਾਰ ਪੇਸ਼ ਕਰਨਾ, ਇਸ ਵਿਚ ਦਿੱਤੀ ਹੋਈ ਸਿੱਖਿਆ ਨੂੰ ਚੰਗੀ ਤਰ੍ਹਾਂ ਦ੍ਰਿੜ ਕਰਵਾਉਣ ਦਾ ਇਕ ਪ੍ਰਭਾਵਸ਼ਾਲੀ ਜਤਨ ਹੈ

## ਮੂਲ ਮੰਤ੍ਰ ਦੇ ਚਾਰ ਰੂਪ

ਸ੍ਰੀ ਗੁਰੂ ਗਰੰਥ ਸਾਹਿਬ ਕਵਿਤਾ ਵਿਚ ਲਿਖਿਆ ਹੋਇਆ ਇਕ ਮਹਾਨ ਸ਼ਬਦ-ਸੰਗ੍ਰਹਿ ਹੈ। ਇਸ ਮਹਾਨ ਸ਼ਬਦ-ਸੰਗ੍ਰਹਿ ਦਾ ਬਹੁਤ ਸਾਰਾ ਭਾਗ (1430 ਪੰਨਿਆਂ ਚੋਂ 1339 ਪੰਨੇ [1]) 31 ਰਾਗਾਂ ਦੇ ਸਿਰਲੇਖਾਂ ਥੱਲੇ ਅੰਕਿਤ ਕੀਤਾ ਹੋਇਆ ਹੈ। ਹਰ ਰਾਗ ਥੱਲੇ ਆਉਣ ਵਾਲੇ ਸ਼ਬਦਾਂ ਨੂੰ ਅੱਗੇ ਸੰਗੀਤ ਸੁਰਾਂ (ਘਰੁ 1, ਘਰੁ 2 ਆਦਿ) ਦੇ ਆਧਾਰ ਤੇ ਵੰਡ ਕੇ ਅੱਡ ਅੱਡ ਲਿਖਿਆ ਗਿਆ ਹੈ। ਸੰਗੀਤ ਸੁਰਾਂ ਤੇ ਆਧਾਰਤ, ਇਸ ਤਰ੍ਹਾਂ ਦੇ ਹਰ ਉਪ-ਸ਼ਬਦ ਸੰਗ੍ਰਹਿ ਦੇ ਆਰੰਭ ਵਿਚ, ਮੂਲ ਮੰਤ੍ਰ ਦੇ ਚਾਰ ਰੂਪਾਂ ਵਿਚੋਂ, ਇਕ ਰੂਪ ਦਿੱਤਾ ਹੋਇਆ ਮਿਲਦਾ ਹੈ। ਮੰਤ੍ਰ ਦੇ ਵੱਖ ਵੱਖ ਰੂਪ ਅਤੇ ਉਹਨਾਂ ਦੀ ਆਦਿ ਗਰੰਥ ਵਿਚ ਵਰਤੋਂ ਦੀ ਗਿਣਤੀ ਇਸ ਪ੍ਰਕਾਰ ਹੈ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। — 33 ਵਾਰ
ੴ ਸਤਿ ਨਾਮੁ ਕਰਤਾ ਪੁਰਖ ਗੁਰ ਪ੍ਰਸਾਦਿ। — 9 ਵਾਰ
ੴ ਸਤਿ ਨਾਮੁ ਗੁਰ ਪ੍ਰਸਾਦਿ। — 1 ਵਾਰ
ੴ ਸਤਿ ਗੁਰ ਪ੍ਰਸਾਦਿ। — 525 ਵਾਰ
ਕੁਲ ਜੋੜ 568 ਵਾਰ

ਇਸ ਸਬੰਧ ਵਿਚ, ਜੋ ਰੀਤ ਆਦਿ ਗਰੰਥ ਦੇ ਸੰਪਾਦਿਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣਾਈ ਹੈ, ਉਹ ਇਸ ਤਰ੍ਹਾਂ ਹੈ। ਮੂਲ ਮੰਤ੍ਰ ਆਪਣੇ ਪੂਰਨ ਰੂਪ ਵਿਚ, ਰਾਗ ਦੇ ਪਹਿਲੇ ਸ਼ਬਦ-ਸੰਗ੍ਰਹਿ ਦੇ ਅਰੰਭ ਵਿਚ, ਪੰਨੇ ਦੀ ਸਿਖਰ ਤੇ, ਬੜੇ ਮੋਟੇ ਅੱਖਰਾਂ ਵਿਚ, ਲਿਖਿਆ ਗਿਆ ਹੈ। ਪਰ ਇਸ ਦੇ ਟਾਕਰੇ ਤੇ ਰਾਗ ਦੇ ਬਾਕੀ ਸਭ ਸ਼ਬਦ-ਸੰਗ੍ਰਹਾਂ ਦਾ ਅਰੰਭ, ਸੰਖੇਪ ਰੂਪ ਦੇ ਮੰਤ੍ਰ ਤੋਂ ਹੁੰਦਾ ਹੈ। ਸੰਖੇਪ ਰੂਪ ਦਾ ਮੂਲ ਮੰਤ੍ਰ ਪੰਨੇ ਦੇ ਮੁੱਢ ਵਿਚ ਨਹੀਂ, ਸਗੋਂ ਪੰਨੇ ਦੇ ਵਿਚਕਾਰ ਕਿਸੇ ਥਾਂ ਤੇ, ਛੋਟੇ ਆਕਾਰ ਦੇ ਅੱਖਰਾਂ ਵਿਚ ਲਿਖਿਆ ਗਿਆ ਹੈ।

ਗੁਰੂ ਜੀ ਵੱਲੋਂ ਉਪਰ ਅੰਕਿਤ ਰੀਤੀ ਦਾ ਸਾਮਾਨਯ ਪ੍ਰਯੋਗ ਨਹੀਂ ਕੀਤਾ ਗਿਆ। ਮੂਲ ਮੰਤ੍ਰ ਦਾ ਪੂਰਾ ਰੂਪ, 3 ਵਾਰ, ਪੰਨੇ ਦੇ ਵਿਚਕਾਰ, ਛੋਟੇ ਅੱਖਰਾਂ ਵਿਚ ਲਿਖਿਆ ਗਿਆ ਹੈ। ਮੰਤ੍ਰ ਦਾ ਸੰਖੇਪ ਰੂਪ, 6 ਵਾਰ, ਮੁੱਖ ਰਾਗ ਦੇ ਆਰੰਭ ਵਿਚ, ਪੰਨੇ ਦੇ ਮੁੱਢ ਵਿਚ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਵੀ ਮਿਲਦਾ ਹੈ।

ਮੂਲ ਮੰਤ੍ਰ ਦੇ ਵੱਖ ਵੱਖ ਰੂਪਾਂ ਵਿਚ ਆਏ ਹੋਏ ਅੰਸ਼ਾਂ ਨੂੰ ਧਿਆਨ ਨਾਲ ਵੇਖੋ। ਇਸਦੇ ਪਹਿਲੇ ਰੂਪ ਵਿਚ ਇਕ ਅੰਕ, ਇਕ ਵਰਣ ਅਤੇ 12 ਪਦ ਵਰਤੇ ਗਏ ਹਨ। ਦੂਜੇ ਰੂਪ ਵਿਚ ਇਕ ਅੰਕ, ਇਕ ਵਰਣ ਅਤੇ 6 ਪਦ ਆਏ ਹਨ। ਤੀਜੇ ਰੂਪ ਵਿਚ ਇਕ ਅੰਕੜਾ, ਇਕ ਵਰਣ, ਅਤੇ 4 ਪਦ ਵੇਖਣ ਵਿਚ ਮਿਲਦੇ ਹਨ। ਮੰਤ੍ਰ ਦੇ ਚੌਥੇ ਰੂਪ ਵਿਚ ਇਕ ਅੰਕੜਾ, ਇਕ ਵਰਣ ਅਤੇ ਕੇਵਲ 3 ਸ਼ਬਦਾਂ ਦੀ ਹੀ ਵਰਤੋਂ ਕੀਤੀ ਗਈ ਹੈ।

ਮੰਤ੍ਰ ਦੇ ਚੌਥੇ ਰੂਪ ਵਿਚ ਇਕ ਹੋਰ ਗਲ ਵੇਖਣ ਵਿਚ ਆਉਂਦੀ ਹੈ। ਏਥੇ ਪਦ 'ਗੁਰੂ ਤੋਂ ਪਹਿਲਾਂ 'ਸਤਿ' ਦਾ ਵਾਧਾ ਕੀਤਾ ਗਿਆ ਹੈ, ਜੋ ਕਿ ਮੰਤ੍ਰ ਦੇ ਪਹਿਲੇ ਤਿੰਨ ਰੂਪਾਂ ਵਿਚ ਲਿਖਿਆ ਹੋਇਆ ਨਹੀਂ ਮਿਲਦਾ।

ਮੰਤ੍ਰ ਦੇ ਵੱਖ ਵੱਖ ਰੂਪਾਂ ਦੀ ਵਰਤੋਂ ਦੀ ਗਿਣਤੀ ਵਲ ਵੀ ਸ਼ਾਤਰ ਨੂੰ ਧਿਆਨ ਦੇਣ ਦੀ ਲੋੜ ਹੈ। ਆਦਿ ਗਰੰਥ ਅੰਦਰ, ਮੰਤ੍ਰ ਦਾ ਸਭ ਤੋਂ ਛੋਟਾ ਰੂਪ 525 ਵਾਰ, ਪਰ ਸਭ ਤੋਂ ਵੱਡਾ ਰੂਪ, ਕੇਵਲ 33 ਵਾਰ ਹੀ ਵਰਤਿਆ ਗਿਆ ਹੈ।

ਮੂਲ ਮੰਤ੍ਰ ਦੇ ਸਬੰਧ ਵਿਚ, ਉਪਰ ਲਿਖੇ ਤੱਤ, ਸਿੱਖ ਸ਼ਾਤਰ ਪ੍ਰਤੀ ਕਿਸ ਗੱਲ ਦੇ ਪ੍ਰਦਰਸ਼ਕ ਹਨ ?

ਜੇ ਆਦਿ ਗਰੰਥ ਅੰਦਰ, ਵੱਡੇ ਰੂਪ ਦੇ ਮੰਤ੍ਰ ਨੂੰ ਇਕਸਾਰ ਮੁੱਖ ਰਾਗ ਦੇ ਆਰੰਭ ਵਿਚ ਪੰਨੇ ਦੀ ਸਿਖਰ ਤੇ ਮੋਟੇ ਅੱਖਰਾਂ ਵਿਚ ਹੀ ਅੰਕਿਤ ਕੀਤਾ ਜਾਂਦਾ, ਅਤੇ ਮੰਤ੍ਰ ਦੇ ਸੰਖਿਪਤ ਰੂਪਾਂ ਨੂੰ ਸਦਾ ਛੋਟੇ ਸ਼ਬਦ-ਸੰਗ੍ਰਹਾਂ ਦੇ ਅਰੰਭ ਵਿਚ ਪੰਨੇ ਦੇ ਵਿਚਕਾਰ ਕਿਸੇ ਥਾਂ ਤੇ ਛੋਟੇ ਅੱਖਰਾਂ ਵਿਚ ਹੀ ਲਿਖਿਆ ਜਾਂਦਾ, ਤਾਂ ਅਸੀਂ ਇਹ ਸਮਝ ਸਕਦੇ ਸਾਂ ਕਿ ਵੱਡੇ ਆਕਾਰ ਦਾ ਮੰਤ੍ਰ ਆਪਣੇ ਅੰਦਰ ਕੋਈ ਐਸੀ ਲੱਛਣ ਵਿਸ਼ੇਸ਼ਤਾ ਰੱਖਦਾ ਹੈ ਜੋ ਛੋਟੇ ਆਕਾਰ ਦੇ ਮੰਤ੍ਰਾਂ ਵਿਚ ਹਾਜ਼ਰ ਨਹੀਂ। ਏਸੇ ਤਰ੍ਹਾਂ, ਜੇ ਵੱਡੇ ਆਕਾਰ ਦਾ ਮੰਤ੍ਰ ਛੋਟੇ ਆਕਾਰ ਦੇ ਮੰਤ੍ਰਾਂ ਦੇ ਮੁਕਾਬਲੇ ਤੇ, ਬਹੁ ਸੰਖਿਆ ਵਿਚ ਵਰਤਿਆ ਜਾਂਦਾ, ਫੇਰ ਵੀ ਅਸੀਂ ਇਹ ਪ੍ਰਭਾਵ ਲੈ ਸਕਦੇ ਸਾਂ ਕਿ ਛੋਟੇ ਆਕਾਰ ਦੇ ਮੰਤ੍ਰਾਂ ਦੇ ਟਾਕਰੇ ਤੇ ਇਸ ਵਿਚ ਕੋਈ ਖਾਸ ਖੂਬੀ ਹੈ। ਪਰ ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ, ਆਦਿ ਗਰੰਥ ਦੇ ਸੰਪਾਦਕ ਨੇ ਮੂਲ ਮੰਤ੍ਰ ਦੀ ਵਰਤੋਂ ਦੇ ਸਬੰਧ ਵਿਚ, ਇਸ ਦੇ ਵੱਡੇ ਆਕਾਰ ਨੂੰ, ਛੋਟੇ ਆਕਾਰਾਂ ਉਪਰ ਕੋਈ ਪ੍ਰਤਿਸ਼ਠਾ ਨਹੀਂ ਦਿੱਤੀ।

ਏਥੇ ਸਾਡੇ ਸਿਖਾਂ ਲਈ ਗ੍ਰਹਿਣ ਕਰਨ ਵਾਲੀ ਜ਼ਰੂਰੀ ਗਲ ਇਹ ਹੈ ਕਿ ਮੂਲ ਮੰਤ੍ਰ ਦੇ ਵੱਡੇ ਅਤੇ ਛੋਟੇ ਰੂਪ ਆਪਣੀ ਵਿਸ਼ੇਸ਼ਤਾ ਵਿਚ ਕੋਈ ਅੰਤਰ ਨਹੀਂ ਰੱਖਦੇ। ਵੱਡੇ ਅਤੇ ਛੋਟੇ ਰੂਪਾਂ ਵਿਚ ਲਿਖੇ ਗਏ ਮੰਤ੍ਰਾਂ ਦੀ ਮਹੱਤਾ ਇਕ ਸਮਾਨ ਹੈ। ਆਦਿ ਗਰੰਥ ਦੇ ਸੰਪਾਦਕ ਨੇ ਮੂਲ ਮੰਤ੍ਰ ਦੇ ਸੰਖਿਪਤ ਰੂਪਾਂ ਦੀ ਵਰਤੋਂ, ਕੇਵਲ ਸੰਜਮ ਜਾਂ ਬਚਤ (economy] ਦੇ ਨਿਯਮ ਨੂੰ ਮੁੱਖ ਰੱਖ ਕੇ ਕੀਤੀ ਹੈ।

ਮੂਲ ਮੰਤ੍ਰ ਦੇ ਸਬੰਧ ਵਿਚ ਇਕ ਕਹਾਣੀ ਪ੍ਰਚਲਤ ਹੈ। ਇਕ ਵਾਰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਦੀ ਸਵਾਰੀ ਕਰਨ ਲੱਗੇ, ਤਾਂ ਉਹਨਾਂ, ਪਾਸ ਖੜੋਤੇ ਸਿੰਘਾਂ ਨੂੰ ਸੰਬੋਧਤ ਕਰ ਕੇ ਕਿਹਾ : "ਕੀ ਤੁਹਾਡੇ ਵਿਚੋਂ ਕੋਈ ਐਸਾ ਸਿੰਘ ਹੈ ਜੋ ਮੇਰਾ ਪੈਰ ਰਕਾਬ ਤੇ ਰੱਖਣ ਅਤੇ ਮੇਰੇ ਕਾਠੀ ਉਪਰ ਬੈਠ ਜਾਣ ਦੇ ਥੋੜੇ ਸਮੇਂ ਵਿਚ, (ਗੁਰੂ) ਗਰੰਥ ਸਾਹਿਬ ਜੀ ਦਾ ਪੂਰਾ ਪਾਠ ਕਰ ਦੇਵੇ ?" ਇਹ ਸੁਣ ਕੇ ਸਿੰਘ ਅਸਚਰਜ ਰਹਿ ਗਏ। ਉਸ ਸਮੇਂ ਸਰਦਾਰ ਧੰਨਾ ਸਿੰਘ ਨੇ ਕਿਹਾ ਕਿ ਜੇ ਆਗਿਆ ਹੋਵੇ ਤਾਂ ਮੈਂ ਯਤਨ ਕਰ ਕੇ ਵੇਖ ਲੈਂਦਾ ਹਾਂ। ਗੁਰੂ ਜੀ, ਰਕਾਬ ਤੇ ਪੈਰ ਰੱਖ, ਘੋੜੇ ਤੇ ਬੈਠਣ ਲੱਗੇ, ਤਾਂ ਧੰਨਾ ਸਿੰਘ ਨੇ ਕਿਹਾ : ੴ ਸਤਿ ਗੁਰ ਪ੍ਰਸਾਦਿ। ਬਾਕੀ ਸਿਖ ਅਜੇ ਵੀ ਨਾ ਸਮਝ ਸਕੇ ਕਿ ਇਕ ਸੰਖੇਪ ਰੂਪ ਦੇ ਮੂਲ ਮੰਤ੍ਰ ਦੇ ਉਚਾਰਣ ਨਾਲ, 1430 ਪੰਨੇ ਦੇ ਗਰੰਥ ਦਾ ਸੰਪੂਰਨ ਪਾਠ ਕਿਸ ਤਰਾਂ ਹੋ ਸਕਦਾ ਹੈ ? ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ (ਗੁਰੂ) ਗਰੰਥ ਸਾਹਿਬ ਤਾਂ ਏਨਾ ਹੀ ਹੈ, ਬਾਕੀ ਸਭ ਬਾਣੀ ਇਸ (ਮੂਲ ਮੰਤ੍ਰ) ਦੀ ਵਿਆਖਿਆ ਹੀ ਹੈ।

ਮੂਲ ਮੰਤ੍ਰ ਦੇ ਚਾਰ ਰੂਪਾਂ ਵਿਚ ਇਕ ਗੱਲ ਸਾਂਝੀ ਮਿਲਦੀ ਹੈ। ਸਭ ਦਾ ਵਿਸ਼ਾ ਇਕ ਅੰਤਮ ਸੱਚ (Ultimate Truth) ਹੈ। ਥੋੜੇ ਜਾਂ ਜ਼ਿਆਦਾ ਅੱਖਰਾਂ ਵਿਚ, ਸਭ ਇਕ ਸਰਵ-ਵਿਆਪਕ ਸੱਚ ਦੇ ਲੱਛਣਾਂ ਦੀ ਹੀ ਉਲੀਕਣਾ ਕਰਦੇ ਹਨ। ਸਿਖ ਸ਼ਾਤਰ ਨੂੰ, ਆਰੰਭ ਵਿਚ, ਅੰਤਮ ਸੱਚ ਦੇ ਉਹ ਸਾਰੇ ਗੁਣ ਗ੍ਰਹਿਣ ਕਰਨ ਦੀ ਲੋੜ ਹੁੰਦੀ ਹੈ ਜਿਨ੍ਹਾਂ ਦਾ ਵਰਨਣ ਲੰਮੇ ਆਕਾਰ ਦੇ ਮੰਤ੍ਰ ਵਿਚ ਕੀਤਾ ਗਿਆ ਹੈ। ਸਹਿਜੇ ਸਹਿਜੇ, ਉਹ ਇਸ ਯੋਗ ਹੋ ਜਾਂਦਾ ਹੈ ਕਿ ਛੋਟੇ ਆਕਾਰ ਦਾ ਮੰਤ੍ਰ (ਜਾਂ ਕੇਵਲ ਅੰਤਮ ਸੱਚ ਦਾ ਨਾਮ) ਮੁਖੋਂ ਉਚਾਰਣ ਜਾਂ ਕੰਨੀ ਸੁਣਨ ਨਾਲ ਹੀ, ਪ੍ਰਮੇਸ਼ਰ ਦੇ ਉਹ ਸਾਰੇ ਲੱਛਣ ਉਸ ਦੇ ਮਨ ਦੇ ਸਾਹਮਣੇ ਆ ਜਾਂਦੇ ਹਨ, ਜੋ ਪਹਿਲਾਂ ਪੂਰੇ ਮੰਤ੍ਰ ਨੂੰ ਪੜ੍ਹਨ ਜਾਂ ਸੁਣਨ ਦੁਆਰਾ ਆਇਆ ਕਰਦੇ ਸਨ।

ਇਹ ਸਾਰੀ ਵਿਚਾਰ ਦਾ ਤਾਤਪਰਜ ਕੀ ਹੋਇਆ ? ਇਹ, ਕਿ '੧ਓ' ਹੀ ਵਾਸਤਵ ਵਿਚ ਸਿਖ ਮਤ ਦਾ ਮੂਲ ਮੰਤ੍ਰ [2] ਹੈ। ਓਅੰਕਾਰ ਪੁਰਖ ਦਾ ਨਾਮ ਹੀ ਸਿਖੀ ਦਾ ਸਭ ਤੋਂ ਵੱਡਾ ਸਿਧਾਂਤ ਹੈ। ਪ੍ਰਮਾਤਮਾ, ਕੇਵਲ ਇਕ ਪ੍ਰਮਾਤਮਾ, ਵਿਚ ਦ੍ਰਿੜ ਵਿਸ਼ਵਾਸ਼ ਰੱਖਣਾ ਹੀ ਸਿਖ ਧਰਮ ਦੀ ਸਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸ਼ਾਤਰਾਂ ਨੂੰ, ਇਹ ਨੁਕਤਾ ਥੱਲੇ ਲਿਖੇ ਅੱਖਰਾਂ ਦੁਆਰਾ ਸਮਝਾਉਣ ਦਾ ਯਤਨ ਕੀਤਾ ਹੈ। ਫਰਮਾਨ ਹੈ :

ਮੂਲ ਮੰਤ੍ਰ ਹਰਿ ਨਾਮੁ ਰਸਾਇਣ,
ਕਹੁ ਨਾਨਕ ਪੂਰਾ ਪਾਇਆ।
(1040 : 18)

ਪ੍ਰਮਾਤਮਾ ਦਾ ਨਾਮ ਹੀ ਉਹ ਮੌਲਿਕ ਸਿਧਾਂਤ, ਅਤੇ ਉਹ ਰਸਾਇਣ ਵਿੱਦਿਆ ਹੈ, ਜਿਸ ਨਾਲ ਜੀਵ ਪੂਰਨ ਪੁਰਖ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਜਾਂਦਾ ਹੈ।

ਉਪਰ ਵਾਲੀ ਤੁਕ ਵਿਚ ਗੁਰੂ ਜੀ ਨੇ ਸਿਖ ਮਤ ਦੇ ਰਸਮੀ ਮੂਲ ਮੰਤ੍ਰ ਦੇ ਕਿਸੇ ਵੀ ਪਦ ਦੀ ਵਰਤੋਂ ਨਹੀਂ ਕੀਤੀ। ਰਸਮੀ ਮੰਤ੍ਰ ਦੇ ਸਭ ਪਦਾਂ ਨੂੰ ਤਿਆਗ, ਇਕ ਬਿਲਕੁਲ ਵੱਖਰੇ ਅੱਖਰ ਨੂੰ ਮੂਲ ਮੰਤ੍ਰ ਦਾ ਦਰਜਾ ਦੇ ਕੇ, ਸ੍ਰੀ ਗੁਰੂ ਨਾਨਕ ਦੇਵ ਜੀ, ਆਪਣੇ ਸ਼ਾਤਰਾਂ ਨੂੰ ਇਕ ਬੜਾ ਅਰਥਪੂਰਨ ਪਾਠ ਦੇ ਰਹੇ ਹਨ। ਪਾਠ ਇਹ ਹੈ : ਸ਼ਾਤਰ ਨੂੰ ਆਪਣੇ ਧਾਰਮਿਕ ਵਿਚਾਰਾਂ ਵਿਚ ਕੱਟੜਤਾ (rigidity) ਤੋਂ ਸਦਾ ਸਾਵਧਾਨ ਰਹਿਣਾ ਹੈ।

ਸਿਖ ਧਰਮ ਗਰੰਥ ਵਿਚ ਵਰਤਿਆ ਹੋਇਆ ਕੋਈ ਪਦ ਜਾਂ ਅੱਖਰ ਆਪਣਾ ਕੋਈ ਨਿਜੀ ਗੁਣ ਨਹੀਂ ਰੱਖਦਾ, ਕੋਈ ਵਾਕਾਂਸ਼ ਜਾਂ ਵਾਕ ਆਪਣੇ ਆਪ ਵਿਚ ਕੋਈ ਮਹੱਤਵ ਨਹੀਂ ਰੱਖਦਾ। ਕਿਸੇ ਅੱਖਰ ਨੂੰ ਗੁਣ ਜਾਂ ਅਵਗੁਣ ਦੇਣ ਵਾਲੀ, ਉਹ ਚੀਜ਼ ਹੈ, ਜਿਸ ਲਈ ਉਹ ਅੱਖਰ ਵਰਤਿਆ ਗਿਆ ਹੈ, ਕਿਸੇ ਵਾਕ ਨੂੰ ਮਹੱਤਵ ਪ੍ਰਦਾਨ ਕਰਨ ਵਾਲਾ, ਉਹ ਤੱਥ ਹੈ, ਜਿਸ ਦਾ ਕਿ ਉਹ ਵਾਕ ਨਿਰਦੇਸ਼ਕ ਹੈ।

ਇਸ ਵਿਸ਼ੇ ਦੇ ਸਬੰਧ ਵਿਚ, ਸਿਖ ਧਰਮ ਦੇ ਬਾਨੀ ਨੇ, ਛਿਲਕੇ ਅਤੇ ਚੋਕਰ ਦੇ ਟਾਕਰੇ ਤੇ, ਗਿਰੀ ਅਤੇ ਗੁੱਦਾ ਦੀ ਵਿਸ਼ੇਸ਼ਤਾ ਨੂੰ ਦਰਸਾਇਆ ਹੈ। ਸਿਖ ਸ਼ਾਤਰ ਨੂੰ ਆਪਣੇ ਗੁਰੂ ਦੀ ਇਸ ਸੰਥਾਂ ਨੂੰ ਯਾਦ ਰੱਖਣ ਦੀ ਲੋੜ ਹੈ। ਇਸ ਸੰਥਾਂ ਦੇ ਚੰਗੀ ਤਰਾਂ ਗ੍ਰਹਿਣ ਕਰ ਲੈਣ ਨਾਲ, ਉਹ ਸਿਖ ਮੱਤ ਦੇ ਬਾਕੀ ਮੰਤ੍ਰਾਂ (ਬੀਜ ਮੰਤ੍ਰ, ਮਹਾਂ ਮੰਤ੍ਰ, ਗੁਰ ਮੰਤ੍ਰ ਆਦਿ) ਦੇ ਸਹੀ ਅਰਥਾਂ ਨੂੰ ਬੜੀ ਸੌਖ ਨਾਲ ਸਮਝਣ ਦੇ ਯੋਗ ਹੋ ਜਾਂਦਾ ਹੈ।

(ਚਲਦਾ)

(1. ਪਹਿਲੇ 13 ਪੰਨਿਆਂ ਤੇ ਜਪੁ, ਰਹਿਰਾਸ ਦੇ 9 ਸ਼ਬਦ ਤੇ ਸੋਹਿਲਾ, ਅਤੇ ਅਖੀਰ ਦੇ 78 ਪੰਨਿਆਂ ਉਪਰ ਸਲੋਕ, ਸਵਯੇ, ਫੁਨਹੇ, ਚਉਬੋਲੇ, ਗਾਥਾ, ਮੁੰਦਾਵਣੀ ਅਤੇ ਰਾਗ ਮਾਲਾ ਦਰਜ ਹਨ। 2. ਭਾਈ ਕਾਹਨ ਸਿੰਘ ਜੀ ਨੇ, ਮਹਾਂ ਕੋਸ਼ ਵਿਚ, ਪੂਰੇ ਆਕਾਰ (ਇਕ ਅੰਕ, ਇਕ ਵਰਣ ਅਤੇ ਬਾਰਾਂ ਪਦਾਂ) ਵਾਲੇ ਮੰਤ੍ਰ ਦੇ ਨਾਲ, 'ਓਅੰਕਾਰ' ਪਦ ਨੂੰ ਵੀ ਮੂਲ ਮੰਤ੍ਰ ਦੱਸਿਆ ਹੈ।)




ਦਲਜੀਤ ਸਿੰਘ ਸਿੱਧੂ

S. & S. INSURANCE

ਇਨ੍ਹਾਂ ਦਾ ਦਫਤਰ ਤੁਹਾਡੀ ਸਹੂਲਤ ਲਈ 6658 Main Street. Vancouver, B.C. (ਜਿੱਥੇ ਪਹਿਲਾਂ ਥਾਨ ਸਾੜ੍ਹੀਜ਼ ਹੁੰਦਾ ਸੀ) ਉਥੇ ਮੂਵ ਹੋ ਗਏ ਹਨ। ਇਹਨਾਂ ਕੋਲੋਂ ਕਾਰਾਂ, ਟਰੱਕਾਂ, ਵੈਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਕਰਾਉਣ ਲਈ ਚਲੇ ਆਓ। ਪਹਿਲਾਂ ਇੰਨ੍ਹਾਂ ਨਾਲ ਗੱਲ ਜ਼ਰੂਰ ਕਰ ਲਓ।

Autoplan
1984 INSURANCE & LICENCE

Ph. 324-2311
324-5711



# FLY WITH US ON JAPANAIR LINES

## ਵੈਨਕੂਵਰ ਤੋਂ ਸਿੱਧੇ 747 ਰਾਹੀਂ ਦਿੱਲੀ ਪੁੱਜੋ




## ਮੁ - ਫ - ਤ - !

### ਬੀ. ਸੀ. ਤੇ ਅਲਬਰਟਾ ਤੋਂ ਮੁਫਤ ਫ਼ੋਨ ਡਾਇਲ ਕਰੋ!

ਬੀ. ਸੀ. ਅਤੇ ਅਲਬਰਟਾ ਦੇ ਕਿਸੇ ਵੀ ਸ਼ਹਿਰ ਵਿਚੋਂ ਬਿਨਾਂ ਪੈਸੇ ਦਿੱਤਿਆਂ ਹੇਠਲੇ ਫ਼ੋਨਾਂ ਤੇ ਫ਼ੋਨ ਕਰਕੇ ਸਸਤੇ ਕਿਰਾਏ ਤੇ ਸੀਟਾਂ ਬੁੱਕ ਕਰਾਓ!

ਮੁਫ਼ਤ ਫ਼ੋਨ ਕਰੋ

B.C. 112-800-663-9079
Alta. 1-800-663-9079

ਅੱਜ ਹੀ ਅਡਵਾਂਸ ਸੀਟ ਬੁੱਕ ਕਰਾਓ, ਤਾਂ ਕਿ ਸਮੇਂ ਸਿਰ ਜਾਣ ਲਈ ਕੋਈ ਉਲਝਣ ਨਾ ਹੋਵੇ!

ਮੁਫ਼ਤ ਫ਼ੋਨ ਕਰੋ



ਸਿੱਖ ਕੌਮ ਦੇ ਪਵਿੱਤਰ ਤੇ ਇਤਿਹਾਸਕ ਸ਼ਸ਼ਤਰ ਕੈਨੇਡਾ ਲਿਆਉਣ ਵਾਲੀ ਏਅਰ ਲਾਈਨ ਰਾਹੀਂ ਸਫਰ ਕਰੋ!

ਹੁਣ ਤੁਸੀਂ ਭਾਰਤ ਜਾਣ ਲਈ ਮੰਗਲਵਾਰ ਤੇ ਵੀਰਵਾਰ ਦੀ ਫਲਾਈਟ ਲੈ ਸਕਦੇ ਹੋ

**VANCOUVER/TOKYO/HONGKONG/MANILA**
**BANKOK/NEW DELHI/LONDON**

***Famous for Orient Hospitality!***

CONTACT:

***JAPAN AIRLINES AUTHORISED AGENTS***

ਜਾਪਾਨ ਏਅਰ ਲਾਈਨਜ਼ ਦੇ ਆਥੋਰਾਈਜ਼ਡ ਏਜੰਟ

# ਗੋਇਲ ਟਰੈਵਲਜ਼ ਇਨਕ

*MULTI-MILLION DOLLAR SELLER*

**4152 FRASER ST., VANCOUVER, B.C. CANADA**

**PHONE: [604]872-7658**